ਬ.ਕ./ਐਮ./10.3.23/10.00

## PUNJAB VIDHAN SABHA

*Friday, the 10th March, 2023*

*The Vidhan Sabha met in the Punjab Vidhan Sabha Hall, Vidhan Bhavan, Sector 1, Chandigarh at 10.00 A.M. Mr. Speaker (Sardar Kultar Singh Sandhwan) in the Chair.*

---------

## ANNOUNCEMENT BY THE SPEAKER

**ਮਾਨਯੋਗ ਸਪੀਕਰ** : ਅੱਜ ਬੜਾ ਭਾਗਾਂ ਵਾਲਾ ਦਿਨ ਹੈ, ਜਿਸ ਦਿਨ ਇਸ ਸਦਨ ਦੇ ਸਾਰੇ ਮਾਨਯੋਗ ਮੈਂਬਰਾਂ ਦਾ ਇਲੈਕਸ਼ਨ ਦਾ ਰਿਜ਼ਲਟ ਆਇਆ ਸੀ। ਸੋ, ਆਪ ਸਭਨਾਂ ਨੂੰ ਇਸ ਦਿਨ ਦੀ ਬਹੁਤ ਬਹੁਤ ਵਧਾਈ।(ਥੰਪਿੰਗ) ਮੈਂ ਕਾਮਨਾ ਕਰਦਾ ਹਾਂ ਕਿ ਜਿਨ੍ਹਾਂ ਆਸਾਂ ਨਾਲ ਪੰਜਾਬੀਆਂ ਨੇ ਆਪ ਸਭ ਨੂੰ ਇੱਥੇ ਪਹੁੰਚਾਇਆ ਹੈ, ਆਪਾਂ ਸਾਰੇ ਉਨ੍ਹਾਂ ਆਸਾਂ ਤੇ ਪੂਰੇ ਉਤਰੀਏ ਔਰ ਪੰਜਾਬ ਨੂੰ ਮੁੜ ਤੋਂ ਰੰਗਲਾ ਪੰਜਾਬ ਬਣਾਈਏ।

------

## STARRED QUESTIONS AND ANSWERS

### ਨਿਸ਼ਾਨ ਵਾਲਾ ਪ੍ਰਸ਼ਨ ਨੰ: 581

(ਮਾਨਯੋਗ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

------

### ਫਤਿਹਗੜ੍ਹ ਸਾਹਿਬ ਦੇ ਪਿੰਡ ਨਬੀਪੁਰ ਵਿਖੇ ਪਸ਼ੂ ਮੰਡੀ ਮੁੜ ਸ਼ੁਰੂ ਕਰਨਾ

***764. ਸਰਦਾਰ ਲਖਬੀਰ ਸਿੰਘ ਰਾਏ** : ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਫਤਿਹਗੜ੍ਹ ਸਾਹਿਬ ਅਧੀਨ ਪੈਂਦੇ ਪਿੰਡ ਨਬੀਪੁਰ ਵਿਖੇ ਕਰੋੜਾਂ ਰੁਪਿਆਂ ਦੀ ਲਾਗਤ ਨਾਲ ਬਣੀ ਪਸ਼ੂ ਮੰਡੀ ਸਥਿਤੀ ਹੈ, ਜੋ ਕਿ ਬਹੁਤ ਲੰਮੇ ਅਰਸੇ ਤੋਂ ਪਸ਼ੂ ਮੰਡੀ ਨਾ ਲੱਗਣ ਕਾਰਨ ਬੰਦ ਪਈ ਹੈ ਅਤੇ ਬਹੁਤ ਖਰਾਬ ਹਾਲਤ ਵਿੱਚ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਇਸ ਮੰਡੀ ਨੂੰ ਮੁੜ ਸ਼ੁਰੂ ਕਰਨ ਸਬੰਧੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਨਹੀਂ ਤਾਂ ਇਸ ਦੇ ਕੀ ਕਾਰਨ ਹਨ; ਵੇਰਵੇ ਸਹਿਤ ਦੱਸਿਆ ਜਾਵੇ।

**ਸਰਦਾਰ ਕੁਲਦੀਪ ਸਿੰਘ ਧਾਲੀਵਾਲ** : ਸ਼੍ਰੀਮਾਨ ਜੀ, ਰਾਜ ਵਿਚ 12 ਆਧੁਨਿਕ ਪਸ਼ੂ ਮੰਡੀਆਂ ਬਣੀਆਂ ਹੋਈਆਂ ਹਨ ਅਤੇ ਇਨ੍ਹਾਂ ਵਿਚੋਂ ਇਕ ਪਸ਼ੂ ਮੰਡੀ ਪਿੰਡ ਨਬੀਪੁਰ, ਜ਼ਿਲ੍ਹਾ ਫਤਿਹਗੜ੍ਹ ਸਾਹਿਬ ਵਿਖੇ ਸਥਿਤ ਹੈ। ਰਾਜ ਦੇ ਪਸ਼ੂਆਂ ਵਿਚ ਲੰਪੀ ਸਕਿਨ ਬਿਮਾਰੀ ਫੈਲਣ ਕਾਰਨ ਅਗਸਤ, 2022 ਵਿਚ ਪਸ਼ੂ ਮੰਡੀਆਂ ਬੰਦ ਕਰ ਦਿੱਤੀਆਂ ਗਈਆਂ ਸਨ। ਹੁਣ ਪਸ਼ੂ ਮੇਲੇ ਨਿਲਾਮ ਹੋਣ ਉਪਰੰਤ ਮੰਡੀਆਂ ਸ਼ੁਰੂ ਹੋ ਗਈਆਂ ਹਨ। ਨਬੀਪੁਰ ਮੰਡੀ ਹਰ ਮਹੀਨੇ ਦੀ 12 ਅਤੇ 18 ਤਾਰੀਖ ਨੂੰ ਲਗਦੀ ਹੈ। ਜੇਕਰ ਇਸ ਮੰਡੀ ਦੀ ਰਿਪੇਅਰ ਦੀ ਜ਼ਰੂਰਤ ਹੋਈ ਤਾਂ ਲੋੜ ਅਨੁਸਾਰ ਰਿਪੇਅਰ ਕਰਵਾ ਦਿੱਤੀ ਜਾਵੇਗੀ।

**ਸਰਦਾਰ ਲਖਬੀਰ ਸਿੰਘ ਰਾਏ** : ਮਾਨਯੋਗ ਸਪੀਕਰ ਸਾਹਿਬ, ਪੇਪਰਾਂ ਵਿੱਚ ਮੰਡੀ 12 ਅਤੇ 18 ਤਰੀਕ ਨੂੰ ਲਗਦੀ ਹੈ ਲੇਕਿਨ ਅਸਲ ਵਿੱਚ ਪਸ਼ੂ ਮੰਡੀ ਠੇਕੇਦਾਰਾਂ ਦਾ ਮਾਫੀਆ ਬਹੁਤ ਵੱਡਾ ਹੈ। ਸਾਲ 2011 ਵਿੱਚ ਪਿੰਡ ਨਵੀਪੁਰ ਵਿਖੇ ਪਸ਼ੂ ਮੰਡੀ ਸ਼ੁਰੂ ਕੀਤੀ ਗਈ ਸੀ ਅਤੇ 7.75 ਕਰੋੜ ਖਰਚ ਕੀਤੇ ਗਏ ਸਨ। ਇਹ ਮੰਡੀ 16 ਏਕੜ ਵਿੱਚ ਬਣਾਈ ਗਈ ਸੀ। ਜੇਕਰ ਅੱਜ ਤੁਸੀਂ ਜਾ ਕੇ ਦੇਖੋਗੇ ਤਾਂ ਇਹ ਖੰਡਰ ਬਣੀ ਪਈ ਹੈ। ਮੈਂ ਮੰਤਰੀ ਸਾਹਿਬ ਤੋਂ ਤੁਹਾਡੇ ਰਾਹੀਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਪਸ਼ੂ ਮੰਡੀ ਠੇਕੇਦਾਰੀ ਮਾਫੀਆ ਹੈ, ਇਸ ਨੂੰ ਖਤਮ ਕਰਨ ਵਾਸਤੇ ਪੰਜਾਬ ਸਰਕਾਰ ਦੀ ਕੋਈ ਤਜਵੀਜ਼ ਹੈ?

**ਮੰਤਰੀ** : ਸਰ, ਮੈਂ ਮੰਡੀਆਂ ਦੀ ਰਿਪੇਅਰ ਬਾਰੇ ਸਵਾਲ ਦਾ ਜਵਾਬ ਤਿਆਰ ਕਰਕੇ ਲਿਆਇਆ ਸੀ। ਜਿਹੜਾ ਮਾਨਯੋਗ ਮੈਂਬਰ ਸਾਹਿਬ ਦਾ ਦੂਜਾ ਸਵਾਲ ਹੈ, ਉਸ ਦਾ ਜਵਾਬ ਮੈਂ ਨਹੀਂ ਲਿਆਇਆ ਪਰ ਮੈਨੂੰ ਅਜਿਹੀ ਕੋਈ ਗੱਲ ਨਹੀਂ ਲੱਗਦੀ। ਜਿਹੜਾ ਮੰਡੀਆਂ ਨੂੰ ਠੀਕ ਕਰਨ ਦਾ ਮਸਲਾ ਹੈ, ਇਸ ਦਾ ਮਾਫੀਆ ਨਾਲ ਕੋਈ ਤਾਅਲੁਕ ਨਹੀਂ ਹੈ, ਇਹ ਕੰਮ ਸਾਡੇ ਮਹਿਕਮੇ ਦਾ ਹੈ। ਜੇ ਇਨ੍ਹਾਂ ਦੀ ਮੰਡੀ ਵਿੱਚ ਕੋਈ ਪ੍ਰਾਬਲਮ ਹੈ, ਸਮੱਸਿਆ ਹੈ ਤਾਂ ਇਸ ਨੂੰ ਪਹਿਲ ਦੇ ਅਧਾਰ ਤੇ ਠੀਕ ਕੀਤਾ ਜਾਵੇਗਾ ਅਤੇ ਜਿੰਨੇ ਵੀ ਪੈਸੇ ਲੱਗਣਗੇ, ਉਹ ਲਗਾ ਕੇ ਇਸ ਨੂੰ ਠੀਕ ਕਰਾਂਗੇ।

------

## ਨਿਸ਼ਾਨ ਵਾਲਾ ਪ੍ਰਸ਼ਨ ਨੰ: 550

(ਮਾਨਯੋਗ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

------

## ਤਲਵਾੜਾ ਦੇ ਪਿੰਡ ਭੰਬੋਤਾੜ, ਹਲੇੜ, ਨੌਰੰਗਪੁਰ, ਟੋਹਲੂ ਤੋਂ ਇਲਾਵਾ ਬਾਕੀ ਪਿੰਡਾਂ ਦਾ ਮਾਲ ਵਿਭਾਗ ਦਾ ਰਿਕਾਰਡ ਬਣਾਉਣਾ

***726. ਸਰਦਾਰ ਕਰਮਬੀਰ ਸਿੰਘ** : ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਦਸੂਹਾ ਦੇ ਤਲਵਾੜਾ ਦੇ ਪਿੰਡ ਭੰਬੋਤਾੜ, ਹਲੇੜ, ਨੌਰੰਗਪੁਰ, ਟੋਹਲੂ ਤੋਂ ਇਲਾਵਾ ਕਈ ਪਿੰਡਾਂ ਦਾ ਮਾਲ ਵਿਭਾਗ ਦਾ ਰਿਕਾਰਡ ਨਹੀਂ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਸਰਕਾਰ ਬਾਕੀ ਪਿੰਡਾਂ ਵਿੱਚ ਮਾਲ ਵਿਭਾਗ ਦਾ ਰਿਕਾਰਡ ਬਣਾਉਣ ਵਾਸਤੇ ਯਤਨਸ਼ੀਲ ਹੈ; ਜੇਕਰ ਹਾਂ ਤਾਂ ਕਦੋਂ ਤੱਕ ਇਹ ਕੰਮ ਸ਼ੁਰੂ ਕੀਤਾ ਜਾਵੇਗਾ?

**ਸ਼੍ਰੀ ਬ੍ਰਮ ਸ਼ੰਕਰ :** ਪਿੰਡ ਟੋਹਲੂ ਅਤੇ ਨੋਰੰਗਪੁਰ ਦਾ ਸਾਰਾ ਮਾਲ ਰਿਕਾਰਡ ਮੌਜੂਦ ਹੈ। ਸਬ ਤਹਿਸੀਲ ਤਲਵਾੜਾ ਦੇ ਪਿੰਡ ਭੰਬੋਤਾੜ, ਹਲੇੜ, ਡੋਹਰ ਅਤੇ ਕੋਠੀ ਦਾ ਚੱਕਬੰਦੀ ਦਾ ਰਿਕਾਰਡ ਨਹੀਂ ਹੈ। ਇਨ੍ਹਾਂ ਪਿੰਡਾਂ ਵਿੱਚੋਂ ਪਿੰਡ ਤਲਵਾੜਾ (ਹਲੇੜ) ਦਾ ਮਾਲ ਰਿਕਾਰਡ ਪੰਜਾਬ ਸਰਕਾਰ ਦੇ ਨੋਟੀਫਿਕੇਸ਼ਨ ਅਨੁਸਾਰ ਤਿਆਰ ਕੀਤਾਜਾ ਚੁੱਕਾ ਹੈ। ਡਾਇਰੇਕਟਰ, ਭੋਂ ਰਿਕਾਰਡ, ਪੰਜਾਬ ਪਾਸੋਂ ਪਿੰਡ ਭੰਬੋਤਾੜ ਦਾ ਮਾਲ ਰਿਕਾਰਡ ਤਿਆਰ ਕਰਨ ਲਈ ਪੰਜਾਬ ਲੈਂਡ ਰੈਵੇਨਿਊ ਐਕਟ, 1887 ਦੀ ਧਾਰਾ 32 ਅਧੀਨ ਤਜਵੀਜ਼ ਮੰਗੀ ਹੋਈ ਹੈ। ਇਸ ਤੋਂ ਇਲਾਵਾ ਡਿਪਟੀ ਕਮਿਸ਼ਨਰ, ਹੁਸ਼ਿਆਰਪੁਰ ਵੱਲੋਂ ਪਿੰਡ ਕੋਠੀ ਅਤੇ ਡੋਹਰ ਦਾ ਮਾਲ ਰਿਕਾਰਡ, ਪਿੰਡ ਤਲਵਾੜਾ ਦੀ ਤਰਜ ਤੇ ਚੱਕਬੰਦੀ ਰਾਹੀਂ ਤਿਆਰ ਕਰਵਾਉਣ ਸਬੰਧੀ ਕਾਰਵਾਈ ਕੀਤੀ ਜਾ ਰਹੀ ਹੈ।

**ਸਰਦਾਰ ਕਰਮਬੀਰ ਸਿੰਘ:** ਮਾਨਯੋਗ ਸਪੀਕਰ ਸਾਹਿਬ, ਮੈਂ ਮਾਨਯੋਗ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇੱਕ ਤਾਂ ਹਲੇੜ ਪਿੰਡ ਦਾ ਜਨਾਬ ਨੇ ਕਿਹਾ ਹੈ ਕਿ ਰਿਕਾਰਡ ਤਿਆਰ ਹੋ ਚੁੱਕਾ ਹੈ ਪਰ ਮੈਂ ਦੱਸਣਾ ਚਾਹੁੰਦਾ ਹਾਂ ਕਿ ਇਹ ਅਜੇ ਤੱਕ ਥੱਲੇ ਗਰਾਊਂਡ ਲੈਵਲ ਤੇ ਇੰਪਲੀਮੈਂਟ ਨਹੀਂ ਹੋਇਆ। ਇਹ ਕਦੋਂ ਤੱਕ ਜਾਰੀ ਹੋ ਜਾਵੇਗਾ ਅਤੇ ਲੋਕਾਂ ਨੂੰ ਇੱਥੋਂ ਪਿੰਡ ਦੀਆਂ ਫਰਦਾਂ ਵਗੈਰਾ ਕਦੋਂ ਤੱਕ ਮਿਲਣੀਆਂ ਸ਼ੁਰੂ ਹੋ ਜਾਣਗੀਆਂ? ਦੂਸਰਾ, ਜਿਹੜਾ ਭੰਬੋਤਾੜ, ਡੋਹਰ ਅਤੇ ਕੋਠੀ ਪਿੰਡ ਦਾ ਰਿਕਾਰਡ ਹੈ, ਕਿਉਂਕਿ ਇਹ ਪਿੰਡ ਕਾਫ਼ੀ ਵੱਡੇ ਹਨ, ਇਨ੍ਹਾਂ ਪਿੰਡਾਂ ਦੀ ਆਬਾਦੀ ਤਕਰੀਬਨ 5000-6000 ਦੀ ਹੈ। ਇੱਥੇ ਫਰਦਾਂ ਨਾ ਮਿਲਣ ਕਰਕੇ ਕੋਈ ਤਕਸੀਮ ਨਹੀਂ ਹੋ ਰਹੀ ਜਿਸ ਕਾਰਨ ਲੋਕਾਂ ਵਿੱਚ ਆਪਸੀ ਲੜਾਈ ਝਗੜੇ ਵਧ ਰਹੇ ਹਨ। ਮੇਰੀ ਬੇਨਤੀ ਹੈ ਕਿ ਇਹ ਕਦੋਂ ਤੱਕ ਕਾਰਵਾਈ ਵਿੱਚ ਲਿਆ ਕੇ ਇੰਪਲੀਮੈਂਟ ਹੋ ਜਾਵੇਗਾ ਜੀ?

**ਮਾਨਯੋਗ ਸਪੀਕਰ:** ਮੰਤਰੀ ਜੀ, ਕਦੋਂ ਤੱਕ ਇਸ ਨੂੰ ਇੰਪਲੀਮੈਂਟ ਕਰ ਲਵੋਗੇ?

**ਮੰਤਰੀ:** ਮਾਨਯੋਗ ਸਰਦਾਰ ਕਰਮਬੀਰ ਸਿੰਘ ਘੁੰਮਣ ਜੀ, ਐਮ.ਐਲ.ਏ. ਸਾਹਿਬ, ਕਿਉਂਕਿ ਤੁਸੀਂ ਹੁਣ ਇਹ ਮਾਮਲਾ ਮੇਰੇ ਧਿਆਨ ਵਿੱਚ ਲਿਆਂਦਾ ਹੈ, ਡੈਫੀਨੇਟਲੀ, ਮੈਂ ਹੁਣੇ ਸਬੰਧਿਤ ਅਧਿਕਾਰੀਆਂ ਨਾਲ ਗੱਲਬਾਤ ਕਰਕੇ, ਇਸ ਵਿੱਚ ਜਿਹੜੀ ਕੋਈ ਬਾਕੀ ਰਹਿੰਦੀ ਕਾਰਵਾਈ ਹੈ, ਉਸ ਨੂੰ ਕੰਪਲੀਟ ਕਰਵਾ ਕੇ ਜਲਦ ਤੋਂ ਜਲਦ

ਮੈਂ ਕਹਿ ਸਕਦਾ ਹਾਂ ਕਿ ਇਸ ਨੂੰ ਮਹੀਨੇ, ਡੇਢ ਮਹੀਨੇ ਜਾਂ ਦੋ ਮਹੀਨੇ ਦੇ ਅੰਦਰ-ਅੰਦਰ ਇਸ ਨੂੰ ਕੰਪਲੀਟ ਕਰਵਾਵਾਂਗੇ, ਅਗਰ ਕੋਈ ਹੋਰ ਫਾਰਮੈਲਟੀ ਬਕਾਇਆ ਨਾ ਹੋਈ, ਅਦਰਵਾਈਜ਼ ਜਲਦ ਹੀ ਕਰਵਾਵਾਂਗੇ।

**ਸਰਦਾਰ ਕਰਮਬੀਰ ਸਿੰਘ :** ਧੰਨਵਾਦ, ਮੰਤਰੀ ਸਾਹਿਬ। ਧੰਨਵਾਦ, ਸਪੀਕਰ ਸਾਹਿਬ।

**ਮਾਨਯੋਗ ਸਪੀਕਰ:** ਇਹ ਗੁਆਂਢੀ ਹੋਣ ਦਾ ਫਾਇਦਾ ਲਗਦਾ ਮੈਨੂੰ। (ਹਾਸਾ)

**ਸਰਦਾਰ ਕਰਮਬੀਰ ਸਿੰਘ :** ਹਾਂ ਜੀ, ਅਸੀਂ ਲਾਗੇ-ਲਾਗੇ (ਨੇੜੇ) ਹਾਂ।

------

**ਨਿਸ਼ਾਨ ਵਾਲਾ ਪ੍ਰਸ਼ਨ ਨੰਬਰ: 723**

**ਮਾਨਯੋਗ ਸਪੀਕਰ :** ਇਹ ਪ੍ਰਸ਼ਨ ਮੁਲਤਵੀ ਕੀਤਾ ਜਾਂਦਾ ਹੈ । **

------

## ਨਗਰ ਕੌਂਸਲ, ਜਲਾਲਾਬਾਦ(ਪ) ਦੀ ਪ੍ਰਾਪਰਟੀ ਕਿਰਾਏ ਤੇ ਦਿੱਤੇ ਜਾਣ ਦੇ ਵੇਰਵੇ

***669. ਸ਼੍ਰੀ ਜਗਦੀਪ ਕੰਬੋਜ ਗੋਲਡੀ**:- ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

(ੳ) ਨਗਰ ਕੌਂਸਲ, ਜਲਾਲਾਬਾਦ(ਪ), ਜ਼ਿਲ੍ਹਾਂ ਫਾਜ਼ਿਲਕਾ ਕੋਲ ਕਿਹੜੀ ਕਿਹੜੀ ਅਤੇ ਕਿਸ ਸ਼੍ਰੇਣੀ ਦੀ ਪ੍ਰਾਪਰਟੀ ਹੈ,

(ਅ) ਕੀ ਇਸ ਪ੍ਰਾਪਰਟੀ ਨੂੰ ਨਗਰ ਕੌਂਸਲ ਜਲਾਲਾਬਾਦ (ਪ) ਵੱਲੋਂ ਕਿਰਾਏ ਤੇ ਦਿੱਤਾ ਹੋਇਆ ਹੈ, ਜੇਕਰ ਹਾਂ ਤਾਂ ਉਨ੍ਹਾਂ ਦੇ ਵੇਰਵੇ ਦਿੱਤੇ ਜਾਣ;

(ੲ) ਹਰੇਕ ਅਲਾਟੀ (ਕਿਰਾਏਦਾਰ) ਕਿੰਨਾ ਕਿਰਾਇਆ ਦੇ ਰਿਹਾ ਹੈ ਅਤੇ ਕਿੰਨੇ ਸਮੇਂ ਬਾਅਦ ਕਿਰਾਇਆ ਵਧਾਇਆ ਜਾਂਦਾ ਹੈ।

**ਡਾਕਟਰ ਇੰਦਰਬੀਰ ਸਿੰਘ ਨਿੱਜਰ:** ਸ਼੍ਰੀਮਾਨ ਜੀ,

(ੳ) ਨਗਰ ਕੌਂਸਲ, ਜਲਾਲਾਬਾਦ ਕੋਲ ਦਫਤਰ ਦੀ ਬਿਲਡਿੰਗ, ਬੱਸ ਸਟੈਂਡ, ਐਸ.ਟੀ.ਪੀ., ਡੰਪ ਸਾਇਟ, 8 ਵਾਟਰ ਵਰਕਸ, 2 ਪਾਰਕ, 1 ਕਮਿਊਨਟੀ ਹਾਲ, 1 ਓਪਨ ਥੀਏਟਰ, 144 ਦੁਕਾਨਾਂ/ਪਲਾਟ ਹੈ, ਜੋ ਕਿ ਕਮਰਸ਼ੀਅਲ ਸ਼੍ਰੇਣੀ ਦੇ ਹਨ।

** For Starred Questions No. 723 and reply thereto, please see Page No. 31 to this Debates.

(ਅ) ਨਗਰ ਕੌਂਸਲ ਵੱਲੋਂ 143 ਦੁਕਾਨਾਂ/ਪਲਾਟਾਂ ਨੂੰ ਕਿਰਾਏ ਤੇ ਦਿੱਤਾ ਗਿਆ ਹੈ, ਕਮਿਊਨਟੀ ਹਾਲ ਨੂੰ 2 ਸਾਲ ਲਈ ਠੇਕੇ ਤੇ ਦਿੱਤਾ ਗਿਆ ਹੈ ਅਤੇ ਬੱਸ ਸਟੈਂਡ ਅੱਡਾ ਫੀਸ ਵਸੂਲੀ ਦਾ ਕੰਮ ਵੀ ਹਰ ਸਾਲ ਠੇਕੇ ਤੇ ਦਿੱਤਾ ਜਾਂਦਾ ਹੈ। ਇਨ੍ਹਾਂ ਦੇ ਵੇਰਵੇ ਅਨੁੱਲਗ-ੳ ਤੇ ਦਿੱਤੇ ਗਏ ਹਨ।

(ੲ) ਨਗਰ ਕੌਂਸਲ ਵੱਲੋਂ 143 ਦੁਕਾਨਾਂ ਨੂੰ ਕਿਰਾਏ ਤੇ ਦਿੱਤਾ ਗਿਆ ਹੈ, ਜਿਸ ਦੇ ਵਰਵੇ ਅਨੁੱਲਗ-ੳ ਵਿੱਚ ਦਰਸਾਏ ਗਏ ਹਨ। ਸਰਕਾਰ ਦੀਆਂ ਹਦਾਇਤਾਂ ਅਨੁਸਾਰ ਨਗਰ ਕੌਂਸਲ ਵੱਲੋਂ ਸਬੰਧਿਤ ਦੁਕਾਨਦਾਰਾਂ ਨਾਲ ਕੀਤੇ ਗਏ ਐਗਰੀਮੈਂਟ ਅਨੁਸਾਰ ਹਰ 3 ਸਾਲਾਂ ਬਾਅਦ 15 ਪ੍ਰਤੀਸ਼ਤ ਕਿਰਾਏ ਵਿੱਚ ਵਾਧਾ ਕੀਤਾ ਜਾਂਦਾ ਹੈ।

**ਅਨੁਲੱਗ**

ਸਪੀਕਰ ਸਾਹਿਬ, ਜਲਾਲਾਬਾਦ ਵਿੱਚ ਇੱਕ ਮਿਊਂਸਪੈਲਿਟੀ ਦੀ ਆਪਣੀ ਬਿਲਡਿੰਗ ਹੈ, ਇੱਕ ਬੱਸ-ਸਟੈਂਡ ਹੈ, ਇੱਕ ਕਮਿਊਨਿਟੀ ਹਾਲ ਹੈ, ਇੱਕ ਓਪਨ ਥੀਏਟਰ ਹੈ ਅਤੇ 144 ਦੁਕਾਨਾਂ ਤੇ ਪਲਾਟ ਹਨ, ਐਸ.ਟੀ.ਪੀ. ਹੈ ਅਤੇ 8 ਵਾਟਰ ਵਰਕਸ ਹਨ। ਸੋ, ਇਨ੍ਹਾਂ ਇਨ੍ਹਾਂ ਦੇ ਕਿਰਾਏ ਨੂੰ ਹਰ ਤੀਜੇ ਸਾਲ 15% ਵਧਾ ਦਿੱਤਾ ਜਾਂਦਾ ਹੈ। ਜਿਹੜਾ ਬੱਸ ਸਟੈਂਡ ਹੈ, ਉਸ ਦੇ ਕਿਰਾਏ ਦੀ ਪਿਛਲੇ ਸਾਲ ਨਵੰਬਰ ਮਹੀਨੇ ਵਿੱਚ ਉਸ ਦੀ ਮਿਆਦ ਪੂਰੀ ਹੋ ਗਈ ਸੀ। ਉਸ ਦਾ ਜਿਹੜਾ ਸਲਾਨਾ ਠੇਕਾ ਹੈ, ਉਹ 8.32 ਲੱਖ ਰੁਪਏ ਹੈ। ਇਸ ਤੋਂ ਬਾਅਦ ਇਸ ਨੂੰ ਨਵੇਂ ਸਿਰਿਓਂ ਠੇਕੇ ਤੇ ਨਹੀਂ ਚੜਾਇਆ ਗਿਆ, 15% ਵਧਾ ਕੇ ਇਹ ਉਸੇ ਠੇਕੇਦਾਰ ਨੂੰ ਦੇ ਦਿੱਤਾ ਹੈ। ਜਦੋਂ ਵੀ ਹੁਣ ਹਾਊਸ ਦੀ ਮੀਟਿੰਗ ਆਵੇਗੀ, ਉਸ ਵਿੱਚ ਉਸ ਨੂੰ ਠੀਕ ਕਰ ਲਿਆ ਜਾਵੇਗਾ।

ਜਿਹੜਾ ਕਮਿਊਨਿਟੀ ਹਾਲ ਹੈ, ਉਸ ਦਾ ਕਿਰਾਇਆ 46 ਲੱਖ ਰੁਪਿਆ ਕਿਰਾਇਆ ਹੈ, ਉਹੀ ਮਿਤੀ 31 ਮਾਰਚ, 2024 ਤੱਕ ਕਿਰਾਏ ਤੇ ਚੜ੍ਹਿਆ ਹੋਇਆ ਹੈ । ਸੋ, ਬਾਕੀ ਜਿਹੜੀਆਂ 144 ਪ੍ਰਾਪਰਟੀਆਂ ਦੀਆਂ ਕਿਰਾਏ ਦੀਆਂ ਲਿਸਟਾਂ ਹਨ, ਉਹ ਨਾਲ ਦੇ ਦਿੱਤੀਆਂ ਹਨ। ਜੇ ਮੈਂਬਰ ਸਾਹਿਬ ਮੇਰੇ ਤੋਂ ਕੁਝ ਹੋਰ ਪੁੱਛਣਾ ਚਾਹੁਣ ਤਾਂ ਮੈਂ ਦੱਸ ਦਿੰਦਾ ਹਾਂ।

**ਸ਼੍ਰੀ ਜਗਦੀਪ ਕੰਬੋਜ ਗੋਲਡੀ:** ਸਪੀਕਰ ਸਾਹਿਬ, ਇਹ ਇਕੱਲਾ ਜਲਾਲਾਬਾਦ ਦਾ ਹੀ ਨਹੀਂ ਸਗੋਂ ਪੂਰੇ ਪੰਜਾਬ ਦੀਆਂ ਕਮੇਟੀਆਂ ਦੇ ਇਹੀ ਹਾਲਾਤ ਹਨ। ਕਈ ਕਈ ਸਾਲ ਹੋ ਗਏ ਹਨ, ਕਿਸੇ ਦੁਕਾਨ ਦਾ ਕਿਰਾਇਆ ਡੇਢ ਸੌ ਰੁਪਿਆ ਹੈ ਅਤੇ ਕਿਸੇ ਦਾ 200 ਰੁਪਏ ਹੈ ਤਾਂ ਹੀ ਸਾਡੀਆਂ ਕਮੇਟੀਆਂ ਲਾਸਿਜ਼ ਵਿੱਚ ਹਨ। ਕੁਝ ਸਬ-ਲੈਟੀਜ ਹਨ, ਜਿਹੜੇ 30-30, 40-40 ਸਾਲ ਹੋ ਗਏ, ਉਹ ਆਪ ਤਾਂ ਕਮੇਟੀ ਨੂੰ 100 ਰੁਪਿਆ ਕਿਰਾਏ ਵਜੋਂ ਦਿੰਦੇ ਹਨ ਪਰ ਅੱਗੇ ਉਨ੍ਹਾਂ ਨੇ 5000 ਤੋਂ 7000 ਰੁਪਏ ਤੱਕ ਦੁਕਾਨਾਂ ਕਿਰਾਏ ਤੇ ਦੇ ਰੱਖੀਆਂ ਹਨ। ਸੋ, ਮੇਰੀ ਇਹ ਬੇਨਤੀ ਹੈ ਕਿ ਸਬ-ਲੈਟੀ ਲਈ ਕੀ ਰੂਲ ਲਾਗੂ ਹਨ? ਇਸ ਸਬੰਧ ਵਿੱਚ ਜਲਦੀ ਤੋਂ ਜਲਦੀ ਕੋਈ

ਸਿਸਟਮ ਬਣਾਇਆ ਜਾਵੇ ਤਾਂ ਕਿ ਸਾਡੀਆਂ ਮਿਊਂਸਿਪਲ ਕਮੇਟੀਆਂ ਬੈਨੇਫਿਟ ਵਿੱਚ ਆ ਸਕਣ। 143 ਦੁਕਾਨਾਂ ਜਲਾਬਾਬਾਦ ਦੀਆਂ ਹਨ, ਜੇ ਇਨ੍ਹਾਂ ਦਾ ਕਿਰਾਇਆ 4000 ਰੁਪਿਆ ਵੀ ਲਗਾਈਏ ਤਾਂ ਇੱਕ ਮਹੀਨੇ ਦਾ ਛੇ ਤੋਂ ਸੱਤ ਲੱਖ ਰੁਪਿਆ ਬਣਦਾ ਹੈ। ਸੋ, ਹੁਣ ਤਾਂ ਸਾਨੂੰ 12 ਲੱਖ ਰੁਪਿਆ ਪੂਰੇ ਸਾਲ ਦਾ ਆਉਂਦਾ ਹੈ। ਕਿੱਥੇ ਸਾਨੂੰ ਇੱਕ ਮਹੀਨੇ ਦਾ ਚਾਰ ਤੋਂ ਪੰਜ ਲੱਖ ਰੁਪਿਆ ਕਿਰਾਏ ਦਾ ਆਇਆ ਕਰੇਗਾ। ਸੋ, ਮੇਰੀ ਮੰਤਰੀ ਸਾਹਿਬ ਨੂੰ ਇਹ ਬੇਨਤੀ ਹੈ ਕਿ ਆਪਾਂ ਕੋਈ ਇਹੋ ਜਿਹਾ ਸਿਸਟਮ ਤਿਆਰ ਕਰੀਏ ਤਾਂ ਕਿ ਇਨ੍ਹਾਂ ਪ੍ਰਾਪਰਟੀਜ਼ ਦਾ ਕਿਰਾਇਆ ਵੀ ਟਾਈਮ ਤੇ ਆਵੇ ਅਤੇ ਜਿਹੜਾ ਕਿਰਾਇਆ ਅੱਜ ਦੇ ਰੇਟ ਦੇ ਹਿਸਾਬ ਨਾਲ ਬਣਦਾ ਹੈ, ਜਿਹੜੇ ਸਬ-ਲੈਟੀਜ਼ ਬੈਠੇ ਹਨ, ਉਨ੍ਹਾਂ ਤੋਂ ਦੁਕਾਨਾਂ ਲੈ ਕੇ ਦੁਬਾਰਾ ਹੋਰ ਕਿਸੇ ਨੂੰ ਵੀ ਕਿਰਾਏ ਤੇ ਦਿੱਤੀਆਂ ਜਾਣ ਤਾਂ ਕਿ ਪਰਾਪਰ ਕਿਰਾਇਆ ਪ੍ਰਾਪਤ ਹੋ ਸਕੇ।

ਹਰਪ੍ਰੀਤ ਸਿੰਘ/ਸ਼ੁਭਮ ਜੈਨ/10.10/10.03.2023

**ਮਾਨਯੋਗ ਸਪੀਕਰ:** ਗੋਲਡੀ ਜੀ, ਤੁਸੀਂ ਕਿੰਨਾ ਕਿਰਾਇਆ ਦੱਸਿਆ ਹੈ ?

**ਸ਼੍ਰੀ ਜਗਦੀਪ ਕੰਬੋਜ ਗੋਲਡੀ:** ਸਪੀਕਰ ਸਾਹਿਬ, ਘੱਟੋ ਘੱਟ ਦੁਕਾਨ ਦਾ ਕਿਰਾਇਆ 250 ਰੁਪਏ ਹੈ ਤੇ ਮੈਕਸੀਮਮ ਕਿਰਾਇਆ 850 ਰੁਪਏ ਹੈ। ਇਹ ਇਕ ਮਹੀਨੇ ਦਾ ਕਿਰਾਇਆ ਹੈ।

**ਮੰਤਰੀ:** ਸਪੀਕਰ ਸਾਹਿਬ, ਇਹ ਸੱਚ ਹੈ ਕਿਉਂਕਿ ਕਈ ਦੁਕਾਨਾਂ 1980-85 ਜਾਂ 1990 ਦੀਆਂ ਬਹੁਤ ਪੁਰਾਣੀਆਂ ਕਿਰਾਏ ਤੇ ਚੜ੍ਹੀਆਂ ਹੋਈਆਂ ਹਨ। ਸੋ, ਕੋਈ ਅਫ਼ਸਰ ਚੰਗਾ ਹੋਣਾ ਜਿਸ ਨੇ ਲਿਖ ਦਿੱਤਾ ਕਿ ਹਰ ਤਿੰਨ ਸਾਲਾਂ ਬਾਅਦ 15 ਫੀਸਦੀ ਕਿਰਾਇਆ ਵੱਧ ਜਾਇਆ ਕਰੇਗਾ ਨਹੀਂ ਤਾਂ ਕਈ ਥਾਵਾਂ ਤੇ ਇਹ ਕਲਾਜ਼ ਵੀ ਨਹੀਂ ਪਾਈ ਹੋਈ। ਇਹ ਗੱਲ ਠੀਕ ਹੈ ਕਿ ਇਹ ਕਿਰਾਏ ਬਹੁਤ ਥੋੜ੍ਹੇ ਹਨ ਅਤੇ ਵੱਧਣੇ ਚਾਹੀਦੇ ਹਨ। ਅਸੀਂ ਇਨ੍ਹਾਂ ਸਾਰੀਆਂ ਮਿਊਂਸਿਪਲ ਕਮੇਟੀਆਂ ਨੂੰ ਮਿਤੀ 11.11.2022 ਨੂੰ ਇਕ ਚਿੱਠੀ ਜਾਰੀ ਕੀਤੀ ਸੀ ਕਿ ਪੰਜਾਬ ਮੈਨੇਜਮੈਂਟ ਐਂਡ ਟਰਾਂਸਫਰ ਆਫ ਮਿਊਂਸਿਪਲ ਪ੍ਰਾਪਰਟੀ ਐਕਟ, 2020 ਦੀ ਧਾਰਾ 7 ਅਧੀਨ ਨਗਰ ਕੌਂਸਲਾਂ ਵੱਲੋਂ ਕਿਰਾਏ ਵਧਾਉਣ ਸਬੰਧੀ ਜਲਦ ਹੀ ਹਾਊਸ ਦੀ ਆਉਣ ਵਾਲੀ ਮੀਟਿੰਗ ਵਿਚ ਇਸ ਮੱਦ ਨੂੰ ਵਿਚਾਰਦੇ ਹੋਏ ਬਣਦੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇ। ਅਸੀਂ ਸਾਰੀਆਂ ਨਗਰ ਕੌਂਸਲਾਂ ਨੂੰ ਦੁਬਾਰਾ ਰਿਮਾਈਂਡਰ ਵੀ ਭੇਜਿਆ ਹੈ ਕਿ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰ ਮਿਊਂਸਿਪਲ ਕਮੇਟੀਆਂ ਨਾਲ ਮਿਲ ਕੇ ਕਿਰਾਏ ਫਿਕਸ ਕਰਨ।ਇਹ ਕਿਰਾਏ ਜ਼ਰੂਰ ਵੱਧਣੇ ਚਾਹੀਦੇ ਹਨ। ਜਿੱਥੇ ਸਬਲੈਟਿੰਗ ਕੀਤੀ ਹੋਈ ਹੈ, ਉਹ ਕਾਨੂੰਨੀ ਤੌਰ ਤੇ ਗਲਤ ਹੈ। ਵੈਸੇ ਤਾਂ ਨਗਰ ਕੌਂਸਲਾਂ ਇੰਡੀਪੈਂਡੈਂਟ ਬਾਡੀਜ਼ ਹੁੰਦੀਆਂ ਹਨ ਪਰ ਅਸੀਂ ਉਨ੍ਹਾਂ ਦਾ ਫਾਲੋਅ ਅੱਪ ਕਰ ਸਕਦੇ ਹਾਂ। ਸੋ, ਸਬਲੈਟਿੰਗ ਵਾਲੀਆਂ ਦੁਕਾਨਾਂ ਖਾਲੀ ਕਰਵਾ ਕੇ ਨਵੇਂ ਸਿਰਿਓਂ ਕਿਰਾਏ ਤੇ ਚਾੜੀਆਂ

ਜਾਣਗੀਆਂ। ਇਹ ਸਹੀ ਗੱਲ ਹੈ ਕਿ ਸਾਨੂੰ ਬਹੁਤ ਸਾਰੇ ਪੈਸੇ ਇੱਥੋਂ ਆ ਸਕਦੇ ਹਨ। ਪਿਛਲੇ ਸਮਿਆਂ ਵਿਚ ਇਸ ਤੇ ਬਹੁਤ ਲਾਪ੍ਰਵਾਹੀ ਹੋਈ ਹੈ ਪਰ ਹੁਣ ਸਾਨੂੰ ਪਤਾ ਲੱਗ ਗਿਆ ਹੈ ਕਿ ਇਹ ਸਮੱਸਿਆ ਹੈ। ਸੋ, ਅਸੀਂ ਜਲਦ ਹੀ ਇਸ ਨੂੰ ਹੱਲ ਕਰਾਂਗੇ।

**ਮਾਨਯੋਗ ਸਪੀਕਰ:** ਵੈਸੇ ਮੰਤਰੀ ਜੀ, ਇਹ ਮੁੱਦਾ ਬਹੁਤ ਗੰਭੀਰ ਹੈ। ਮੇਰੇ ਕੋਟਕਪੂਰਾ ਵਿਚ ਵੀ ਦੁਕਾਨਾਂ 50-50 ਸਾਲ ਪੁਰਾਣੀਆਂ ਬਣੀਆਂ ਹੋਈਆਂ ਹਨ ਅਤੇ ਉਨ੍ਹਾਂ ਦੀ ਰਿਪੇਅਰ ਵੀ ਨਹੀਂ ਹੋ ਰਹੀ, ਉਹ ਨੀਵੀਆਂ ਹੋ ਗਈਆਂ ਹਨ। ਸੋ, ਇਸ ਵਾਸਤੇ ਮੰਤਰੀ ਜੀ, ਵੈਸੇ ਇਹ ਸਵਾਲ ਤਾਂ ਨਹੀਂ ਬਣਦਾ ਪਰ ਮੇਰਾ ਸੁਝਾਅ ਹੈ ਕਿ ਜਿਹੜੇ ਉੱਥੇ ਕਿਰਾਏਦਾਰ ਬੈਠੇ ਹਨ, ਉਨ੍ਹਾਂ ਨੂੰ ਮਾਲਕ ਹੀ ਬਣਾ ਦਿੱਤਾ ਜਾਵੇ, ਇਸ ਨਾਲ ਉਹ ਵੀ ਖੁਸ਼ ਹੋ ਜਾਣਗੇ ਕਿਉਂਕਿ ਜੇਕਰ ਕਿਰਾਏ ਵਧਾਏ ਜਾਣਗੇ ਤਾਂ ਹੋ ਸਕਦਾ ਹੈ ਉਨ੍ਹਾਂ ਦੇ ਮਨ ਵਿਚ ਕੋਈ ਰੋਸ ਪੈਦਾ ਹੋਵੇ। ਸੋ, ਜਾਂ ਤਾਂ ਉਨ੍ਹਾਂ ਨੂੰ ਮਾਲਕ ਹੀ ਬਣਾ ਦਿਓ ਜਾਂ ਉਨ੍ਹਾਂ ਨੂੰ ਦੁਕਾਨਾਂ ਰਿਪੇਅਰ ਕਰਨ ਜਾਂ ਉੱਚੀਆਂ ਕਰਨ ਦੀ ਪਰਮਿਸ਼ਨ ਹੀ ਦੇ ਦਿਓ। ਸੋ, ਕੋਈ ਨੀਤੀ ਬਣਾ ਲਓ।

**ਮੰਤਰੀ:** ਸਪੀਕਰ ਸਾਹਿਬ, ਸਾਡੀ ਦੁਕਾਨਾਂ ਵੇਚਣ ਦੀ ਕੋਈ ਤਜਵੀਜ਼ ਨਹੀਂ ਹੈ। ਕਿਉਂਕਿ ਜਿਹੜਾ ਕਿਰਾਏਦਾਰ ਹੈ, ਉਹ ਕਾਨੂੰਨ ਮੁਤਾਬਿਕ ਦੁਕਾਨ ਨੂੰ ਨਾਂ ਤਾਂ ਰਿਪੇਅਰ ਕਰ ਸਕਦਾ ਹੈ ਨਾਂ ਛੱਤ ਬਦਲ ਸਕਦਾ ਹੈ। ਜੇਕਰ ਦੁਕਾਨ ਦੀ ਛੱਤ ਚੋਣ ਲੱਗ ਪਵੇ ਤਾਂ ਦੁਕਾਨਦਾਰ ਛੱਤ ਬਦਲ ਨਹੀਂ ਸਕਦਾ, ਫਿਰ ਦੁਕਾਨਦਾਰ ਨੂੰ ਦੁਕਾਨ ਖਾਲੀ ਹੀ ਕਰਨੀ ਪੈਂਦੀ ਹੈ। ਸੋ, ਅਸੀਂ ਇਹ ਤਜਵੀਜ਼ ਰੱਖ ਸਕਦੇ ਹਾਂ ਕਿ ਅਸੀਂ ਆਪ ਉਨ੍ਹਾਂ ਦੀਆਂ ਦੁਕਾਨਾਂ ਉੱਚੀਆਂ ਕਰਕੇ ਨਵੇਂ ਸਿਰਿਓਂ ਕਿਰਾਏ ਤੇ ਚਾੜ ਦਈਏ। ਇਸ ਨਾਲ ਦੋਹਾਂ ਧਿਰਾਂ ਦੀ win-win situation ਹੋ ਜਾਵੇਗੀ ਤੇ ਜਿਹੜੇ ਫਰਜ਼ੀ ਦੁਕਾਨਦਾਰ ਹਨ, ਉਹ ਦੁਕਾਨਾਂ ਖਾਲੀ ਕਰ ਜਾਣਗੇ।

**ਮਾਨਯੋਗ ਸਪੀਕਰ:** ਮੰਤਰੀ ਜੀ, ਬਹੁਤ ਧੰਨਵਾਦ।

-----

## ਸਿਵਲ ਹਸਪਤਾਲ ਫਗਵਾੜਾ ਵਿਖੇ ਡਾਕਟਰ ਅਤੇ ਹੋਰ ਸਟਾਫ ਪੂਰਾ ਕਰਨਾ

***748. ਸਰਦਾਰ ਬਲਵਿੰਦਰ ਸਿੰਘ ਧਾਲੀਵਾਲ :** ਕੀ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਸਿਵਲ ਹਸਪਤਾਲ ਫਗਵਾੜਾ ਵਿਖੇ ਐਮ.ਡੀ. ਡਾਕਟਰ (ਦਵਾਈਆਂ ਦੇ ਮਾਹਿਰ) ਅਤੇ ਹੋਰ ਸਟਾਫ ਦੀ ਘਾਟ ਹੈ; ਜੇਕਰ ਅਜਿਹਾ ਹੋਵੇ ਤਾਂ ਇੱਥੇ ਇਹ ਘਾਟ ਕਦੋਂ ਤੱਕ ਪੂਰੀ ਕਰ ਦਿੱਤੀ ਜਾਵੇਗੀ?

**ਡਾਕਟਰ ਬਲਬੀਰ ਸਿੰਘ:** ਸ਼੍ਰੀਮਾਨ ਜੀ, ਹਾਂ ਜੀ, ਸਿਵਲ ਹਸਪਤਾਲ, ਫਗਵਾੜਾ ਵਿਖੇ 02 ਮੈਡੀਕਲ ਅਫਸਰ (ਮੈਡੀਸਨ) ਦੀਆਂ ਅਸਾਮੀਆਂ ਮਨਜ਼ੂਰਸ਼ੁਦਾ ਹਨ, ਜੋ ਕਿ ਖਾਲੀ ਹਨ। ਇਸ ਤੋਂ ਇਲਾਵਾ 07 ਮੈਡੀਕਲ

ਅਫਸਰ (ਸਪੈਸ਼ਲਿਸਟ), 05 ਮੈਡੀਕਲ ਅਫਸਰ (ਜਨਰਲ) ਅਤੇ 39 ਹੋਰ ਸਪੋਰਟਿੰਗ ਸਟਾਫ ਦੀ ਘਾਟ ਵੀ ਹੈ। ਇਨ੍ਹਾਂ ਖਾਲੀ ਅਸਾਮੀਆਂ ਨੂੰ ਭਰਨ ਲਈ ਸਰਕਾਰ ਵੱਲੋਂ ਨੇੜਲੇ ਭਵਿੱਖ ਵਿੱਚ ਕੀਤੀ ਜਾਣ ਵਾਲੀ ਭਰਤੀ ਸਮੇਂ ਵਿਚਾਰ ਲਿਆ ਜਾਵੇਗਾ।

ਸਪੀਕਰ ਸਾਹਿਬ, ਇਹ ਕਹਾਣੀ ਮੇਰਾ ਖਿਆਲ ਹੈ ਕਿ ਹਰ ਵਿਧਾਨ ਸਭਾ ਸੈਸ਼ਨ ਦੀ ਹੈ। ਇਲਾਜ ਲਈ ਤੜਫਦੇ ਲੋਕ, ਸਟਾਫ ਨੂੰ ਉਡੀਕਦੀਆਂ ਢਹਿ ਢੇਰੀ ਹੁੰਦੀਆਂ ਸਰਕਾਰੀ ਹਸਪਤਾਲਾਂ ਦੀਆਂ ਇਮਾਰਤਾਂ। ਪਰ ਇਸ ਵਿਚ ਇਕ ਗੱਲ ਬਹੁਤ ਪਾਜ਼ੇਟਿਵ ਹੋਈ ਹੈ ਕਿ ਖਾਸ ਤੌਰ ਤੇ ਜਿਹੜੇ ਨਵੇਂ ਐਮ.ਐਲ.ਏ. ਚੁਣ ਕੇ ਆਏ ਹਨ, ਉਹ ਆਪਣੇ ਆਪਣੇ ਵਿਧਾਨ ਸਭਾ ਖੇਤਰ ਵਿਚ ਸਿਹਤ ਸੇਵਾਵਾਂ ਨੂੰ ਲੈ ਕੇ ਬਹੁਤ ਚਿੰਤਤ ਹਨ, ਵਿੱਦਿਆ ਨੂੰ ਲੈ ਕੇ ਬਹੁਤ ਸੁਹਿਰਦ ਹਨ, ਰੁਜ਼ਗਾਰ ਨੂੰ ਲੈ ਕੇ ਬਹੁਤ ਸੁਹਿਰਦ ਹਨ। ਉਹ ਪੰਜਾਬ ਦੇ ਭਲੇ ਲਈ, ਬਿਹਤਰੀ ਲਈ ਬਹੁਤ ਸੁਹਿਰਦ ਹਨ ਕਿਉਂਕਿ ਇਹ ਲੋਕਾਂ ਨੂੰ ਜਵਾਬਦੇਹ ਹਨ ਅਤੇ ਮੈਂ ਇਨ੍ਹਾਂ ਨੂੰ ਜਵਾਬਦੇਹ ਹਨ। ਮੈਂ ਇਨ੍ਹਾਂ ਦੇ ਕਟਹਿਰੇ ਵਿਚ ਬਤੌਰ ਸਿਹਤ ਮੰਤਰੀ ਖੜਾ ਹਾਂ ਅਤੇ ਮੇਰੇ ਉੱਪਰ ਮੇਰਾ ਮੁੱਖ ਮੰਤਰੀ ਹੈ, ਜੋ ਪੰਜਾਬ ਨੂੰ ਮੁੜ ਰੰਗਲਾ ਪੰਜਾਬ ਬਣਾਉਣਾ ਚਾਹੁੰਦਾ ਹੈ। ਮੇਰੇ ਜਿਹੜੇ ਹੋਰ ਸਵਾਲ ਵੀ ਲੱਗੇ ਹਨ, ਉਨ੍ਹਾਂ ਵਿਚ ਕਿਹਾ ਗਿਆ ਹੈ ਕਿ ਦਵਾਈਆਂ ਨਹੀਂ ਮਿਲ ਰਹੀਆਂ, ਬਿਲਡਿੰਗ ਠੀਕ ਨਹੀਂ ਹੈ, ਸਟਾਫ ਦੀ ਘਾਟ ਹੈ। ਮੈਂ ਇਹ ਨਹੀਂ ਕਹਿੰਦਾ ਕਿ ਪਿਛਲੀਆਂ ਸਰਕਾਰਾਂ ਨੇ ਕੰਮ ਨਹੀਂ ਕੀਤਾ, ਬਹੁਤ ਵਧੀਆ ਕੰਮ ਕੀਤਾ ਹੈ, ਬਹੁਤ ਵਧੀਆ ਸਕੀਮਾਂ ਬਣਾਈਆਂ ਪਰ ਜਦੋਂ ਉਹ ਸਕੀਮਾਂ ਲਾਗੂ ਕਰਨ ਦਾ ਮੌਕਾ ਆਉਂਦਾ ਸੀ, ਇਲੈਕਸ਼ਨ ਕੋਡ ਲੱਗ ਜਾਂਦਾ ਸੀ ਵਰਨਾ ਸਕੀਮਾਂ ਲਾਗੂ ਹੋ ਜਾਣੀਆਂ ਸਨ। (ਹਾਸਾ)

aman-shubham/10.15/7.3.23

ਮੈਂ ਇਸ ਸਦਨ ਨੂੰ ਅਤੇ ਸਾਰਿਆਂ ਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਅਸੀਂ code ਲੱਗਣ ਤੋਂ ਪਹਿਲਾਂ ਤੁਹਾਨੂੰ ਦਵਾਈਆਂ ਵੀ ਦੇ ਦਿਆਂਗੇ, ਹਸਪਤਾਲਾਂ ਦੀ ਰਿਪੇਅਰ ਵੀ ਕਰਵਾ ਦਿਆਂਗੇ ਅਤੇ ਸਟਾਫ ਵੀ ਪੂਰਾ ਕਰ ਦਿਆਂਗੇ। ਇਸ ਵਿੱਚ ਸਿਰਫ ਇੰਨੀ ਬੇਨਤੀ ਹੈ ਕਿ ਜਦੋਂ ਅਸੀਂ ਡਾਕਟਰ ਰੱਖਣਾ, ਪਰਾਪਰ ਪ੍ਰੋਸੀਜ਼ਰ ਰਾਹੀਂ ਜਿਵੇਂ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਨੂੰ 8 ਮਹੀਨੇ, 10 ਮਹੀਨੇ ਜਾਂ ਸਾਲ ਦਾ ਸਮਾਂ ਲੱਗਦਾ ਹੈ, ਜੇ ਅਸੀਂ ਯੂਨੀਵਰਸਿਟੀ ਵਿੱਚੋਂ ਲਈਏ ਤਾਂ ਵੀ 6 ਮਹੀਨੇ ਦਾ ਸਮਾਂ ਲੱਗਦਾ ਹੈ। ਵੈਸੇ ਪਹਿਲਾਂ ਪੇਪਰ ਲੀਕ ਹੋ ਜਾਂਦਾ ਸੀ, ਹੁਣ ਉਹ ਪ੍ਰਾਬਲ ਸਾਲਵ ਹੋ ਗਈ ਹੈ, ਉਹ ਪਲੱਗ ਹੋ ਗਈ ਹੈ, ਹੁਣ ਇਸ ਤਰ੍ਹਾਂ ਨਹੀਂ ਹੁੰਦਾ ਹੈ। ਅਸੀਂ ਉਸ ਸਾਰੇ ਨੂੰ bypass ਕਰਕੇ walk-in ਕੀਤਾ ਹੈ, ਜਿਹੜੀ ਕਿ ਸਾਨੂੰ ਮਜਬੂਰੀ ਦੇ ਵਿੱਚ ਕਰਨਾ ਪਿਆ ਹੈ। ਜਦੋਂ ਸਾਡੇ ਕੋਲ ਸਪੈਸ਼ਲਿਸਟ ਡਾਕਟਰ ਪਾਸ ਹੁੰਦੇ ਹਨ, ਮੈਂ ਬੇਨਤੀ ਕੀਤੀ ਹੈ ਕਿ ਜਦੋਂ ਵੀ ਸਪੈਸ਼ਲਿਸਟ ਡਾਕਟਰ ਪਾਸ ਹੁੰਦੇ ਹਨ, ਉਨ੍ਹਾਂ ਨੂੰ ਮੇਰੇ ਕੋਲ ਬੁਲਾਉਣਾ ਹੈ, ਉਨ੍ਹਾਂ ਨੂੰ ਚਾਹ ਪਿਲਾਉਣੀ ਹੈ ਅਤੇ ਹੱਥ ਜੋੜਨੇ ਹਨ ਕਿ

ਫਲਾਣੀ ਜਗ੍ਹਾ ਡਾਕਟਰ ਨਹੀਂ ਹੈ, ਉਥੇ ਜਾ ਕੇ ਜੁਆਇੰਨ ਕਰੋ। Instant postings ਕਰਾਂਗੇ। ਧਾਲੀਵਾਲ ਸਾਹਿਬ, ਤੁਹਾਡੇ ਫਗਵਾੜੇ ਦਾ ਹਸਪਤਾਲ ਮੇਨ ਰੋਡ ਦੇ ਉੱਤੇ ਹੈ। ਦੂਜੀ ਗੱਲ, ਯੂਨੀਅਨ ਹੈਲਥ ਮਨਿਸਟਰ ਆਏ ਸੀ, ਉਨ੍ਹਾਂ ਨੂੰ ਮੈਂ ਬੇਨਤੀ ਕੀਤੀ ਸੀ, ਹਾਲਾਂਕਿ ਨਾਰਮਜ਼ ਨਹੀਂ ਹਨ ਪਰ ਜਿੰਨੇ ਪੂਰੇ ਜ਼ਿਲ੍ਹਿਆਂ ਦੇ ਵਿੱਚ ਆਲਰੈਡੀ Trauma centers ਨਹੀਂ ਹਨ, ਉਥੇ Trauma centers ਵੀ ਦਿਆਂਗੇ। ਜਿੰਨੇ ਹਸਪਤਾਲ ਹਨ, ਮੇਰਾ ਪਹਿਲਾਂ ਟਾਰਗੈਂਟ ਇਹ ਹੈ ਕਿ ਸਾਡੇ ਤਿੰਨ ਵੱਡੇ ਮੈਡੀਕਲ ਕਾਲਜ ਹਨ, ਚੌਥਾ ਮੁਹਾਲੀ ਵਾਲਾ ਅਤੇ ਜਿਹੜੇ ਡਿਸਟ੍ਰਿਕਟ ਹਸਪਤਾਲ ਹਨ, ਪਹਿਲਾਂ ਅਸੀਂ ਇਨ੍ਹਾਂ ਨੂੰ ਠੀਕ ਕਰੀਏ। When you have to do many things you have to start with one. ਜਿਹੜੇ ਡਿਸਟ੍ਰਿਕਟ ਹਸਪਤਾਲ ਹਨ ਮੇਰਾ ਪਹਿਲਾ ਟਾਰਗੈਂਟ ਇਹ ਹੈ ਕਿ ਪਹਿਲਾਂ ਇਨ੍ਹਾਂ ਨੂੰ ਚਕਾਚੌਂਦ ਕਰ ਦੇਈਏ। National Accreditation Board for hospital ਦੀਆਂ ਗਾਈਡਲਾਈਨਜ਼ ਹੁੰਦੀਆਂ, ਜਿਹੜੀਆਂ ਕਿ corporate hospitals follow ਕਰਦੇ ਹਨ। ਮੈਂ ਸਾਰਿਆਂ ਨੂੰ ਬੇਨਤੀ ਕੀਤੀ ਹੈ ਕਿ ਉਸ ਦੇ ਟੈੱਸਟੀਮੇਟਸ ਬਣਾਓ, ਸਭ ਤੋਂ ਪਹਿਲਾਂ ਆਪਣੇ ਜਿਹੜੇ District Hospitals ਹਨ they should be A class. Then we will do the Sub-division hospitals, then we will do the Community Health Centres and Primary Health Centres. So, ਅਸੀਂ ਤਿੰਨ ਸਾਲਾਂ ਦੇ ਵਿੱਚ ਇਹ ਸਾਰਾ ਸੈੱਟ ਕਰ ਦਿਆਂਗੇ। ਜਿਹੜਾ ਸਟਾਫ ਹੈ, ਉਸ ਬਾਰੇ ਅਸੀਂ ਕੋਸ਼ਿਸ਼ ਕਰਾਂਗੇ ਕਿ ਇੱਕ ਸਾਲ ਦੇ ਵਿੱਚ ਤੁਹਾਡੇ ਕੋਲ ਹੋਵੇ। ਤਿੰਨ ਕੰਮ ਹੋ ਜਾਣ, ਡਾਕਟਰ ਹੋਵੇ, ਦਵਾਈ ਮਿਲ ਜਾਵੇ, ਟੈੱਸਟ ਉੱਥੇ ਹੋ ਜਾਵੇ। ਇਹ ਮੇਰਾ ਪਹਿਲੇ ਸਾਲ ਦਾ ਟਾਰਗੈਟ ਹੈ। ਬਹੁਤ-ਬਹੁਤ ਧੰਨਵਾਦ।

**ਸਰਦਾਰ ਬਲਵਿੰਦਰ ਸਿੰਘ ਧਾਲੀਵਾਲ:** ਸਪੀਕਰ ਸਾਹਿਬ, ਇਸ ਵਿੱਚ ਇੱਕ ਤਾਂ time ensure ਕਰ ਦਿਓ ਕਿ ਕਦੋਂ ਤੱਕ ਹੋ ਜਾਵੇਗਾ। ਤੁਸੀਂ ਸਟਾਰਟ ਹੀ ਡਿਸਟ੍ਰਿਕਟ ਲੈਵਲ ਤੇ ਕਰ ਰਹੇ ਹੋ, ਸਾਡੀ ਤਾਂ ਸਬ-ਡਵੀਜ਼ਨ ਹੈ, ਸਾਡਾ ਤਾਂ ਨੰਬਰ ਆਲਰੈਡੀ ਲੇਟ ਆਵੇਗਾ। ਇਸ ਦੇ ਵਿੱਚ ਇੱਕ ਹੋਰ ਪ੍ਰਾਬਲਮ ਹੈ ਕਿ ਸਾਡੇ 1 ਜਨਵਰੀ ਤੋਂ ਕੋਈ ਵੀ radiologist ਨਹੀਂ ਹੈ। ਪਬਲਿਕ ਦੀ ਪ੍ਰਾਈਵੇਟ ਸੈਂਟਰਜ਼ ਤੇ ਸਕੈਨ ਲਈ ਕਾਫੀ ਲੁੱਟ-ਖਸੁੱਟ ਹੁੰਦੀ ਹੈ। ਇਸ ਕਰਕੇ ਇਸ ਨੂੰ time bound ਕਰ ਦਿਓ ਕਿਉਂਕਿ ਮੈਂ ਲਾਸਟ ਸੈਸ਼ਨ ਦੇ ਵਿੱਚ ਟਰਾਮਾ ਸੈਂਟਰ ਦੀ ਡਿਮਾਂਡ ਚੁੱਕੀ ਸੀ, ਸੀ.ਐਮ. ਸਾਹਿਬ ਨੇ ਕਿਹਾ ਸੀ ਕਿ ਟਰੌਮਾ ਸੈਂਟਰ ਤਾਂ ਨਹੀਂ ਦਿਆਂਗੇ ਪਰ ਉਸ ਦੀਆਂ ਫੈਸੀਲਿਟੀਜ਼ ਦਿਆਂਗੇ। ਪਰ 6-7 ਮਹੀਨੇ ਨਿਕਲ ਚੁੱਕੇ ਹਨ, ਕੋਈ ਫੈਸੀਲਿਟੀ ਨਹੀਂ ਆਈ ਤੇ 50% ਸਟਾਫ ਉਥੇ absent ਹੈ।

**ਮੰਤਰੀ:** ਸਪੀਕਰ ਸਾਹਿਬ, ਇਸ ਦੇ ਵਿੱਚ ਧਾਲੀਵਾਲ ਸਾਹਿਬ ਤੁਸੀਂ ਮਦਦ ਕਰ ਸਕਦੇ ਹੋ, ਜਿਹੜੇ ਉਥੇ ਤੁਹਾਡੇ ਪ੍ਰਾਈਵੇਟ ਰੇਡੀਓਲੋਜਿਸਟ ਹਨ, ਉਨ੍ਹਾਂ ਨਾਲ ਤੁਸੀਂ ਗੱਲ ਕਰੋ। ਅਸੀਂ ਸਰਵਿਸਿਜ਼ ਆਊਟਸੋਰਸ ਕਰ

ਰਹੇ ਹਾਂ। ਮੈਂ Civil Surgeons ਨੂੰ instructions ਦੇ ਦਿੰਦਾ ਹਾਂ। ਵੈਸੇ ਮੈਂ ਇਹ ਸਿਸਟਮ ਸਾਰੇ ਪੰਜਾਬ ਦੇ ਵਿੱਚ ਹੀ ਬਣਾ ਰਿਹਾ ਹਾਂ। ਅਸੀਂ ਇੱਕ rate contract ਕਰ ਦਿਆਂਗੇ, ਤੁਸੀਂ ਪੰਜਾਬ ਵਿੱਚ ਜਿੱਥੇ ਮਰਜ਼ੀ ਜਾ ਕੇ ਆਪਣਾ ultrasound ਕਰਵਾ ਲਵੋ, ਪੈਸੇ ਉਨ੍ਹਾਂ ਨੂੰ ਗੌਰਮਿੰਟ ਦੇਵੇਗੀ। Patient ਨੂੰ pay ਨਹੀਂ ਕਰਨਾ ਪਵੇਗਾ (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਇੱਕ ਤਾਂ ਇਹ ਕਰ ਦਿਆਂਗੇ ਤੇ ਦੂਜਾ ਜਿਵੇਂ ਤੁਹਾਡੇ ਕੋਲ ਮੈਡੀਕਲ ਸਪੈਸ਼ਲਿਸਟ ਨਹੀਂ ਹੈ, ਤੁਸੀਂ ਆਸੇ ਪਾਸੇ ਦੇਖ ਲਓ। ਉਸ ਦੇ ਵਿੱਚ ਦਿੱਕਤ ਇਹ ਹੈ ਕਿ ਜੇਕਰ ਮੈਂ ਪਟਿਆਲੇ ਵਿਚ ਕਿਸੇ ਨੂੰ ਕਹਾਂਗਾ ਕਿ ਫਗਵਾੜੇ ਜਾਓ ਤਾਂ ਉਹ resign ਕਰ ਦਿੰਦਾ ਹੈ, corporate hospital ਨੂੰ join ਕਰ ਲੈਂਦੇ ਹਾਂ। ਇੱਕ ਤਾਂ ਉਨ੍ਹਾਂ ਦੀ pay revision ਦਾ issue ਹੈ, ਉਹ ਮੈਂ as early as possible fix ਕਰ ਰਿਹਾ ਹਾਂ। ਦੂਸਰਾ, ਤੁਹਾਡੇ ਆਸੇ-ਪਾਸੇ ਜਿਹੜਾ ਕੋਈ ਹਸਪਤਾਲ ਹੈ, ਚਾਹੇ ਕਪੂਰਥਲਾ ਹੋਵੇ, ਚਾਹੇ ਜਲੰਧਰ ਹੋਵੇ, ਜੇ ਉੱਥੇ ਲੋੜ ਤੋਂ ਵੱਧ ਲੱਗੇ ਹੋਏ ਹਨ ਤਾਂ ਮੈਂ ਉਨ੍ਹਾਂ ਨੂੰ ਡੈਪੂਟੇਸ਼ਨ ਤੇ ਲਗਾ ਦਿਆਂਗਾ ਕਿ ਤੁਸੀਂ ਇੱਕ-ਇੱਕ ਦਿਨ ਡਿਊਟੀ ਉਥੇ ਵੀ ਕਰਨੀ ਹੈ। ਤੁਹਾਡੇ ਲੋਕਾਂ ਨੂੰ ਸਰਵਿਸਿਜ਼ ਮਿਲ ਜਾਣ। So we will find a solution. ਤੁਸੀਂ ਕਿਹਾ ਕਿ District Headquarters ਪਰ ਮੈਂ ਨਾਲ ਇਹ ਵੀ ਕਿਹਾ ਹੈ ਕਿ ਤੁਹਾਡਾ ਮੇਨ ਰੋਡ ਤੇ ਹੈ, it's on the National highway. ਦੂਸਰੀ ਵਾਲੀ ਕੈਟਾਗਰੀ ਵਿੱਚ you will get a priority, ਜਦੋਂ ਮੇਰਾ trauma centre ਹੋਵੇਗਾ ਤੇ ਮੈਨੂੰ ਲੱਗੇਗਾ ਕਿ ਕਿਸੇ ਵੀ ਸ਼ਹਿਰ ਨਾਲੋਂ ਜ਼ਿਆਦਾ ਜੇ ਫਗਵਾੜੇ ਵਿੱਚ ਲੋੜ ਹੈ ਤਾਂ ਮੈਂ ਗੌਰ ਕਰ ਲਵਾਂਗਾ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ:** ਸਪੀਕਰ ਸਾਹਿਬ, ਮੈਨੂੰ ਸਪਲੀਮੈਂਟਰੀ ਤਾਂ ਦਿਓ ਜੀ।

**Mr. Speaker:** You will get it. ਡਾਕਟਰ ਸੁੱਖੀ ਸਪਲੀਮੈਂਟਰੀ ਲੈ ਰਹੇ ਹਨ ਜੀ। ਇਸ ਤਰ੍ਹਾਂ ਨਾ ਕਰਿਆ ਕਰੋ ਜੀ।

**ਡਾਕਟਰ ਸੁਖਵਿੰਦਰ ਕੁਮਾਰ ਸੁੱਖੀ:** ਧੰਨਵਾਦ ਸਪੀਕਰ ਸਾਹਿਬ, ਪੰਜਾਬ ਦੇ ਵਿੱਚ 1978 ਦੇ ਵਿੱਚ, ਤੁਸੀਂ ਉਸ ਵੇਲੇ ਸਰਵਿਸ ਵਿੱਚ ਸੀ, ਉਸ ਵੇਲੇ ਪੰਜਾਬ ਦੇਸ਼ ਦੇ ਵਿੱਚ ਸਭ ਤੋਂ ਵਧੀਆ ਸੂਬਾ ਸੀ। ਉਸ ਵੇਲੇ ਜਿਹੜੀਆਂ Subsidiary Health Centre ਖੁੱਲ੍ਹੇ ਸੀ, ਕੋਈ 3000 ਦੇ ਕਰੀਬ ਖੁੱਲ੍ਹੇ ਸੀ। ਇਹ ਵੱਖਰੀ ਗੱਲ ਹੈ ਕਿ ਉਸ ਤੋਂ ਬਾਅਦ deterioration ਹੁੰਦੀ ਗਈ।

ਤ.ਸ. / ਅ.ਗ. / 10.20 / 10.03.2023

ਅੱਜ ਹਾਲਾਤ ਇਹ ਹਨ ਕਿ ਸਾਡੇ ਕੋਲ ਮੈਡੀਕਲ ਸਪੈਸ਼ਲਿਸਟ ਨਹੀਂ ਹੈ, ਸਾਡੇ ਕੋਲ ਸਰਜਨ ਨਹੀਂ ਹੈ। ਮੈਂ ਇਸ ਵਿੱਚ ਇੱਕ ਬੇਨਤੀ ਕਰਨੀ ਚਾਹੁੰਦਾ ਹਾਂ ਅਤੇ ਪੁੱਛਣਾ ਵੀ ਚਾਹੁੰਦਾ ਹਾਂ ਕਿ ਤੁਸੀਂ ਡਾਕਟਰ ਨੂੰ ਪ੍ਰਤੀ ਪੇਸ਼ੈਂਟ 50 ਰੁਪਏ ਦੇਣ ਦੀ ਤਜਵੀਜ਼ ਰੱਖੀ। ਦੂਜੀ ਸਕੀਮ ਹੈ ਕਿ ਜੇਕਰ ਰੇਡਿਓਲੋਜਿਸਟ ਆਉਣਾ ਚਾਹੇ

ਤਾਂ ਪਿਛਲੀਆਂ ਸਰਕਾਰਾਂ ਨੇ ਵੀ 250 ਰੁਪਏ ਪ੍ਰਤੀ ਸਕੈਨ ਦਿੱਤਾ ਜਾਂਦਾ ਸੀ। ਜੇਕਰ ਕੋਈ ਰੇਡਿਉਲਾਜਿਸਟ ਸਰਕਾਰ ਵਿੱਚ ਜੁਆਇੰਨ ਕਰਦਾ ਹੈ ਤਾਂ ਉਸ ਸਿਰਫ 90 ਹਜ਼ਾਰ ਰੁਪਿਆ ਦਿੱਤਾ ਜਾਂਦਾ ਹੈ ਅਤੇ ਪਰ ਜੇਕਰ ਉਹ ਪ੍ਰਾਈਵੇਟ ਜੁਆਇੰਨ ਕਰਦਾ ਹੈ ਤਾਂ ਉਸ ਨੂੰ 4 ਤੋਂ 5 ਲੱਖ ਰੁਪਿਆ ਮਿਲਦਾ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਸਰਕਾਰ ਦੀ ਕੋਈ ਅਜਿਹੀ ਪਰਪੋਜ਼ਲ ਹੈ ਕਿ ਉਨ੍ਹਾਂ ਦੀ ਤਨਖਾਹ ਨੂੰ 90 ਹਜ਼ਾਰ ਰੁਪਏ ਤੋਂ ਵਧਾਇਆ ਜਾਵੇਗਾ ਜਾਂ 250 ਰੁਪਏ ਪ੍ਰਤੀ ਸਕੈਨ ਦੇ ਕੇ ਉਨ੍ਹਾਂ ਨੂੰ ਪ੍ਰਾਈਵੇਟ ਦੇ ਮੁਕਾਬਲੇ ਕੁਝ ਤਰਕਸੰਗਤ ਕੀਤਾ ਜਾਵੇਗਾ ਤਾਂ ਕਿ ਉਹ ਪ੍ਰਾਈਵੇਟ ਪ੍ਰੈਕਟਿਸ ਕਰਨ ਦੀ ਥਾਂ ਸਰਕਾਰੀ ਕੰਮ ਕਰਨ ਅਤੇ ਲੋਕਾਂ ਨੂੰ ਸਹੂਲਤ ਮਿਲ ਸਕੇ। ਕੀ ਅਜਿਹੀ ਕੋਈ ਪਰਪੋਜ਼ਲ ਹੈ?

**ਮੰਤਰੀ** : ਇਹ ਬਹੁਤ ਅੱਛੀ ਸੁਜੈਸ਼ਨ ਹੈ। I have an open mind. ਮੈਨੂੰ ਸਭ ਤੋਂ ਜ਼ਿਆਦਾ ਦਿੱਕਤ ਉਨ੍ਹਾਂ ਡਾਕਟਰਾਂ ਦੀ ਆ ਰਹੀ ਹੈ ਜਿਹੜੇ ਕਿ ਸੁਪਰ ਸਪੈਸ਼ਲਿਸਟ ਹਨ। ਕੋਈ ਵੀ ਨਿਊਰੋਸਰਜਨ ਜਾਂ ਕੋਈ ਹੋਰ ਸਪੈਸ਼ਲਿਸਟ ਹੋਵੇ ਤਾਂ ਉਸ ਨੂੰ ਮਾਰਕੀਟ ਵਿੱਚ straightway 4 ਲੱਖ ਰੁਪਏ ਜਾਂ ਉਸ ਤੋਂ ਵੀ ਵੱਧ ਮਿਲਦੇ ਹਨ। ਉਨ੍ਹਾਂ ਦਾ ਇੰਸੈਂਟਿਵ ਵੀ ਹੁੰਦਾ ਹੈ। ਉਨ੍ਹਾਂ ਦਾ ਸਿਸਟਮ ਅਲੱਗ ਹੈ ਕਿ ਜਿੰਨਾ ਉਹ earn ਕਰਨਾ ਚਾਹੁਣ ਕਰ ਸਕਦੇ ਹਨ, they can go even upto 10 lacs. ਸੋ, ਮੈਂ ਇਸ ਲਈ ਦੋ ਪਰਪੋਜ਼ਲਾਂ ਬਣਾਈਆਂ ਹਨ। ਲੋਕਾਂ ਨੂੰ ਥੋੜ੍ਹਾ ਜਿਹਾ ਸਰਕਾਰੀ ਨੌਕਰੀ ਦਾ charm ਹੁੰਦਾ ਹੈ ਕਿਉਂਕਿ ਪ੍ਰਾਈਵੇਟ ਵਾਲੇ ਬਹੁਤ ਜ਼ਿਆਦਾ ਕੰਮ ਕਰਵਾਉਂਦੇ ਹਨ। ਇਸ ਲਈ ਮੈਂ ਸੋਚਿਆ ਕਿ ਅਸੀਂ ਵੀ ਘੱਟੋ ਘੱਟ 3 ਲੱਖ ਰੁਪਏ ਦੇਈਏ ਅਤੇ ਮੈਂ ਉਨ੍ਹਾਂ ਦੀ ਸੈਲਰੀ 3 ਲੱਖ ਪਰਪੋਜ਼ ਕੀਤੀ ਹੈ। ਇਸ ਦੇ ਨਾਲ ਹੀ ਮੈਂ ਇਹ ਵੀ ਪਰਪੋਜ਼ ਕੀਤਾ ਹੈ even for Specialists also ਜਿਵੇਂ ਕਿ ਕੋਈ 9 ਤੋਂ 3 ਵਜੇ ਤੱਕ ਕੰਮ ਕਰਦੇ ਹਨ ਤਾਂ ਉਹ ਸਰਕਾਰ ਵਾਸਤੇ ਆਪਣੀ ਤਨਖਾਹ ਵਿੱਚ ਕੰਮ ਕਰਨਗੇ। ਸ਼ਾਮ ਨੂੰ ਜੇਕਰ ਉਹ ਕਰਨਾ ਚਾਹੁਣ ਤਾਂ 4 ਤੋਂ 7 ਵਜੇ ਤੱਕ ਆਪਣੀ ਓ.ਪੀ.ਡੀ. ਕਰ ਸਕਦੇ ਹਨ। ਉਸ ਸਮੇਂ ਜੋ ਵੀ ਤੁਸੀਂ earn ਕਰੋਗੇ, ਉਹ straightway ਤੁਹਾਡਾ ਪ੍ਰਾਈਵੇਟ ਕੰਮ ਹੋਵੇਗਾ and for that private OPD you will straightway get 50% of that.ਇਸ ਪਰਪੋਜ਼ਲ ਲਈ ਮੈਂ ਇੱਕ ਡੀ.ਐਮ.ਸੀ. ਦਾ ਮਾਡਲ ਅਤੇ ਇੱਕ ਜੈਪੁਰ ਦਾ ਮਾਡਲ ਸਟੱਡੀ ਕਰ ਰਿਹਾ ਹਾਂ। ਮੈਂ ਸਾਰੇ ਮਾਡਲ ਤਾਂ ਸਟੱਡੀ ਕਰ ਹੀ ਰਿਹਾ ਹਾਂ ਨਾਲ ਦੀ ਨਾਲ ਡਾਕਟਰਾਂ ਨਾਲ ਵੀ ਇੰਟਰਐਕਟ ਕਰ ਰਿਹਾ ਹਾਂ।

ਤੁਹਾਡੇ ਵਾਸਤੇ ਇੱਕ ਬਹੁਤ ਹੀ ਅੱਛੀ ਖਬਰ ਹੈ। ਤੁਹਾਨੂੰ ਪਤਾ ਹੋਵੇਗਾ ਕਿ ਮੈਂ ਨਵਾਂ ਸ਼ਹਿਰ ਵਿੱਚ ਇੰਡੀਅਨ ਮੈਡੀਕਲ ਐਸੋਸੀਏਸ਼ਨ ਦੀ ਮੀਟਿੰਗ ਵਿੱਚ ਗਿਆ ਸੀ, ਤੁਸੀਂ ਵੀ ਉਥੇ ਮੌਜੂਦ ਸੀ। ਉਥੇ ਸਾਡਾ ਇੱਕ ਡਾਇਲਾਗ ਵੀ ਹੋਇਆ ਸੀ। ਕੱਲ੍ਹ ਮੈਨੂੰ ਇੱਕ ਆਰਥੋਪੈਡਿਕਸ ਸਰਜਨ ਮਿਲੇ, ਜਿਹੜੇ ਕਿ ਜੀ.ਐਮ.ਸੀ.ਐਚ. 32 ਤੋਂ ਡਾਇਰੈਕਟਰ ਪ੍ਰਿੰਸੀਪਲ ਰਿਟਾਇਰ ਹੋਏ ਹਨ। ਉਹ ਪ੍ਰੋਮੀਨੈਂਟ ਡਾਕਟਰ ਹਨ। ਡਾਕਟਰ ਸੁਧੀਰ ਹਨ,

He is spending two hours everyday.ਜਿਹੜਾ ਇੱਕ ਹੱਡੀਆਂ ਦਾ ਸਪੈਸ਼ਲਿਸਟ ਡਾਕਟਰ ਹੈ, he has offered his services free of cost. ਉਹ ਰਜਿੰਦਰਾ ਹਸਪਤਾਲ ਵਿੱਚ ਆਪਣੀਆਂ ਸੇਵਾਵਾਂ ਮੁਫਤ ਦੇਣਗੇ। ਇਸ ਤਰ੍ਹਾਂ ਬਹੁਤ ਸਾਰੇ ਡਾਕਟਰ ਹਨ ਜਿਵੇਂ ਕਿ ਕੈਪਟਨ ਬਰਾੜ ਹਨ, ਕੋਟਕਪੂਰੇ ਵਿੱਚ ਡਾਕਟਰ ਰਵੀ ਹੈ, ਬਹੁਤ ਸਾਰੇ ਡਾਕਟਰ ਆਪਣਾ ਟਾਈਮ ਡੋਨੇਟ ਕਰ ਰਹੇ ਹਨ। ਸਗੋਂ ਅਸੀਂ ਵੀ we should lead by example. ਜਿਹੜੇ ਸਾਡੇ ਡਾਕਟਰ ਐਮ.ਐਲ.ਏ. ਹਨ, ਮੈਂ ਉਨ੍ਹਾਂ ਨੂੰ ਕਹਾਂਗਾ ਕਿ ਹਫਤੇ ਵਿੱਚ ਇੱਕ ਦਿਨ ਤੁਸੀਂ ਵੀ ਸਮਾਂ ਡੋਨੇਟ ਕਰ ਦਿਆ ਕਰੋ। ਕਿਸੇ ਨਾ ਕਿਸੇ ਹਸਪਤਾਲ ਚਲੇ ਗਏ ਅਤੇ ਥੋੜ੍ਹਾ ਸਮਾਂ ਲਗਾ ਕੇ ਆਏ। ਇਸ ਨਾਲ ਇੱਕ ਬੜਾ ਅੱਛਾ ਮੈਸੇਜ ਜਾਏਗਾ। ਆਈ.ਐਮ.ਏ. ਦੇ ਕਾਫੀ ਸਾਰੇ ਡਾਕਟਰ, ਤਕਰੀਬਨ 100 ਡਾਕਟਰ they have pledged ਕਿ ਉਹ ਪੰਜਾਬ ਨੂੰ ਰੰਗਲਾ ਪੰਜਾਬ ਬਣਾਉਣ ਲਈ they will donate their time, once a month or once a week. (Thumping) ਇਸ ਸਬੰਧੀ ਵੀ ਲਿਸਟ ਬਣਾ ਰਹੇ ਹਾਂ। ਆਈ.ਐਮ.ਏ. ਦੇ ਪ੍ਰਧਾਨ ਜੀ ਦਾ ਨਾਂ ਵੀ ਭਗਵੰਤ ਸਿੰਘ ਹੈ, ਮੈਂ ਉਨ੍ਹਾਂ ਦਾ ਧੰਨਵਾਦ ਕਰਦਾ ਹਾਂ ਅਤੇ ਉਹ ਵੀ ਇਸ ਸਕੀਮ ਲਈ ਬਹੁਤ ਜ਼ਿਆਦਾ keen ਹਨ।

**ਡਾਕਟਰ ਸੁਖਵਿੰਦਰ ਕੁਮਾਰ ਸੁੱਖੀ :** ਸਰ, ਮੇਰੀ ਇੱਕ ਬੇਨਤੀ ਹੈ ਕਿ ਤੁਹਾਡੇ ਕੋਲ ਜਿੰਨੇ ਵੀ ਸਪੈਸ਼ਲਿਸਟ ਹਨ, ਜਿਹੜੇ ਕਿ ਖਾਸ ਤੌਰ ਤੇ ਪੀ.ਸੀ.ਐਮ.ਐਸ. ਹਨ, ਜਦੋਂ ਉਨ੍ਹਾਂ ਦੀ ਈ.ਐਮ.ਓ. ਦੀ ਡਿਊਟੀ ਲਗਾਈ ਜਾਂਦੀ ਹੈ ਤਾਂ ਡਿਊਟੀ ਕਰਨ ਤੋਂ ਬਾਅਦ ਉਹ ਸਵੇਰੇ ਡਿਊਟੀ ਤੇ ਨਹੀਂ ਆਉਂਦੇ। ਜਿਹੜੇ ਇਸ ਤਰ੍ਹਾਂ ਦੇ ਸਪੈਸ਼ਲਿਸਟ ਡਾਕਟਰ ਹਨ, ਉਨ੍ਹਾਂ ਈ.ਐਮ.ਓ. ਦੀ ਡਿਊਟੀ ਤੋਂ ਛੋਟ ਦੇਣੀ ਚਾਹੀਦੀ ਹੈ ਅਤੇ ਉਨ੍ਹਾਂ ਨੂੰ ਸਪੈਸ਼ਲਿਸਟ ਦੇ ਤੌਰ ਤੇ ਕੰਮ ਕਰਨ ਦਿੱਤਾ ਜਾਣਾ ਚਾਹੀਦਾ ਹੈ। ਦੂਜੀ ਗੱਲ ਹੈ ਕਿ ਬਹੁਤ ਸਾਰੇ ਡਾਕਟਰ 2 ਵਜੇ ਤੱਕ ਕੰਮ ਕਰਦੇ ਹਨ। ਜੇਕਰ ਆਈ.ਐਮ.ਏ. ਰਾਹੀਂ ਬੇਨਤੀ ਕੀਤੀ ਜਾਵੇ ਕਿ ਉਹ ਡਾਕਟਰ 2 ਵਜੇ ਤੋਂ ਬਾਅਦ ਕਿਸੇ ਵੀ ਸਮੇਂ ਇੱਕ ਘੰਟਾ ਦੇ ਸਕਣ ਤਾਂ ਚੰਗਾ ਹੋਵੇਗਾ। ਇਸ ਲਈ ਜੇਕਰ ਤੁਸੀਂ ਆਈ.ਐਮ.ਏ. ਨਾਲ ਟਾਈ ਅੱਪ ਕਰ ਲਉ ਤਾਂ ਇਸ ਦੇ ਬਹੁਤ ਚੰਗੇ ਰਿਜ਼ਲਟ ਆ ਸਕਦੇ ਹਨ।

**ਮੰਤਰੀ** : ਸਪੀਕਰ ਸਾਹਿਬ, ਇਨ੍ਹਾਂ ਦੀ ਇਹ ਸੁਜੈਸ਼ਨ ਵੀ ਚੰਗੀ ਹੈ। ਜਿਹੜੇ ਸਪੈਸ਼ਲਿਸਟ ਡਾਕਟਰ ਹਨ, ਉਨ੍ਹਾਂ ਦੀ ਭਰਤੀ ਨਹੀਂ ਹੋਈ ਅਤੇ ਬਹੁਤ ਪੋਸਟਾਂ ਖਾਲੀ ਪਈਆਂ ਹਨਪਰੰਤੂ ਉਹ ਈ.ਐਮ.ਓ. ਦੀ ਪੋਸਟ ਦੇ ਵਿਰੁੱਧ ਤਨਖਾਹ ਡਰਾਅ ਕਰ ਰਹੇ ਹਨ। ਲੁਧਿਆਣਾ ਵਿੱਚ ਇੱਕ ਪ੍ਰੋਗਰਾਮ national hookup ਤੇ ਵੀ ਚੱਲਿਆ ਸੀ ਜੋ ਕਿ ਸਾਡੇ ਲਈ ਬਹੁਤ embarrassing ਵੀ ਸੀ। ਉਥੇ 19 ਡਾਕਟਰਾਂ ਵਿੱਚੋਂ ਸਿਰਫ 4 ਮੌਜੂਦ ਸਨ ਅਤੇ ਇਨ੍ਹਾਂ ਵਿੱਚੋਂ ਦੋ ਪੀ.ਜੀ. ਕਰਨ ਚਲੇ ਗਏ ਅਤੇ ਸਿਰਫ ਦੋ ਈ.ਐਮ.ਓ. ਰਹਿ ਗਏ ਸਨ। ਉਥੇ 12 ਸਪੈਸ਼ਲਿਸਟ ਡਾਕਟਰ ਲੱਗੇ ਹੋਏ ਹਨ, ਉਹ ਤਨਖਾਹ ਤਾਂ ਈ.ਐਮ.ਓ. ਦੀ ਲੈ ਰਹੇ ਹਨ ਪਰ ਉਹ ਈ.ਐਮ.ਓ. ਦੀ ਡਿਊਟੀ

ਨਹੀਂ ਕਰਦੇ ਹਨ। ਉਹ ਇੱਕ ਚਿੱਠੀ ਲਿਖ ਦਿੰਦੇ ਹਨ ਕਿ ਮੈਂ ਸਪੈਸ਼ਲਿਸਟ ਹਾਂ ਅਤੇ ਮੈਂ ਸਿਰਫ ਸਪੈਸ਼ਲਿਸਟ ਦੀ ਹੀ ਡਿਊਟੀ ਕਰਾਂਗਾ। ਇਸ ਲਈ ਮੈਂ House Job ਵੀ ਪਰਪੋਜ਼ ਕੀਤੀ ਹੈ। ਜਿਹੜਾ ਡਾਕਟਰ ਪੀ.ਜੀ. ਦੀ ਤਿਆਰੀ ਕਰਦਾ ਹੈ ਅਸੀਂ ਉਸ ਨੂੰ ਪੀ.ਜੀ. ਦੀ ਤਿਆਰੀ ਵੀ ਕਰਾਵਾਂਗੇ ਅਤੇ 70 ਹਜ਼ਾਰ ਰੁਪਿਆ ਤਨਖਾਹ ਵੀ ਦਿਆਂਗੇ। ਇਸ ਸਕੀਮ ਦਾ ਨਾਂ Earn while you learn ਹੈ।There will be assured presence. ਜਿਵੇਂਅੰਟਾਲਾਵਾਲੇ ਹਨ ਜਾਂ ਜਿਵੇਂ ਤੁਹਾਡਾ ਹਸਪਤਾਲ ਹੈ, ਐਮਰਜੈਂਸੀ ਵਿੱਚ assured presence ਹੋਵੇਗੀ। ਇਹ ਬਹੁਤ ਅੱਛਾ ਮੁੱਦਾ ਹੈ।

ਸ.ਸ.–ਅ.ਗ./10:25/10.3.2023

ਦੂਜੀ ਗੱਲ ਇਹ ਹੈ ਕਿ ਜਿਹੜੇ ਐਮਰਜੈਂਸੀ ਮੈਡੀਕਲ ਅਫਸਰ ਹਨ, ਅਸੀਂ ਟਰੋਮਾ ਸੈਂਟਰ ਬਣਾ ਰਹੇ ਹਾਂ, ਮਤਲਬ ਇਸ ਵਿੱਚ ਇੱਕ ਤਰ੍ਹਾਂ ਇੱਕ ਸਪੈਸ਼ਲਿਸਟ ਹੁੰਦਾ ਹੈ, ਜਿਸ ਨੂੰ ਅਸੀਂ Critical Care Specialist ਕਹਿੰਦੇ ਹਾਂ, ਉਸ ਯੂਨਿਟ ਨੂੰ ਵੀ Critical Care Unit ਕਹਿੰਦੇ ਹਾਂ। ਉਹ ਕੋਰਸ ਨਹੀਂ ਹੈ। ਮੈਂ ਮੰਤਰੀ ਜੀ ਨੂੰ ਕਿਹਾ, ਉਹ ਮੰਨ ਗਏ ਹਨ। ਅਸੀਂ Critical Care Specialist ਦਾ ਕੋਰਸ ਵੀ ਸ਼ੁਰੂ ਕਰਾਂਗੇ। ਫਿਲਹਾਲ ਅਸੀਂ ਉਨ੍ਹਾਂ ਨੂੰ ਪੀ.ਜੀ.ਆਈ, ਸੈਕਟਰ: 16 ਦੇ ਹਸਪਤਾਲ ਅਤੇ ਜੋ ਵੀ ਕਾਰਪੋਰੇਟ ਹਸਪਤਾਲ ਤੋਂ ਡਾਕਟਰ ਰੱਖਾਂਗੇ, ਅਸੀਂ ਉਨ੍ਹਾਂ ਨੂੰ ਘੱਟੋ-ਘੱਟ ਇੱਕ ਹਫਤੇ ਦੀ hands on training ਦੇਵਾਂਗੇ। ਇਹ ਬਹੁਤ ਜਲਦੀ ਹਾਊਸ ਜਾਬ ਸ਼ੁਰੂ ਹੋ ਜਾਣੀ ਹੈ, this will be implemented in next 2-3 months. There will be assured presence of Doctors backed by telemedicine.

**ਮਾਨਯੋਗ ਸਪੀਕਰ:** ਵੈਸੇ ਤਾਂ ਸਵਾਲ ਹੋਰ ਬਹੁਤ ਹਨ ਪਰ ਇਹ ਸਿਹਤ ਦਾ ਮਸਲਾ ਹੈ, ਮੈਨੂੰ ਲੱਗਦਾ ਹੈ ਕਿ ਰਾਜਾ ਜੀ ਤੁਹਾਡੀ ਪੱਗ ਵੀ ਬਹੁਤ ਸੁਹਣੀ ਲੱਗਦੀ ਹੈ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ:** ਤੁਹਾਡਾ ਬਹੁਤ ਧੰਨਵਾਦ ਜੀ ਕਿ ਤੁਸੀਂ ਬਹੁਤ out of the way ਜਾ ਕੇ ਸਾਡਾ ਮਾਣ-ਸਨਮਾਨ ਕੀਤਾ ਹੈ, ਤੁਹਾਡਾ ਬਹੁਤ ਧੰਨਵਾਦ। ਡਾਕਟਰ ਸਾਹਿਬ, ਸਵਾਲ ਇਹ ਸੀ ਕਿ ਸਿਵਲ ਹਸਪਤਾਲ, ਫਗਵਾੜਾ ਵਿਖੇ ਡਾਕਟਰਜ਼ ਅਤੇ ਹੋਰ ਸਟਾਫ ਪੂਰਾ ਕਰਨ ਵਾਸਤੇ ਅਤੇ ਮੈਨੂੰ ਲੱਗਦਾ ਹੈ ਕਿ ਡਾਕਟਰ ਸਾਹਿਬ ਬਹੁਤ ਚੰਗੇ and he is a very intelligent Minister ਔਰ ਸਾਨੂੰ ਪੂਰਨ ਉਮੀਦ ਹੈ ਕਿ ਜੋ ਇਹ ਕਹਿੰਦੇ ਹਨ, ਉਹ ਕਰਨਗੇ। ਇਨ੍ਹਾਂ ਨੇ ਇੰਟੈਲੀਜੈਂਟ ਤਰੀਕੇ ਨਾਲ ਸਵਾਲ ਦਾ ਜਵਾਬ ਦੇ ਦਿੱਤਾ ਹੈ। ਉਨ੍ਹਾਂ ਨੇ ਪੁੱਛਿਆ ਕਿ ਸਟਾਫ ਕਦੋਂ ਪੂਰਾ ਹੋਵੇਗਾ? ਇਨ੍ਹਾਂ0978 ਨੇ ਕਿਹਾ ਕਿ ਕੋਡ ਲੱਗਣ ਤੋਂ ਪਹਿਲਾਂ ਸਟਾਫ ਪੂਰਾ ਹੋ ਜਾਵੇਗੀ, ਯਾਨੀ ਕਿ ਸਾਢੇ ਚਾਰ ਸਾਲਾਂ ਬਾਅਦ, ਡਾਕਟਰ ਸਾਹਿਬ ਇਹ ਸਾਰੇ ਪੰਜਾਬ ਦੀ ਡਿਮਾਂਡ ਹੈ। ਹਰ ਹਸਪਤਾਲ ਵਿੱਚ ਬੰਦਾ ਨਹੀਂ ਹੈ, ਜੇਕਰ ਸਾਢੇ ਚਾਰ ਸਾਲਾਂ ਬਾਅਦ ਸਟਾਫ ਪੂਰਾ ਹੋਵੇਗਾ ਤਾਂ ਮਰ ਜਾਵਾਂਗੇ।

ਧਾਲੀਵਾਲ ਸਾਹਿਬ (ਦਿਹਾਤੀ ਵਿਕਾਸ ਤੇ ਪੰਚਾਇਤਾਂ ਮੰਤਰੀ, ਸਰਦਾਰ ਕੁਲਦੀਪ ਸਿੰਘ ਧਾਲੀਵਾਲ ਵੱਲ ਇਸ਼ਾਰਾ) ਨੇ ਹੱਸ ਕੇ ਹਾਮੀ ਭਰ ਦਿੱਤੀ ਹੈ। ਕਿਰਪਾ ਕਰਕੇ ਚਾਰ ਜਾਂ ਛੇ ਮਹੀਨੇ ਵਿੱਚ ਸਟਾਫ ਪੂਰਾ ਕੀਤਾ ਜਾਵੇ, I can understand that it's very difficult work ਪਰ ਜ਼ਰੂਰੀ ਐਸ਼ਿਓਰੈਂਸ ਦਿਉ ਕਿ ਸਾਰੇ ਪੰਜਾਬ ਦੇ ਜ਼ਿਲ੍ਹਾ ਹਸਪਤਾਲਾਂ ਅਤੇ ਸਬ-ਡਵੀਜ਼ਨ ਹਸਪਤਾਲਾਂ ਵਿੱਚ ਛੇ ਮਹੀਨਿਆਂ ਵਿੱਚ ਸਟਾਫ ਪੂਰਾ ਕਰ ਦੇਵਾਂਗੇ। ਉਨ੍ਹਾਂ ਨੇ ਇੰਟੈਲੀਜੈਂਟ ਤਰੀਕੇ ਨਾਲ ਕਿਹਾ ਕਿ ਕੋਡ ਲੱਗਣ ਤੋਂ ਪਹਿਲਾਂ ਕਰ ਦਿੱਤਾ ਜਾਵੇਗਾ। ਸੋ, ਪਲੀਜ਼ ਕਿਰਪਾ ਕਰੋ। ਮੈਂ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਕੋਡ ਮਤਲਬ ਸਾਢੇ ਚਾਰ ਸਾਲਾਂ ਬਾਅਦ, ਇਸ ਲਈ ਕੋਈ ਸੀਮਤ ਸਮਾਂ ਕੀਤਾ ਜਾਵੇ ਕਿ ਚਾਰ ਜਾਂ ਛੇ ਮਹੀਨਿਆਂ ਵਿੱਚ ਇਹ ਕੰਮ ਕੀਤਾ ਜਾਵੇਗਾ।

**ਮਾਨਯੋਗ ਸਪੀਕਰ:** ਡਾਕਟਰ ਬਲਬੀਰ ਸਿੰਘ ਜੀ, ਇਹ ਕੋਡ ਵਾਲੀ ਗੱਲ ਨੂੰ ਚੰਗੀ ਤਰ੍ਹਾਂ ਐਕਸਪਲੇਨ ਕਰੋ ਜੀ।

**ਮੰਤਰੀ:** ਇਨ੍ਹਾਂ ਦੀਆਂ ਬਹੁਤ ਅੱਛੀਆਂ ਪਰਪੋਜ਼ਲਾਂ ਹਨ, ਮੈਂ ਸਾਰੀਆਂ ਮੰਨ ਲਈਆਂ ਹਨ। ਕੋਡ ਪਹਿਲਾਂ ਪਾਰਲੀਮੈਂਟ ਵਿੱਚ ਵੀ ਲੱਗਣਾ ਹੈ, ਉਸ ਤੋਂ ਪਹਿਲਾਂ ਕਰ ਦੇਵਾਂਗੇ। ਦੂਜੀ ਗੱਲ, ਇਨ੍ਹਾਂ ਨੇ ਮੈਨੂੰ ਛੇ ਮਹੀਨੇ ਦਿੱਤੇ ਹਨ, ਮੈਂ ਪ੍ਰਧਾਨ ਜੀ ਦੀ ਗੱਲ ਮੰਨ ਲਈ ਹੈ ਜੀ। ਜਿਹੜਾ ਐਮਰਜੈਂਸੀ ਇਲਾਜ ਹੈ, ਉਹ ਪੂਰਾ ਕਰ ਦੇਵਾਂਗੇ। ਮੈਂ ਤੁਹਾਡੀ ਗੱਲ ਮੰਨ ਲਈ ਹੈ ਜੀ।

**ਮਾਨਯੋਗ ਸਪੀਕਰ:** ਮਾਨਯੋਗ ਲੀਡਰ ਆਫ ਦਿ ਆਪੋਜ਼ੀਸ਼ਨ ਕੁਝ ਕਹਿਣਾ ਚਾਹੁੰਦੇ ਹਨ।

**Sardar Partap Singh Bajwa:** Sir, Dr. Balbir Singh is a very-very good Health Minister, one of the few choices that the AAP has made, ਜਿਹੜੀ ਕੁਝ ਚੰਦ ਚੰਗੀਆਂ ਹਨ, ਉਨ੍ਹਾਂ ਵਿੱਚੋਂ ਇਹ ਇੱਕ ਹੈ (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)। ਅੱਛੀ ਚੁਆਇਸ ਹੈ ਪਰ ਮੈਂ ਤੁਹਾਨੂੰ ਡਾਕਟਰ ਸਾਹਿਬ ਇਹ ਪੁੱਛਣਾ ਚਾਹੁੰਦਾ ਹਾਂ ਕਿ ਤਕਰੀਬਨ ਤੁਹਾਨੂੰ 650 ਕਰੋੜ ਰੁਪਏ ਤੋਂ ਵੱਧ ਪੈਸਾ ਆਯੂਸ਼ਮਾਨ ਭਾਰਤ ਤੋਂ ਆ ਰਿਹਾ ਹੈ। ਜਿਹੜੇ ਉੱਥੋਂ ਦਾ ਹੈਲਥ ਮਨਿਸਟਰ ਹੈ, ਉਸ ਨੇ ਗੱਲ ਕਲੀਅਰ ਕਰ ਦਿੱਤੀ ਹੈ ਕਿ ਜੇ ਤੁਸੀਂ ਇਹ ਪੈਸਾ ਡਾਇਵਰਟ ਕਰਕੇ ਆਮ ਆਦਮੀ ਕਲੀਨਿਕਾਂ ਵਿੱਚ ਲੈ ਕੇ ਜਾਓਗੇ ਤਾਂ ਅਸੀਂ ਸਾਰੀ ਗਰਾਂਟ ਬੰਦ ਕਰ ਦੇਵਾਂਗੇ। ਤਕਰੀਬਨ 675-676 ਕਰੋੜ ਰੁਪਏ ਦੀ ਰਾਸ਼ੀ ਹੈ, ਇਸ ਟਾਈਮ ਤੱਕ ਪੰਜਾਬ ਵਿੱਚ ਹੈਲਥ ਸਰਵਿਸਸ ਬਾਰੇ ਜੋ ਮਰਜ਼ੀ ਕਹੋ, ਕਿਸੇ ਨੂੰ ਇੱਕ ਸਾਲ ਵਿੱਚ ਪਿੰਡਾਂ ਅਤੇ ਸ਼ਹਿਰਾਂ ਵਿੱਚ ਕੋਈ ਲਾਭ ਨਹੀਂ ਮਿਲਿਆ। ਮੈਂ on ground ਦੱਸਣਾ ਚਾਹੁੰਦਾ ਹਾਂ, ਤੁਸੀਂ ਆਪਣੇ ਟਾਈਮ ਵਿੱਚ ਕਹਿ ਰਹੇ ਹੋ, we wish you the best. ਅਸੀਂ ਤੁਹਾਨੂੰ wish ਕਰਨਾ ਚਾਹੁੰਦੇ ਹਾਂ। ਸਰ, ਸਾਰੀਆਂ ਰੂਰਲ ਡਿਸਪੈਂਸਰੀਆਂ, ਹਸਪਤਾਲਾਂ ਤੋਂ ਡਾਕਟਰ ਕੱਢ ਕੇ ਉੱਧਰ ਹੋਰ ਪਾਸੇ ਲਈ ਜਾਂਦੇ ਹਨ। ਕਾਈਂਡਲੀ ਕਿਰਪਾ ਕਰਕੇ on

ground ਗੱਲ ਕਰੀਏ, ਇੱਥੇ ਗੱਲ ਨਾ ਕਰੀਏ, ਅਜੇ ਤੱਕ ਤਾਂ ਕੁਝ ਨਹੀਂ ਸੁਧਾਰਿਆ ਪਰ ਸਾਨੂੰ ਤੁਹਾਡੇ ਤੋਂ ਆਸਾਂ ਹਨ, you are a well willing Minister and you are one of those ਜਿਸ ਨੂੰ ਆਪਣੇ ਮਹਿਕਮੇ ਦੀ ਸਮਝ ਹੈ। ਅਸੀਂ ਤੁਹਾਨੂੰ ਗੁਜ਼ਾਰਿਸ਼ ਕਰਨਾ ਚਾਹੁੰਦੇ ਹਾਂ।

**ਮਾਨਯੋਗ ਸਪੀਕਰ:** ਬਾਜਵਾ ਸਾਹਿਬ, ਹੁਣ ਜਵਾਬ ਲੈ ਲਈਏ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਹਾਂ ਜੀ, ਠੀਕ ਹੈ, ਧੰਨਵਾਦ।

**ਮੰਤਰੀ:** ਬਾਜਵਾ ਸਾਹਿਬ, ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਕੱਲ੍ਹ ਮੈਂ ਕਾਫੀ ਦੇਰ ਇਸ ਸਦਨ ਵਿੱਚ ਬੋਲਿਆ ਸੀ। ਤੁਸੀਂ ਵੈਸੇ ਕਿਹਾ ਸੀ ਕਿ ਅਸੀਂ ਮੁੱਖ ਮੰਤਰੀ ਸਾਹਿਬ ਦਾ ਬਾਈਕਾਟ ਕਰਨਾ ਹੈ ਪਰ ਕੱਲ੍ਹ ਤੁਸੀਂ ਮੇਰਾ ਬਾਈਕਾਟ ਵੀ ਕਰ ਦਿੱਤਾ। ਜਿਹੜੇ ਤੁਸੀਂ ਅੱਜ ਸਵਾਲ ਪੁੱਛੇ ਹਨ, ਮੈਂ ਕੱਲ੍ਹ ਸਾਰੀਆਂ ਗੱਲਾਂ ਦੇ ਜਵਾਬ ਦਿੱਤੇ ਸੀ। ਮੈਂ ਤੁਹਾਡੇ ਬੈਨੀਫਿਟ ਲਈ ਇੱਕ ਵਾਰੀ ਫਿਰ ਰਿਪੀਟ ਕਰ ਦਿੰਦਾ ਹਾਂ।

**ਸਰਦਾਰ ਪ੍ਰਤਾਪ ਸਿੰਘ ਬਾਜਵਾ (ਬੈਠੇ-ਬੈਠੇ):** ਕੱਲ੍ਹ ਤਾਂ ਦਵਾਈਆਂ ਤੇ ਸੀ।

**ਮਾਨਯੋਗ ਸਪੀਕਰ:** ਇਨ੍ਹਾਂ ਦੀ ਪੂਰੀ ਗੱਲ ਆ ਲੈਣ ਦਿਉ ਜੀ।

**ਮੰਤਰੀ:** ਸਰ, ਅਸੀਂ ਪਿੱਛੇ ਨਹੀਂ ਦੇਖਣਾ, ਅਸੀਂ ਅੱਗੇ ਗੱਲ ਕਰਦੇ ਹਾਂ। ਪਹਿਲੀ ਗੱਲ ਤਾਂ ਤੁਸੀਂ ਕਿਹਾ ਕਿ ਹੁਣ ਤੱਕ ਕਿਸੇ ਨੂੰ ਕੋਈ ਫਾਇਦਾ ਨਹੀਂ ਹੋਇਆ। ਤੁਸੀਂ ਦੋ ਗੱਲਾਂ ਕਹੀਆਂ ਹਨ।

**ਸ਼੍ਰੀ ਬੁੱਧ ਰਾਮ:** ਸਰ, ਇਹ ਜਵਾਬ ਕੱਲ੍ਹ ਵੀ ਰਹਿ ਗਏ ਸੀ।

**ਮਾਨਯੋਗ ਸਪੀਕਰ:** ਮੈਂ ਕਰਵਾ ਦਿੰਦਾ ਹਾਂ ਜੀ। (ਵਿਘਨ) (ਸ਼ੋਰ) ਇੱਕ ਮਿੰਟ, ਬੁੱਧ ਰਾਮ ਜੀ, ਜ਼ਰਾ ਬੈਠੋ।

**ਮ.ਰ. ਹਸਟ./10.30/10.03.2023**

**ਸ਼੍ਰੀ ਬੁੱਧ ਰਾਮ**: ਸਪੀਕਰ ਸਾਹਿਬ ਕੱਲ੍ਹ ਵੀ ਜਵਾਬ ਰਹਿ ਗਏ ਸੀ।ਅੱਜ ਵੀ ਸਵਾਲ ਰਹਿ ਜਾਣੇ ਹਨ ਜੀ।

(**ਇਕ ਅਵਾਜ਼:** ਸਪੀਕਰ ਸਾਹਿਬ 20 ਮਿੰਟ ਹੋ ਗਏ ਜੀ)

**ਮੰਤਰੀ:** ਸਰ, ਮੈਂ ਬਹੁਤ briefly ਜਵਾਬ ਦੇ ਦੇਵਾਂਗਾ ਜੀ।

**ਮਾਨਯੋਗ ਸਪੀਕਰ:** ਇੱਕ ਮਿੰਟ, ਬੁੱਧ ਰਾਮ ਜੀ। ਬੁੱਧ ਰਾਮ ਜੀ, ਇੱਕ ਮਿੰਟ ਜ਼ਰਾ ਬੈਠੋ। ਮੈਂ ਕਰਵਾ ਦਿੰਦਾ ਹਾਂ। ਤੁਸੀਂ ਬੈਠੋ। ਗਲੀਆਂ-ਨਾਲੀਆਂ, ਸੜਕਾਂ ਇਹ 70 ਸਾਲ ਤੋਂ ਬਣਦੀਆਂ ਆ ਰਹੀਆਂ ਹਨ ਅਤੇ ਬਣਦੀਆਂ ਹੀ ਰਹਿਣੀਆਂ ਹਨ। ਸਿਹਤ ਅਤੇ ਸਿੱਖਿਆ ਸਭ ਤੋਂ ਜ਼ਿਆਦਾ ਇੰਪਾਰਟੈਂਟ ਹਨ। (ਥੰਪਿੰਗ) ਮੈਨੂੰ ਪਤਾ ਹੈ ਜਦੋਂ ਕਿਸੇ ਦਾ ਢਿੱਡ ਦੁੱਖਦਾ ਹੁੰਦਾ ਸੀ ਤਾਂ ਉਹ ਮੈਡੀਕਲ ਕਾਲਜ, ਫਰੀਦਕੋਟ ਜਾਂਦਾ ਸੀ, ਇਹ ਅੱਜ ਤੋਂ 10-15 ਸਾਲ ਪਹਿਲਾਂ ਦੀ ਗੱਲ ਹੈ। ਜੇਕਰ ਅਲਟਰਾਸਾਊਂਡ ਕਰਵਾਉਣਾ ਹੁੰਦਾ ਸੀ ਤਾਂ ਕਿਹਾ ਜਾਂਦਾ ਸੀ ਕਿ

28 ਦਿਨਾਂ ਬਾਅਦ ਆਉਣਾ।ਅਜੇ ਵੀ ਹਾਲਾਤ improve ਨਹੀਂ ਹੋਏ ਹਨ। ਇਹ ਆਪਾਂ ਇੰਪਰੂਵ ਕਰਵਾਉਣੇ ਹਨ। ਇਸ ਕਰਕੇ ਹੈਲਥ ਵਾਲੀ ਡਿਸਕਸ਼ਨ ਚੱਲਣ ਦਿਓ। (ਥੰਪਿੰਗ) ਹਾਂ ਜੀ, ਮੰਤਰੀ ਜੀ।

**ਮੰਤਰੀ:** ਸਰ, ਪਹਿਲਾਂ ਸਾਡੇ 100 ਬਣੇ ਸਨ ਅਤੇ ਫਿਗਰ ਵੀ ਇੱਕ ਮਿਲੀਅਨ ਸੀ ਪਰੰਤੂ ਹੁਣ ਇਹ ਫਿਗਰ 2 ਮਿਲੀਅਨ ਤੱਕ ਪਹੁੰਚ ਚੁੱਕੀ ਹੈ। ਜਿਹੜੇ ਦੋ ਮਿਲੀਅਨ ਲੋਕ ਹਨ, ਉਹ ਆਮ ਆਦਮੀ ਕਲੀਨਿਕ ਦਾ ਫਾਇਦਾ ਉਠਾ ਚੁੱਕੇ ਹਨ। ਗਰੀਬ ਤੋਂ ਗਰੀਬ ਬੰਦਾ ਬਹੁਤ ਵਧੀਆ ਦਵਾਈ ਲੈ ਕੇ ਗਿਆ ਹੈ। ਲੋਕ ਠੀਕ ਹੋ ਰਹੇ ਹਨ। ਲੋਕ ਵਾਹ-ਵਹਾਈ ਕਰ ਰਹੇ ਹਨ। ਇੱਕ ਤਾਂ ਇਹ ਗੱਲ ਹੈ, ਜਿਹੜਾ ਕਹਿੰਦੇ ਹਨ ਕਿ ਕਿਸੇ ਨੂੰ ਫਾਇਦਾ ਨਹੀਂ ਹੋਇਆ। ਦੋ ਮਿਲੀਅਨ ਕਾਫੀ ਹੁੰਦੇ ਹਨ ਔਰ ਇਹ ਪਹਿਲੀ ਵਾਰੀ ਹੋਇਆ ਹੈ ਕਿ ਸਾਡੇ ਪ੍ਰਾਇਮਰੀ ਹੈਲਥ ਕੇਅਰ ਵਿੱਚ assured presence of doctor ensure ਕਰਾਈ ਗਈ ਹੈ। ਬਾਜਵਾ ਸਾਹਿਬ, ਟੈੱਸਟ ਵੀ ਹੋ ਜਾਂਦੇ ਹਨ। ਥੋੜ੍ਹੀਆਂ-ਮੋਟੀਆਂ teething troubles ਹਨ। ਟੈੱਸਟ ਹੋਰ improve ਹੋਣਗੇ। ਮੈਂ ਕੱਲ੍ਹ ਵੀ ਦੱਸਿਆ ਸੀ ਕਿ ਸਾਡਾ ਟੈਂਡਰ ਹੋ ਚੁੱਕਿਆ ਹੈ। ਸਰ, ਬਿਲਕੁਲ uniform ਹੋ ਜਾਣਗੇ। ਲੇਕਿਨ ਦਵਾਈ ਮਿਲ ਰਹੀ ਹੈ। ਪਹਿਲੀ ਗੱਲ ਤਾਂ ਇਹ ਸੀ।

ਦੂਜੀ ਗੱਲ, ਤੁਸੀਂ ਆਯੂਸ਼ਮਾਨ ਸਕੀਮ ਦੀ ਗੱਲ ਕੀਤੀ ਹੈ। ਆਯੂਸ਼ਮਾਨ ਸਕੀਮ ਦਸੰਬਰ ਵਿੱਚ ਜਿਹੜੀ ਪਿਛਲੀ ਸਰਕਾਰ ਸੀ, ਉਨ੍ਹਾਂ ਨੇ abruptly cancel ਕਰ ਦਿੱਤਾ ਸੀ, ਉਸ ਨਾਲ disruption ਹੋਈ ਅਤੇ ਅਸੀਂ ਉਸ ਨੂੰ charity board ਤੇ ਚਲਾ ਰਹੇ ਹਾਂ ਅਤੇ ਇਹ ਸਾਡੀ ਸਕੀਮ ਵੀ ਚਲ ਰਹੀ ਹੈ, ਲੇਕਿਨ ਮੈਂ ਇਸ ਸਬੰਧੀ ਯੂਨੀਅਨ ਹੈਲਥ ਮਨਿਸਟਰ ਸਾਹਿਬ ਨੂੰ ਪਰਸਨਲੀ ਮਿਲਿਆ ਸੀ। ਉਨ੍ਹਾਂ ਨਾਲ ਸਾਰੀ ਗੱਲ ਕੀਤੀ ਹੈ। ਅਸੀਂ ਆਯੂਸ਼ਮਾਨ ਸਕੀਮ ਦਾ ਕੋਈ ਫੰਡ divert ਨਹੀਂ ਕੀਤਾ। ਸਾਡੇ ਸਭ ਤੋਂ ਜ਼ਿਆਦਾ ਦੇਸ਼ ਵਿੱਚ ਜੋ Health and Wellness centre ਹਨ। ਉਸ ਵਿੱਚ ਡਾਕਟਰ ਨਹੀਂ ਹੁੰਦਾ, ਉਸ ਵਿੱਚ ਸੀ.ਐਚ.ਓ. ਹੁੰਦਾ ਹੈ, ਉਹਦੇ ਵਿੱਚ ਇੱਕ ਟਰੇਂਡ ਨਰਸ ਹੁੰਦੀ ਹੈ ਜਾਂ ਕੋਈ ਆਯੁਰਵੈਦਿਕ ਦਾ ਡਾਕਟਰ ਹੁੰਦਾ ਹੈ। ਪਿੰਡਾਂ ਨਾਲ ਵਿਤਕਰਾ ਹੋ ਰਿਹਾ ਸੀ। ਇਸ ਲਈ ਅਸੀਂ 353 ਆਮ ਆਦਮੀ ਕਲੀਨਿਕ ਪਿੰਡਾਂ ਵਿੱਚ ਖੋਲ੍ਹੇ ਹਨ। ਸੋ, ਕੋਈ ਵੀ ਫੰਡ divert ਨਹੀਂ ਹੋਇਆ। ਜਿਹੜੇ ਅਸੀਂ ਡਾਕਟਰ ਲਏ ਵੀ ਸਨ ਅਤੇ ਲੋਕਾਂ ਨੂੰ ਵੀ ਆਬਜੈਕਸ਼ਨ ਸੀ, we have considered that. ਸਾਡੀ recruitment ਚਲਦੀ ਪਈ ਹੈ। ਉਨ੍ਹਾਂ ਸਾਰਿਆਂ ਨੂੰ ਅਸੀਂ replace ਕਰਕੇ, ਜਿਹੜਾ ਪੁਰਾਣਾ ਡਾਕਟਰ ਜਿੱਥੇ ਲੱਗਿਆ ਹੋਇਆ ਸੀ, ਉਥੇ ਹੀ ਲਗਾਉਣੇ ਹਨ। ਸਾਰੇ ਸਟਾਫ ਨੂੰ ਉਥੇ ਹੀ ਭੇਜਾਂਗੇ। ਨਵਾਂ ਸਟਾਫ ਰਿਕਰੂਟ ਹੋ ਰਿਹਾ ਹੈ। ਇਸ ਨਾਲ massive scale ਦੇ ਉੱਤੇ employment generation ਹੋਈ ਹੈ। ਸਰਵਿਸਿਜ਼ ਬੈਟਰ ਹੋ ਰਹੀਆਂ ਹਨ।ਜਦੋਂ ਕੋਈ ਸੜਕ ਵੀ ਬਣਨੀ ਹੁੰਦੀ ਹੈ ਤਾਂ ਉਥੇ ਸੀਵਰੇਜ ਵੀ ਪੈਣਾ ਹੁੰਦਾ ਹੈ ਇਸ ਲਈ ਲੋਕਾਂ ਨੂੰ ਥੋੜੀ ਜਿਹੀ inconvenience ਹੋਈ ਹੈ।

ਸੋ, health services ਦੀ major transformation ਹੋ ਰਹੀ ਹੈ। ਤੁਹਾਡੇ ਪ੍ਰਧਾਨ ਜੀ (ਕਾਂਗਰਸ ਪਾਰਟੀ ਵੱਲ ਇਸ਼ਾਰਾ) ਨੇ ਮੈਨੂੰ ਛੇ ਮਹੀਨੇ ਦਾ ਸਮਾਂ ਦਿੱਤਾ ਹੈ, ਤੁਸੀਂ ਵੀ (ਐਲ.ਓ.ਪੀ ਵੱਲ ਇਸ਼ਾਰਾ ਕਰਦੇ ਹੋਏ) ਦੇ ਦਿਓ ਜੀ। ਬਹੁਤ-ਬਹੁਤ ਧੰਨਵਾਦ ਜੀ।

**ਮਾਨਯੋਗ ਸਪੀਕਰ:** ਧੰਨਵਾਦ ਜੀ। ਬਾਜਵਾ ਜੀ, ਬੈਠੋ। ਆਪਾਂ ਅੱਗੇ ਚਲੀਏ।

**ਸਰਦਾਰ ਪ੍ਰਤਾਪ ਸਿੰਘ ਬਾਜਵਾ :** ਸਪੀਕਰ ਸਾਹਿਬ, ਜਿਹੜਾ ਇਹ ਸਵਾਲ ਹੈ, ਇਹ ਤੁਹਾਡੇ ਫਾਇਦੇ ਦਾ ਹੈ। ਜਿਸ ਹਲਕੇ ਨੂੰ ਤੁਸੀਂ represent ਕਰਦੇ ਹੋ, ਉਥੇ ਵਾਈਸ ਚਾਂਸਲਰ ਬਦਲੇ ਨੂੰ ਕਈ ਮਹੀਨੇ ਹੋ ਗਏ ਹਨ। ਜਿਹੜਾ ਬਾਬਾ ਫਰੀਦ ਮੈਡੀਕਲ ਕਾਲਜ, ਫਰੀਦਕੋਟ ਹੈ, ਉਸ ਵਿੱਚ ਵਾਈਸ ਚਾਂਸਲਰ ਨਹੀਂ ਲੱਗਿਆ ਹੈ। ਕਦੋਂ ਤੱਕ ਵਾਈਸ ਚਾਂਸਲਰ ਲਗਾ ਦਿਓਗੇ? That is part of your constituency.

**ਮਾਨਯੋਗ ਸਪੀਕਰ:** ਧੰਨਵਾਦ ਜੀ।ਬਾਜਵਾ ਜੀ, ਤੁਸੀਂ ਮੇਰੀ ਗੱਲ ਕਹਿ ਦਿੱਤੀ ਪਰੰਤੂ ਇਹ ਸਵਾਲ ਵੱਖਰਾ ਹੈ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਸਵਾਲ ਤਾਂ ਵੱਖਰਾ ਬਣਦਾ ਹੈ। ਪਰ ਇੱਥੇ ਮੰਤਰੀ ਜੀ ਬੈਠੇ ਹਨ, ਇੱਕ ਵਾਰ ਜਵਾਬ ਤਾਂ ਲੈ ਲਈਏ।

**ਮਾਨਯੋਗ ਸਪੀਕਰ:** ਇਨ੍ਹਾਂ ਨੇ ਤਿਆਰੀ ਵੀ ਕਰਨੀ ਹੁੰਦੀ ਹੈ। ਬੈਠੋ, ਬਾਜਵਾ ਜੀ। ਅਗਲਾ ਸਵਾਲ, ਸਰਦਾਰ ਮਨਜੀਤ ਸਿੰਘ ਬਿਲਾਸਪੁਰ ਜੀ।

-----

## ਨਿਸ਼ਾਨ ਵਾਲਾ ਪ੍ਰਸ਼ਨ ਨੰ. 695

**ਮਾਨਯੋਗ ਸਪੀਕਰ:** ਮੰਤਰੀ ਸਾਹਿਬ unwell ਹਨ, ਆਪਾਂ ਇਸ ਪ੍ਰਸ਼ਨ ਨੂੰ defer ਕਰਦੇ ਹਾਂ, ਉਹ ਲੇਟ ਆਉਣਗੇ, ਉਨ੍ਹਾਂ ਦੇ ਆਉਣ ਤੇ ਇਸ ਪ੍ਰਸ਼ਨ ਨੂੰ ਫਿਰ ਲੈ ਲਵਾਂਗੇ।

**ਸਰਦਾਰ ਮਨਜੀਤ ਸਿੰਘ ਬਿਲਾਸਪੁਰ:** ਸਪੀਕਰ ਸਾਹਿਬ, ਜਵਾਬ ਤਾਂ ਆ ਗਿਆ ਹੈ।

**ਮਾਨਯੋਗ ਸਪੀਕਰ :** ਇਹ ਸਵਾਲ ਮੁਲਤਵੀ ਕੀਤਾ ਜਾਂਦਾ ਹੈ ।

------

## OBSERVATION BY THE SPEAKER

**ਮਾਨਯੋਗ ਸਪੀਕਰ:** ਲਿਖਤੀ ਜਵਾਬ ਭਾਵੇਂ ਆ ਗਿਆ ਪਰ ਸਦਨ ਵਿੱਚ ਜਵਾਬ ਦੇਣ ਵਾਸਤੇ ਤਾਂ ਮੰਤਰੀ ਜੀ ਚਾਹੀਦੇ ਹਨ। (ਹਾਸਾ) ਨਿੱਜਰ ਸਾਹਿਬ, ਜਿਹੜੇ ਮਾਨਯੋਗ ਮੰਤਰੀ ਕਿਸੇ ਕਾਰਨ ਕਰਕੇ ਨਹੀਂ ਪਹੁੰਚ ਸਕਦੇ ਕਿਉਂਕਿ ਬਿਮਾਰ ਤਾਂ ਕੋਈ ਵੀ ਹੋ ਸਕਦਾ ਹੈ, ਕੋਈ ਗੱਲ ਨਹੀਂ ਹੈ। ਲੇਕਿਨ ਜਿਹੜੇ ਉਨ੍ਹਾਂ ਦੇ ਕੁਐਸਚਨ ਹਨ,

ਉਨ੍ਹਾਂ ਦੇ ਜਵਾਬ ਦੇਣ ਲਈ ਕਿਸੇ ਹੋਰ ਮਨਿਸਟਰ ਨੂੰ authorize ਕੀਤਾ ਜਾ ਸਕਦਾ ਹੈ। ਸੋ, ਇਸ ਵੱਲ ਧਿਆਨ ਦਿਓ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ :** ਸਪੀਕਰ ਸਾਹਿਬ, ਜਿਹੜੇ ਮਨਿਸਟਰ ਤੁਹਾਡੀ ਗੱਲ ਨਹੀਂ ਮੰਨਦੇ, ਕੀ ਉਨ੍ਹਾਂ ਤੇ ਕੋਈ ਕਾਰਵਾਈ ਕਰੋਗੇ? ਕੱਲ੍ਹ ਵੀ ਕਿਹਾ ਸੀ। ਇਹ ਕੱਲ੍ਹ ਵੀ ਕਿਹਾ ਸੀ। ਤੁਸੀਂ ਕੱਲ੍ਹ ਵੀ ਕਿਹਾ ਸੀ।

**ਮਾਨਯੋਗ ਸਪੀਕਰ:** ਰਾਜਾ ਜੀ, ਮੰਨਿਆ ਕਿ ਅੱਜ ਤੁਹਾਡੀ ਪੱਗ ਦਾ ਰੰਗ ਬਹੁਤ ਸੁਹਣਾ ਹੈ ਪਰ ਹਰੇਕ ਗੱਲ ਵਿੱਚ ਟੋਕਾ-ਟਾਕੀ ਤਾਂ ਜ਼ਰੂਰੀ ਨਹੀਂ। (ਹਾਸਾ) ਅਗਲਾ ਸਵਾਲ, ਸ਼੍ਰੀ ਅਵਤਾਰ ਸਿੰਘ ਜੂਨੀਅਰ।

-------

GK/HS 10.35 10-3--2023

## STARRED QUESTIONS AND ANSWERS (RESUMPTION)

## ਰਾਜ ਦੀਆਂ ਗਲੀਆਂ ਵਿੱਚ ਭੀਖ ਮੰਗਣ ਤੇ ਰੋਕ ਲਵਾਉਣਾ

*683. **ਸ਼੍ਰੀ ਅਵਤਾਰ ਸਿੰਘ ਜੂਨੀਅਰ**: ਕੀ ਸਮਾਜਿਕ ਸੁਰੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ

ੳ) ਕੀ ਇਹ ਠੀਕ ਹੈ ਕਿ ਰਾਜ ਵਿੱਚ ਭੀਖ ਮੰਗਣ ਤੋਂ ਰੋਕ ਲਗਾਈ ਹੋਈ ਹੈ;

ਅ) ਸਾਲ 2023-23 ਵਿੱਚ ਰਾਜ ਵਿੱਚ ਪੁਨਰਵਾਸ ਕੀਤੇ ਭੀਖਾਰੀਆਂ ਦੀ ਕੁੱਲ ਗਿਣਤੀ ਕਿੰਨੀ ਹੈ;

ੲ) ਸਾਲ 2022-23 ਵਿੱਚ ਰਾਜ ਵਿੱਚ ਭੀਖ ਮੰਗਣ ਨੂੰ ਮੂਲੋਂ ਖਤਮ ਕਰਨ ਲਈ ਕਿਹੜੇ ਕਦਮ ਚੁੱਕੇ ਗਏ ਹਨ?

**ਡਾਕਟਰ ਬਲਜੀਤ ਕੌਰ:** ਹਾਂ ਜੀ, ਬਾਲ ਭਿਖਿਆ ਨੂੰ ਰੋਕਣ ਲਈ ਜੁਵੇਨਾਈਲ ਜਸਟਿਸ (ਕੇਅਰ ਐਂਡ ਪ੍ਰੋਟੈਕਸ਼ਨ ਆਫ ਚਿਲਡਰਨ) ਐਕਟ, 2021 ਅਧੀਨ ਰਾਜ ਵਿੱਚ ਮੁਕੰਮਲ ਰੋਕ ਲਗਾਈ ਗਈ ਹੈ।

(ਅ) ਸਾਲ 2022-23 ਵਿੱਚ 260 ਬੱਚਿਆਂ ਨੂੰ ਬਾਲ ਭਿਖਿਆ ਤੋਂ ਰੈਸਕਿਉ ਅਤੇ ਰੀਹੈਬਲੀਟੇਟ ਕੀਤਾ ਗਿਆ ਹੈ।

(ੲ) ਬਾਲ ਭਿੱਖਿਆ ਖਤਮ ਕਰਨ ਲਈ ਪੰਜਾਬ ਰਾਜ ਬਾਲ ਅਧਿਕਾਰ ਰੱਖਿਆ ਕਮਿਸ਼ਨ ਵੱਲੋਂ ਐਕਸ਼ਨ ਪਲਾਨ ਬਣਾਇਆ ਗਿਆ ਹੈ ਜਿਸ ਅਨੁਸਾਰ ਜ਼ਿਲ੍ਹਾ ਪੱਧਰ ਤੇ ਕਾਰਵਾਈ ਕੀਤੀ ਜਾਂਦੀ ਹੈ।

ਰਾਜ ਵਿੱਚ ਬਾਲ ਭਿੱਖਿਆ ਖਤਮ ਕਰਨ ਲਈ ਡਿਪਟੀ ਕਮਿਸ਼ਨਰ ਵੱਲੋਂ ਜ਼ਿਲ੍ਹਾ ਪੱਧਰ ਤੇ ਡਿਸਟ੍ਰਿਕ ਟਾਸਕ ਫੋਰਸ ਬਣਾਈ ਹੋਈ ਹੈ ਜੋ ਸਮੇਂ ਸਮੇਂ ਤੇ ਬਾਲ ਮਜ਼ਦੂਰੀ ਅਤੇ ਭੀਖ ਮੰਗ ਰਹੇ ਬੱਚਿਆਂ ਨੂੰ ਰੈਸਕਿਉ ਕਰਦੀ ਹੈ।

**ਸ਼੍ਰੀ ਅਵਤਾਰ ਸਿੰਘ ਜੂਨੀਅਰ:** ਸਪੀਕਰ ਸਾਹਿਬ, ਤੁਹਾਡੀ ਮਾਰਫਤ ਮੇਰੀ ਇੱਕ ਬੇਨਤੀ ਹੈ ਕਿ ਜਿਹੜਾ ਮੇਰਾ ਸਵਾਲ ਸੀ ਉਸ ਦਾ ਇਹ 1/4 ਜਵਾਬ ਆਇਆ ਹੈ। ਇਸ ਵਿੱਚ ਮੈਂ ਪੁੱਛਿਆ ਸੀ ਕਿ is it right that State has taken necessary action against beggary? ਇਸ ਵਿੱਚ ਇਨ੍ਹਾਂ ਨੇ ਸਿਰਫ ਜੁਵੀਨਾਈਲ ਐਕਟ ਦਾ ਵੇਰਵਾ ਦਿੱਤਾ ਹੈ। ਸਰ, ਮੈਂ ਤੁਹਾਡੀ ਮਾਰਫਤ ਵਜ਼ੀਰ ਸਾਹਿਬਾ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਸ ਵੇਲੇ ਪੰਜਾਬ ਵਿੱਚ ਕਿੰਨੇ ਸਰਟੀਫਾਈਡ ਹੋਮਸ ਅਤੇ ਕਿੰਨੀਆਂ ਸਰਟੀਫਾਈਡ ਇੰਸਟੀਚਿਊਸ਼ਨਜ਼ ਚੱਲ ਰਹੀਆਂ ਅਤੇ ਉਸ ਵਿੱਚ ਕਿੰਨੇ ਬੱਚਿਆਂ ਨੂੰ ਅਤੇ ਕਿੰਨੇ ਐਡਲਟਸ ਨੂੰ ਰੀ-ਹੈਬਲੀਟੇਟ ਕੀਤਾ ਗਿਆ ਹੈ ਅਤੇ ਉਨ੍ਹਾਂ ਨੂੰ ਮੇਨ ਸਟ੍ਰੀਮ ਵਿੱਚ ਲੈ ਕੇ ਆਏ ਹਨ?

**ਮਾਨਯੋਗ ਸਪੀਕਰ:** ਜਿਹੜੀ ਡਿਟੇਲ ਤੁਸੀਂ ਮੰਗ ਰਹੇ ਹੋ ਇਹ ਤੁਹਾਡੇ ਪ੍ਰਸ਼ਨ ਵਿੱਚ ਮੈਨਸ਼ਨ ਨਹੀਂ ਸਨ।

**ਸ਼੍ਰੀ ਅਵਤਾਰ ਸਿੰਘ ਜੂਨੀਅਰ:** ਸਰ, ਮੇਰੀ ਹੰਬਲ ਰਿਕੁਐੱਸਟ ਹੈ ਕਿ ਪੰਜਾਬ ਪ੍ਰੀਵੈਨਸ਼ਨ ਆਫ ਬੈਗਰੀ ਐਕਟ 1971 ਵਿੱਚ ਇਹ ਸਾਰਾ ਵੇਰਵਾ ਮੁਕੱਦਸ ਹਾਊਸ ਵਿੱਚ ਪਾਸ ਹੈ।

**ਮਾਨਯੋਗ ਸਪੀਕਰ :** ਇਹ ਜਿਹੜਾ ਤੁਹਾਡਾ ਸਵਾਲ ਹੈ please correct me. The Question No. is 683: Will the Social Security Minister be pleased to state:

i) Is it right that State has taken necessary action against beggary;

ii) How much beggars has been rehabilitated in the Year 2022-23 in the State; and

iii) What action has been taken by the State in the Year 2022-23 to eradicate the child beggary in the State?

ਤੁਸੀਂ ਇਸ ਦੀ ਡਿਟੇਲ ਤਾਂ ਮੰਗੀ ਹੀ ਨਹੀਂ ਹੈ ਕਿਉਂਕਿ ਆਫ ਹੈਂਡ she will have to prepare that answer.

**ਸ਼੍ਰੀ ਅਵਤਾਰ ਸਿੰਘ ਜੂਨੀਅਰ:** ਸਰ, ਮੇਰੀ ਹੰਬਲ ਰਿਕੁਐੱਸਟ ਹੈ ਕਿ ਮੈਂ ਤਾਂ ਇਸ ਵਿੱਚ ਡਿਟੇਲ ਹੀ ਮੰਗੀ ਹੈ। ਮੈਨੂੰ ਇੰਨਾ ਦੱਸ ਦਿਓ ਕਿ ਰੀ-ਹੈਬਲੀਟੇਸ਼ਨ ਕਿੱਥੇ ਹੋਣੀ ਹੈ ? ਇਹ ਸਰਟੀਫਾਈਡ ਹੋਮਸ ਵਿੱਚ ਹੋਣੀ ਹੈ ਜਾਂ ਸਰਟੀਫਾਈਡ ਇੰਸਟੀਚਿਊਸ਼ਨਜ਼ ਵਿੱਚ ਹੋਣੀ ਹੈ?

**Mr. Speaker:** No. No. The question should be crisp. The question should be pointed one. ਅਸੀਂ ਜਰਨਲ ਸਪਲੀਮੈਂਟਰੀ ਨਹੀਂ ਲੈ ਸਕਦੇ।

**ਸ਼੍ਰੀ ਅਵਤਾਰ ਸਿੰਘ ਜੂਨੀਅਰ:** ਸਰ, ਇਹ ਜਰਨਲ ਨਹੀਂ ਹੈ। ਮੈਨੂੰ ਇੰਨਾ ਕੁ ਦੱਸ ਦਿਓ ਕਿ ਬੈਗਰਜ਼ ਦੀ ਰੀਹੈਬਲੀਟੇਸ਼ਨ ਕਿੱਥੇ ਹੋਣੀ ਹੈ?

**ਮਾਨਯੋਗ ਸਪੀਕਰ:** ਮੰਤਰੀ ਜੀ ਦੱਸ ਦਿਓ।

**ਮੰਤਰੀ:** ਆਨਰੇਬਲ ਸਪੀਕਰ ਸਾਹਿਬ, ਜੋ ਮੈਂਬਰ ਸਾਹਿਬ ਨੇ ਪ੍ਰੀਵੈਨਸ਼ਨ ਆਫ ਬੈਗਰੀ ਐਕਟ ਦੀ ਗੱਲ ਕੀਤੀ ਹੈ ਇਹ ਮਦਰ ਐਕਟ ਹੈ ਜਿਸ ਵਿੱਚ ਇਹ ਦਰਜ ਕੀਤਾ ਗਿਆ ਹੈ ਕਿ ਕੋਈ ਵੀ ਪੁਲਿਸ ਅਫਸਰ ਜਾਂ ਡਿਸਟ੍ਰਿਕਟ ਮੈਜਿਸਟ੍ਰੇਟ ਵੱਲੋਂ ਅਧਿਕਾਰਤ ਕੋਈ ਵੀ ਅਫਸਰ ਭੀਖ ਮੰਗਦੇ ਕਿਸੇ ਵੀ ਵਿਅਕਤੀ ਨੂੰ ਬਿਨਾਂ ਕਿਸੇ ਵਾਰੰਟ ਤੋਂ ਇਮੀਡੇਟਲੀ ਅਰੈਸਟ ਕਰ ਸਕਦਾ ਹੈ। ਇਹ ਸਾਰਾ ਪਾਰਟ ਪੁਲਿਸ ਡਿਪਾਰਟਮੈਂਟ ਜਾਂ ਹੋਮ ਡਿਪਾਰਟਮੈਂਟ ਨਾਲ ਸਬੰਧਿਤ ਹੈ। ਉਸ ਦਾ ਹੀ ਇੱਕ ਪਾਰਟ ਮੈਂ ਜੁਵੀਨਾਈਲ ਜਸਟਿਸ ਐਕਟ ਬਿਆਨ ਕਰ ਰਹੀ ਹਾਂ ਜੋ ਸਾਡੇ ਡਿਪਾਰਟਮੈਂਟ ਦੇ ਅੰਡਰ ਆਉਂਦਾ ਹੈ ਉਸ ਵਿੱਚ ਸਪੈਸ਼ਲੀ ਬੱਚਿਆਂ ਦੀ ਕੇਅਰ ਵਾਸਤੇ, ਬੱਚਿਆਂ ਨੂੰ ਬਚਾਉਣ ਵਾਸਤੇ ਅਸੀਂ ਜੁਵੀਨਾਈਲ ਜਸਟਿਸ ਐਕਟ ਦੇ ਅਧੀਨ ਕੰਮ ਕਰਦੇ ਹਾਂ। ਜਿਸ ਅਧੀਨ 266 ਬੱਚੇ ਰੈਸਕਿਉ ਕੀਤੇ ਹਨ। ਜੋ ਮੈਂਬਰ ਸਾਹਿਬ ਨੇ ਪੁੱਛਿਆ ਹੈ ਕਿ ਸਾਲ 2022-23 ਦੌਰਾਨ ਕੁਝ ਸਪੈਸ਼ਲ ਕੀਤਾ ਗਿਆ ਹੈ? ਮੈਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦੀ ਹਾਂ ਕਿ ਅਸੀਂ ਜ਼ਿਲ੍ਹਾ ਸ਼੍ਰੀ ਮੁਕਤਸਰ ਸਾਹਿਬ ਤੋਂ ***ਵਿੱਦਿਆ ਪ੍ਰਕਾਸ਼ ਸਕੂਲ ਵਾਪਸੀ ਦਾ ਆਗਾਜ਼ ਪ੍ਰੋਗਰਾਮ*** ਸ਼ੁਰੂ ਕੀਤਾ ਸੀ ਅਤੇ ਉਸ ਨੂੰ ਪੂਰੇ ਪੰਜਾਬ ਵਿੱਚ ਲਗਾਇਆ ਸੀ। ਜਿਸ ਦੌਰਾਨ ਅਸੀਂ ਸਲੱਮ ਏਰੀਏ ਵਿੱਚ ਜਾ ਕੇ ਬੱਚਿਆਂ ਨੂੰ ਵੋਕੇਸ਼ਨਲ ਟ੍ਰੇਨਿੰਗ ਕਰਵਾ ਕੇ ਬੱਚਿਆਂ ਨੂੰ ਬੈਗਰੀ ਤੋਂ ਬਚਾਉਣ ਲਈ ਵੀ ਅਤੇ ਚਾਈਲਡ ਲੇਬਰ ਤੋਂ ਬਚਾਉਣ ਲਈ ਵੀ 466 ਬੱਚਿਆਂ ਨੂੰ ਦੁਬਾਰਾ ਸਕੂਲਾਂ ਵਿੱਚ ਇਨਰੋਲ ਕਰਵਾਇਆ ਸੀ।

**ਮਾਨਯੋਗ ਸਪੀਕਰ:** ਮੰਤਰੀ ਜੀ, ਇਸ ਵਿੱਚ ਥੋੜ੍ਹੀ ਕਲੈਰੀਫਿਕੇਸ਼ਨ ਦੀ ਲੋੜ ਹੈ। ਮੈਂਬਰ ਸਾਹਿਬ ਦਾ ਜਿਹੜਾ ਕੁਐਸਚਨ ਹੈ ਉਸ ਵਿੱਚ ਇਨ੍ਹਾਂ ਨੇ ਬੈਗਰੀ ਨੂੰ ਰੋਕਣ ਵਾਸਤੇ ਪੁੱਛਿਆ ਹੈ। ਇਨ੍ਹਾਂ ਨੇ ਜੁਵੀਨਾਈਲ ਬੈਗਰੀ ਵਾਸਤੇ ਸਪੈਸੀਫਿਕ ਨਹੀਂ ਕੀਤਾ। ਤੁਸੀਂ ਭੀਖ ਮੰਗਣ ਤੋਂ ਰੋਕਣ ਲਈ ਕੀ ਐਕਸ਼ਨ ਲਿਆ ਹੈ ? ਇਸ ਬਾਰੇ ਮੈਂਬਰ ਸਾਹਿਬ ਜਵਾਬ ਮੰਗ ਰਹੇ ਹਨ।

**ਮੰਤਰੀ:** ਆਨਰੇਬਲ ਸਪੀਕਰ ਸਾਹਿਬ, ਮੈਂ ਫਿਰ ਉਹੀ ਸਪੱਸ਼ਟੀਕਰਨ ਦੇਣਾ ਚਾਹੁੰਦੀ ਹਾਂ ਕਿ ਜੋ ਅਸੀਂ ਪ੍ਰੀਵੈਨਸ਼ਨ ਆਫ ਬੈਗਰੀ ਐਕਟ ਦੀ ਗੱਲ ਕਰਦੇ ਹਾਂ।

**ਮਾਨਯੋਗ ਸਪੀਕਰ:** ਮੈਂਬਰ ਸਾਹਿਬ ਕੁਝ ਐਡ ਕਰਨਾ ਚਾਹੁੰਦੇ ਹਨ।

**ਸ਼੍ਰੀ ਅਵਤਾਰ ਸਿੰਘ ਜੂਨੀਅਰ:** ਮੈਂ ਮੰਤਰੀ ਸਾਹਿਬ ਨੂੰ ਗੁਜ਼ਾਰਿਸ਼ ਕਰਨੀ ਚਾਹੁੰਦਾ ਹਾਂ ਕਿ ਇਹ ਸਵਾਲ ਮੁਲਤਵੀ ਕਰ ਦੇਈਏ। ਮੰਤਰੀ ਸਾਹਿਬ ਮੈਨੂੰ ਬਾਅਦ ਵਿੱਚ ਜਵਾਬ ਦੇ ਦੇਣ ਪਰ ਕਿਰਪਾ ਕਰਕੇ ਦਰੁਸਤ ਜਵਾਬ ਦੇ ਦੇਣ।

**ਮਾਨਯੋਗ ਸਪੀਕਰ:** ਮੰਤਰੀ ਜੀ ਜੇਕਰ ਤੁਸੀਂ ਠੀਕ ਸਮਝੋ ਤਾਂ ਹੁਣ ਜਵਾਬ ਦੇ ਦੇਵੋ ਜਾਂ ਫਿਰ ਬਾਅਦ ਵਿੱਚ ਦੇ ਦਿਓ।

10.40 10.03.2023 RK/ Rajneesh

**ਸ਼੍ਰੀ ਅਵਤਾਰ ਸਿੰਘ ਜੂਨੀਅਰ :** ਸਰ, ਇਹ ਸਵਾਲ ਆਪਾਂ ਅਗਰ ਮੁਲਤਵੀ ਕਰ ਦੇਈਏ ਪਰ ਮੈਨੂੰ ਦਰੁਸਤ ਜਵਾਬ ਦੇ ਦੇਣ ਜੀ।

**ਮਾਨਯੋਗ ਸਪੀਕਰ :** ਬਿਲਕੁਲ, ਮੰਤਰੀ ਜੀ। ਜੇ ਤੁਸੀਂ ਠੀਕ ਸਮਝਦੇ ਹੋ ਤਾਂ ਜਵਾਬ ਹੁਣ ਦੇ ਦਿਓ, ਜੇ ਬਾਅਦ ਵਿੱਚ ਦੇਣਾ ਹੈ ਤਾਂ ਬਾਅਦ ਵਿੱਚ ਦੇ ਦਿਓ।

**ਮੰਤਰੀ :** ਸਰ, ਮੈਂ ਇਹੀ ਗੱਲ ਕਲੀਅਰ ਕਰਨੀ ਚਾਹਾਂਗੀ ਕਿ ਅਸੀਂ adults ਵਿੱਚ beggars prevention ਲਈ ਕੀ ਕੀਤਾ ਹੈ ਜੇਕਰ ਇਹ ਹੋਮ ਡਿਪਾਰਟਮੈਂਟ ਨਾਲ ਸਬੰਧਿਤ ਜਵਾਬ ਲੈਣਾ ਚਾਹੁੰਦੇ ਹਨ ਤਾਂ ਮੈਂ ਸਾਰੇ ਜ਼ਿਲ੍ਹਿਆਂ ਤੋਂ ਕੰਪਾਈਲ ਰਿਪੋਰਟ ਲਿਆ ਕੇ ਦੁਬਾਰਾ ਮੈਂਬਰ ਸਾਹਿਬ ਨੂੰ ਦਰੁਸਤ ਕਰਕੇ ਦੇ ਦਿਆਂਗੀ।

**ਸ਼੍ਰੀ ਅਵਤਾਰ ਸਿੰਘ ਜੂਨੀਅਰ :** ਸਰ, ਮੈਨੂੰ ਇਹ ਦੱਸ ਦੇਣ ਕਿ ਇਹ ਸਵਾਲ ਕਿਸ ਡੇਟ ਤੱਕ ਮੁਲਤਵੀ ਕਰਨਗੇ, ਉਸੇ ਦਿਨ ਮੈਨੂੰ ਜਵਾਬ ਦੇ ਦੇਣ ਅਤੇ ਮੈਂ ਉਸ ਦਿਨ ਹੀ ਸਪਲੀਮੈਂਟਰੀ ਪੁੱਛ ਲਵਾਂਗਾ।

**ਮਾਨਯੋਗ ਸਪੀਕਰ :** ਮੰਤਰੀ ਜੀ, ਇਹ ਸਵਾਲ ਨੈਕਸਟ ਸੈਸ਼ਨ ਵਿੱਚ ਲਿਆਉਣਾ ਚਾਹੁੰਦੇ ਹੋ ਜਾਂ ਬਾਅਦ ਵਿੱਚ?

**ਮੰਤਰੀ :** ਇਹ ਸਵਾਲ 22 ਮਾਰਚ ਨੂੰ ਲੈ ਲਵਾਂਗੇ ਤੇ ਮੈਂ ਜਵਾਬ ਦੇ ਦਿਆਂਗੀ ਜੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ (ਬੈਠੇ-ਬੈਠੇ) :** ਕੋਡ ਲੱਗਣ ਤੋਂ ਪਹਿਲਾਂ ਜਵਾਬ ਦਿਵਾ ਦਿਓ ਜੀ।

**ਮਾਨਯੋਗ ਸਪੀਕਰ :** ਬਾਜਵਾ ਸਾਹਿਬ, ਮੇਰਾ ਤੁਹਾਡੇ ਨਾਲ ਥੋੜ੍ਹਾ ਜਿਹਾ ਗਿਲਾ ਹੈ। ਅੱਜ ਖਾਣੇ ਤੇ ਜ਼ਰੂਰ ਆ ਜਾਣਾ ਜੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ :** ਅਸੀਂ ਤੁਹਾਡੇ ਹਰ ਹੁਕਮ ਦੀ ਪਾਲਣਾ ਕਰ ਰਹੇ ਹਾਂ, ਥੋੜ੍ਹਾ ਜਿਹਾ ਸਾਡਾ ਧਿਆਨ ਵੀ ਕਰ ਲਿਆ ਕਰੋ। ਜੋ ਤੁਹਾਡਾ ਹੁਕਮ ਜੀ, ਮੰਨਣਾ ਹੀ ਪੈਣਾ ਹੈ।

----

## ਫਤਿਹਗੜ੍ਹ ਚੂੜੀਆਂ ਤੋਂ ਅੰਮ੍ਰਿਤਸਰ ਰੋਡ ਦੀ ਮੁਰੰਮਤ ਕਰਵਾਉਣਾ

***505. ਸ਼੍ਰੀਮਤੀ ਗਨੀਵ ਕੌਰ ਮਜੀਠੀਆ :** ਕੀ ਲੋਕ ਨਿਰਮਾਣ ਮੰਤਰੀ (ਭ ਅਤੇ ਮ) ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਫਤਹਿਗੜ੍ਹ ਚੂੜੀਆਂ ਤੋਂ ਅੰਮ੍ਰਿਤਸਰ ਰੋਡ ਦੀ ਹਾਲਤ ਬਹੁਤ ਜ਼ਿਆਦਾ

ਖਰਾਬ ਹੋਣ ਕਾਰਨ ਆਵਾਜਾਈ ਵਿੱਚ ਲੋਕਾਂ ਨੂੰ ਕਾਫੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ; ਜੇਕਰ ਅਜਿਹਾ ਹੈ ਤਾਂ ਕੀ ਇਸ ਸੜਕ ਦੀ ਮੁਰੰਮਤ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਸਰਦਾਰ ਹਰਭਜਨ ਸਿੰਘ :** ਅੰਮ੍ਰਿਤਸਰ-ਮਜੀਠਾ-ਫਤਿਹਗੜ੍ਹ ਚੂੜੀਆਂ ਦੀ ਸੜਕ ਦੀ ਹਾਲਤ ਖਰਾਬ ਹੈ। ਇਸ ਸੜਕ ਦੀ ਰਿਪੇਅਰ ਦੀ ਤਜਵੀਜ਼ ਸੈਂਟਰਲ ਰੋਡ ਇਨਫਰਾਸਟਰੱਕਚਰ ਫੰਡ (ਸੀ.ਆਰ.ਆਈ.ਐਫ.) ਸਕੀਮ ਅਧੀਨ ਸਾਲ 2022-23 ਵਿੱਚ ਕੀਤੀ ਗਈ ਹੈ। ਇਸ ਸਕੀਮ ਦੀ ਪ੍ਰਵਾਨਗੀ ਅਤੇ ਬਜਟ ਅਲਾਟਮੈਂਟ ਭਾਰਤ ਸਰਕਾਰ ਤੋਂ ਹੋਣ ਉਪਰੰਤ ਇਹ ਕੰਮ ਕਰਵਾਇਆ ਜਾਵੇਗਾ।

**ਸ਼੍ਰੀਮਤੀ ਗਨੀਵ ਕੌਰ ਮਜੀਠੀਆ :** ਸਪੀਕਰ ਸਾਹਿਬ, ਮਾਨਯੋਗ ਮੰਤਰੀ ਸਾਹਿਬ ਨੇ ਇਹ ਆਪ ਵੀ ਮੰਨਿਆ ਹੈ ਕਿ ਇਸ ਰੋਡ ਦੀ ਹਾਲਤ ਬਹੁਤ ਹੀ ਖਸਤਾ ਹੈ। ਮੈਂ ਮੰਤਰੀ ਸਾਹਿਬ ਦੇ ਧਿਆਨ ਵਿੱਚ ਲਿਆਉਣਾ ਚਾਹੁੰਦੀ ਹਾਂ ਕਿ ਇਹ ਰੋਡ ਮੇਜਰ ਡਿਸਟ੍ਰਿਕਟ ਰੋਡ ਹੈ। ਇਸ ਰੋਡ ਦੀ ਰਿਪੇਅਰ ਸਾਲ 2013-14 ਵਿੱਚ ਹੋਈ ਸੀ ਜਿਹੜੀ ਕਿ ਸਟੇਟ ਫੰਡਾਂ ਦੇ ਨਾਲ ਹੋਈ ਸੀ ਔਰ ਇਸ ਦੀ ਰਿਪੇਅਰ ਹਰ ਪੰਜ ਸਾਲ ਬਾਅਦ ਹੋਣੀ ਚਾਹੀਦੀ ਸੀ। ਇਹ ਰਿਪੇਅਰ ਸਾਲ 2018-19 ਦੇ ਵਿੱਚ ਹੋਣੀ ਚਾਹੀਦੀ ਸੀ ਪਰੰਤੂ ਅੱਜ ਤੱਕ ਇਹ ਸੜਕ ਰਿਪੇਅਰ ਨਹੀਂ ਹੋਈ। ਇਸ ਨੂੰ 10 ਸਾਲ ਹੋ ਚੁੱਕੇ ਹਨ, ਇਸ ਦੀ ਰਿਪੇਅਰ overdue ਹੋ ਚੁੱਕੀ ਹੈ। ਪਹਿਲਾਂ ਇਸ ਦੀ ਰਿਪੇਅਰ ਸਟੇਟ ਫੰਡਾਂ ਵਿੱਚੋਂ ਹੋਈ ਸੀ। ਜਿਹੜੀ ਸਾਲ 2022-23 ਦੌਰਾਨ ਜਿਹੜੀ ਸੀ.ਆਰ.ਆਈ.ਐਫ. ਨੂੰ ਪ੍ਰਪੋਜ਼ਲ ਭੇਜੀ ਗਈ ਹੈ, ਉਹ ਭੇਜਣ ਦੀ ਲੋੜ ਹੀ ਨਹੀਂ ਸੀ। ਹੁਣ ਵੀ ਇਸ ਸੜਕ ਦੀ ਰਿਪੇਅਰ ਸਟੇਟ ਫੰਡਾਂ ਵਿੱਚੋਂ ਹੀ ਹੋਣੀ ਚਾਹੀਦੀ ਹੈ। ਮੇਰੀ ਰਿਕੁਐੱਸਟ ਹੈ ਕਿ ਸਟੇਟ ਫੰਡਾਂ ਰਾਹੀਂ ਪਹਿਲ ਦੇ ਆਧਾਰ ਤੇ ਇਸ ਰੋਡ ਦੀ ਰਿਪੇਅਰ ਕੀਤੀ ਜਾਵੇ।

**ਮਾਨਯੋਗ ਸਪੀਕਰ :** ਮੰਤਰੀ ਜੀ, ਕੀ ਤੁਸੀਂ ਸਟੇਟ ਫੰਡਾਂ ਰਾਹੀਂ ਇਸ ਸੜਕ ਦੀ ਰਿਪੇਅਰ ਕਰੋਗੇ?

**ਮੰਤਰੀ :** ਸਪੀਕਰ ਸਾਹਿਬ, ਇਹ ਠੀਕ ਹੈ ਕਿ ਇਹ ਐਮ.ਡੀ.ਆਰ. ਰੋਡ ਨੰਬਰ 64 ਹੈ। ਐਕਚੁਅਲੀ ਇਸ ਸੜਕ ਦੇ 4 ਹਿੱਸੇ ਹਨ। ਜੇਕਰ ਇਸ ਦਾ ਪਹਿਲਾ ਹਿੱਸਾ ਦੇਖੀਏ ਤਾਂ 6.80 ਕਿਲੋਮੀਟਰ ਠੀਕ ਹੈ। ਅਸੀਂ 6 ਤੋਂ 17 ਕਿਲੋਮੀਟਰ ਤੱਕ ਸਟੇਟ ਫੰਡਾਂ ਰਾਹੀਂ ਇਸ ਦੀ ਰਿਪੇਅਰ ਕਰਵਾ ਰਹੇ ਹਾਂ। ਇਸ ਵਾਸਤੇ ਅਸੀਂ ਲੋੜੀਂਦੇ ਫੰਡ ਜਾਰੀ ਕਰ ਦਿੱਤੇ ਹਨ। ਇਸ ਦਾ ਟੈਂਡਰ ਵੀ ਲੱਗ ਗਿਆ ਹੈ ਅਤੇ ਕੰਮ ਜਲਦੀ ਸ਼ੁਰੂ ਹੋ ਜਾਵੇਗਾ। ਸਰ, 17 ਤੋਂ 31 ਕਿਲੋਮੀਟਰ ਤੱਕ ਇਹ ਰੋਡ ਜ਼ਿਆਦਾ ਖਰਾਬ ਹੈ, ਇਸ ਵਾਸਤੇ ਅਸੀਂ ਸੀ.ਆਰ.ਆਈ.ਐਫ. ਨੂੰ ਲਿਖਿਆ ਹੋਇਆ ਹੈ। ਅਸੀਂ ਦਸੰਬਰ, 2022 ਦੇ ਵਿੱਚ 13 ਕਰੋੜ, 10 ਲੱਖ ਦਾ ਤਖਮੀਨਾ ਤਿਆਰ ਕਰਕੇ ਇਹ ਤਜਵੀਜ਼ ਭਾਰਤ ਸਰਕਾਰ ਨੂੰ ਭੇਜ ਦਿੱਤੀ ਸੀ। ਸਾਨੂੰ ਪੂਰਨ ਆਸ ਹੈ ਕਿ ਇਸ ਦੀ ਮਨਜ਼ੂਰੀ

31.03.2023 ਤੱਕ ਮਿਲ ਜਾਵੇਗੀ। ਜਦੋਂ ਵੀ ਇਸ ਦੀ ਮਨਜ਼ੂਰੀ ਮਿਲ ਜਾਂਦੀ ਹੈ, ਉਸ ਦੇ ਇੱਕ ਸਾਲ ਦੇ ਵਿੱਚ-ਵਿੱਚ ਇਹ ਸੜਕ ਕੰਪਲੀਟ ਕਰ ਦਿੱਤੀ ਜਾਵੇਗੀ।

ਕੁ.ਕ/ਰ.ਕ. 10.45 10.03.2023

**ਸ਼੍ਰੀਮਤੀ ਗਨੀਵ ਕੌਰ ਮਜੀਠੀਆ:** ਸਪੀਕਰ ਸਾਹਿਬ, ਮੈਂ ਮਾਨਯੋਗ ਮੰਤਰੀ ਸਾਹਿਬ ਦੇ ਧਿਆਨ ਵਿੱਚ ਲਿਆਉਣਾ ਚਾਹੁੰਦੀ ਹਾਂ ਕਿ ਇਹ ਸੜਕ ਵਾਇਆ ਫਤਿਹਗੜ੍ਹ ਚੂੜੀਆਂ, ਸ੍ਰੀ ਅੰਮ੍ਰਿਤਸਰ ਸਾਹਿਬ ਨੂੰ ਸ੍ਰੀ ਡੇਰਾ ਬਾਬਾ ਨਾਨਕ ਸਾਹਿਬ ਨਾਲ ਜੋੜਦੀ ਹੈ। ਇਸ ਰੋਡ ਤੇ ਬਹੁਤ ਸਾਰੇ ਸ਼ਰਧਾਲੂਆਂ ਦੀ ਆਵਾਜਾਈ ਰਹਿੰਦੀ ਹੈ। They are basically two major religious destinations. ਇਸ ਤੇ ਬਹੁਤ ਜ਼ਿਆਦਾ ਟਰੈਫਿਕ ਹੈ। ਇਸ ਰੋਡ ਤੇ ਰੋਜ਼ ਬਹੁਤ ਸਾਰੇ ਐਕਸੀਡੈਂਟ ਹੁੰਦੇ ਹਨ। It is a death trap. ਜਿਹੜੀ ਇਸ ਰੋਡ ਦੀ ਹਾਲਤ ਹੈ, ਉਹ ਮੈਂ ਤੁਹਾਨੂੰ ਦਿਖਾ ਦਿੰਦੀ ਹਾਂ। (ਸੜਕ ਦੀ ਫੋਟੋ ਹੱਥ ਵਿੱਚ ਫੜ ਕੇ ਦਿਖਾਉਂਦੇ ਹੋਏ) ਜਿਹੜੇ ਬੱਚੇ ਜਾਂ ਭੈਣਾਂ ਸਕੂਟਰਾਂ ਜਾਂ ਮੋਟਰਸਾਈਕਲਾਂ ਦੇ ਪਿੱਛੇ ਬੈਠਦੀਆਂ ਹਨ, ਉਹ ਸੜਕ ਦੀ ਮਾੜੀ ਹਾਲਤ ਹੋਣ ਕਾਰਨ ਪਿੱਛੋਂ ਡਿੱਗ ਜਾਂਦੀਆਂ ਹਨ। ਬਾਰਿਸ਼ਾਂ ਦੇ ਦਿਨਾਂ ਵਿੱਚ ਇੱਥੇ ਬਹੁਤ ਜ਼ਿਆਦਾ ਪਾਣੀ ਖੜ੍ਹਾ ਹੁੰਦਾ ਹੈ ਕਿ ਇਹ ਸੜਕ ਦਿਖਾਈ ਨਹੀਂ ਦਿੰਦੀ ਹੈ। 10 ਸਾਲਾਂ ਤੋਂ ਇਸ ਸੜਕ ਦੀ ਮੁਰੰਮਤ ਨਹੀਂ ਹੋਈ ਹੈ। ਤੁਸੀਂ ਇਸ ਦੀ ਹਾਲਤ ਦੇਖੋ। (ਸੜਕ ਦੀ ਫੋਟੋ ਹੱਥ ਵਿੱਚ ਫੜ ਕੇ ਦਿਖਾਉਂਦੇ ਹੋਏ) ਜੇਕਰ ਪਹਿਲਾਂ ਸਟੇਟ ਫੰਡਾਂ ਨਾਲ ਇਸ ਦੀ ਮੁਰੰਮਤ ਹੋਈ ਹੈ ਤਾਂ ਹੁਣ ਕਿਉਂ ਨਹੀਂ ਹੋ ਸਕਦੀ ਹੈ। ਮੇਰੇ ਕਹਿਣ ਦਾ ਮਤਲਬ ਹੈ ਕਿ 10 ਸਾਲ ਤੱਕ ਇਸ ਸੜਕ ਨੂੰ ਬਿਲਕੁਲ ਵੀ ਦੇਖਿਆ ਹੀ ਨਹੀਂ ਗਿਆ ਹੈ। ਆਹ, ਅਜਾਇਬ ਵਾਲੀ ਦਾ ਪੁਲ ਹੈ। (ਪੁਲ ਦੀ ਫੋਟੋ ਹੱਥ ਵਿੱਚ ਫੜ੍ਹ ਕੇ ਦਿਖਾਉਂਦੇ ਹੋਏ)। ਇਹ ਦੋ ਕਿਲੋਮੀਟਰ ਦਾ ਪੁਲ ਹੈ। ਇੱਕ ਸਾਲ ਤੋਂ ਇਹ ਪੁਲ ਬੰਦ ਗਿਆ ਹੈ। ਲੋਕਾਂ ਨੂੰ 10-12 ਕਿਲੋਮੀਟਰ ਘੁੰਮ ਕੇ ਆਉਣਾ ਪੈਂਦਾ ਹੈ। ਇੱਥੇ ਬੱਸਾਂ ਅਤੇ ਟਰੱਕਾਂ ਦਾ ਹੈਵੀ ਟਰੈਫਿਕ ਹੈ। ਇਸ ਦੀ ਕਿਸੇ ਨੇ ਰਿਪੇਅਰ ਨਹੀਂ ਕਰਵਾਈ ਹੈ। ਸਪੀਕਰ ਸਾਹਿਬ, ਮੇਰੀ ਆਪ ਜੀ ਦੇ ਰਾਹੀਂ ਮੰਤਰੀ ਸਾਹਿਬ ਨੂੰ ਹੱਥ ਜੋੜ ਕੇ ਬੇਨਤੀ ਹੈ ਕਿ ਪਲੀਜ਼ ਇਸ ਵੱਲ ਧਿਆਨ ਦਿੱਤਾ ਜਾਵੇ। ਤੁਸੀਂ ਮੈਨੂੰ ਐਸ਼ੋਰੈਂਸ ਦੇਵੋ ਕਿ ਸਟੇਟ ਫੰਡਾਂ ਰਾਹੀਂ ਇਸ ਦੀ ਰਿਪੇਅਰ ਕੀਤੀ ਜਾਵੇਗੀ। ਇਸ ਨੂੰ ਟਾਈਮ ਬਾਊਂਡ ਕਰੋ ਤੇ ਪਲੀਜ਼ ਇਸ ਦੀ ਰਿਪੇਅਰ ਕਰਵਾਓ।

**ਮਾਨਯੋਗ ਸਪੀਕਰ:** ਮੰਤਰੀ ਸਾਹਿਬ, ਕੀ ਤੁਸੀਂ ਇਸ ਸੜਕ ਨੂੰ ਜਲਦੀ ਰਿਪੇਅਰ ਕਰਵਾਓਗੇ?

**ਮੰਤਰੀ:** ਮਾਨਯੋਗ ਸਪੀਕਰ ਸਾਹਿਬ, ਮਾਨਯੋਗ ਮੈਂਬਰ ਸਾਹਿਬ ਦੀ ਗੱਲ ਬਿਲਕੁਲ ਠੀਕ ਹੈ ਕਿ ਇਸ ਰੋਡ ਦੀ ਰਿਪੇਅਰ 2013-14 ਵਿੱਚ ਹੋਈ ਸੀ। ਇਸ ਦੀ ਰਿਪੇਅਰ 2018 ਵਿੱਚ due ਸੀ ਜੋ ਕਿ ਸਾਲ 2018-21 ਦੇ ਸਾਲਾਂ ਦੌਰਾਨ ਕਿਸੇ ਸਾਲ ਵਿੱਚ ਵੀ ਇਸ ਦੀ ਰਿਪੇਅਰ ਨਹੀਂ ਕਰਵਾਈ ਗਈ ਪਰ ਫਿਰ ਵੀ ਅਸੀਂ ਸਟੇਟ

ਫੰਡਜ਼ ਦੇ ਵਿੱਚੋਂ ਫੰਡਜ਼ ਅਲਾਉਟ ਕਰਕੇ 6 ਕਿਲੋਮੀਟਰ ਤੋਂ ਲੈ ਕੇ 17 ਕਿਲੋਮੀਟਰ ਤੱਕ ਇਸ ਦੀ ਰਿਪੇਅਰ ਸ਼ੁਰੂ ਕਰਵਾ ਦਿੱਤੀ ਹੈ। ਬਾਕੀ ਸੜਕ ਦੀਆਂ ਜਿਹੜੀਆਂ ਪਿਕਚਰਜ਼ ਮਾਨਯੋਗ ਮੈਂਬਰ ਸਾਹਿਬ ਨੇ ਦਿਖਾਈਆਂ ਹਨ, ਉਹ ਇਸ ਸੜਕ ਦੀਆਂ 17 ਕਿਲੋਮੀਟਰ ਤੋਂ ਲੈ ਕੇ 31.28 ਕਿਲੋਮੀਟਰ ਤੱਕ ਦੀਆਂ ਫੋਟੋਆਂ ਹਨ। 17 ਕਿਲੋਮੀਟਰ ਤੋਂ 31 ਕਿਲੋਮੀਟਰ ਤੱਕ ਇਸ ਦਾ ਤਖਮੀਨਾ ਤਿਆਰ ਹੋ ਚੁੱਕਾ ਹੈ। ਮੈਂ ਪਹਿਲਾਂ ਵੀ ਦੱਸਿਆ ਹੈ ਕਿ ਅਸੀਂ ਇਸ ਨੂੰ ਭੇਜ ਚੁੱਕੇ ਹਾਂ ਔਰ ਸਾਨੂੰ ਪੂਰਨ ਉਮੀਦ ਹੈ ਕਿ ਇਹ 31.03.2023, ਇਸੇ ਹੀ financial year ਤੱਕ ਇਸ ਦੀ ਪ੍ਰਵਾਨਗੀ ਮਿਲ ਜਾਵੇਗੀ। ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਜੇਕਰ ਕਿਸੇ ਕਾਰਨ ਕਰਕੇ 31.03.2023 ਤੱਕ ਸੀ.ਆਰ.ਪੀ.ਐਫ. ਵਿੱਚ ਇਸ ਦੀ ਪ੍ਰਵਾਨਗੀ ਨਹੀਂ ਮਿਲਦੀ ਹੈ ਤਾਂ ਅਸੀਂ ਸਟੇਟ ਗੌਰਮਿੰਟ ਵੱਲੋਂ ਇਸ ਸੜਕ ਦੀ ਸਟੇਟ ਫੰਡ ਦੇ ਵਿੱਚੋਂ ਰਿਪੇਅਰ ਕਰਵਾਉਣ ਦੀ ਹਰ ਸੰਭਵ ਕੋਸ਼ਿਸ਼ ਕਰਾਂਗੇ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸ਼੍ਰੀਮਤੀ ਗਨੀਵ ਕੌਰ ਮਜੀਠੀਆ ਆਪਣੀ ਸੀਟ ਤੇ ਖੜ੍ਹੇ ਹੋ ਕੇ ਸਪਲੀਮੈਂਟਰੀ ਦੀ ਮੰਗ ਕਰ ਰਹੇ ਸਨ। )

**ਮਾਨਯੋਗ ਸਪੀਕਰ:** ਗਨੀਵ ਜੀ, ਸਪਲੀਮੈਂਟਰੀਜ਼ ਦੋ ਹੀ ਹੁੰਦੀਆਂ ਹਨ। ਚਲੋ, ਬੋਲੋ ਜੀ।

**ਸ਼੍ਰੀਮਤੀ ਗਨੀਵ ਕੌਰ ਮਜੀਠੀਆ:** ਸਰ, ਪਰਪੋਜ਼ਲ ਇਨ੍ਹਾਂ ਨੇ ਸਾਲ 2022-23 ਦੀ ਦਿੱਤੀ ਸੀ। ਸਾਲ 2022-23 ਤਾਂ ਪੂਰਾ ਹੋਣ ਵਾਲਾ ਹੈ। ਇਸ ਦੀ ਪਰਪੋਜ਼ਲ ਤਾਂ ਕੈਂਸਲ ਹੋ ਗਈ ਹੈ। ਪਹਿਲਾਂ ਵੀ ਸਟੇਟ ਫੰਡਾਂ ਨਾਲ ਸੜਕ ਦੀ ਰਿਪੇਅਰ ਕੀਤੀ ਗਈ ਸੀ ਤਾਂ ਹੁਣ ਸਟੇਟ ਫੰਡਾਂ ਨਾਲ ਇਸ ਦੀ ਰਿਪੇਅਰ ਕਿਉਂ ਨਹੀਂ ਕਰਵਾਈ ਜਾ ਸਕਦੀ ਹੈ? Why are they treating us like step-children? Why can they not do it from the State funds.

**ਮਾਨਯੋਗ ਸਪੀਕਰ:** ਮੰਤਰੀ ਜੀ, ਕੀ ਤੁਸੀਂ ਮਤਰੇਈ ਮਾਂ ਵਾਲਾ ਸਲੂਕ ਤਾਂ ਨਹੀਂ ਕਰਦੇ? (ਹਾਸਾ)

**ਮੰਤਰੀ:** ਮਾਨਯੋਗ ਸਪੀਕਰ ਸਾਹਿਬ, ਮੈਂਬਰ ਸਾਹਿਬ ਨੇ ਦੱਸਿਆ ਹੈ ਕਿ 2022-23 ਨਿਕਲ ਚੁੱਕਾ ਹੈ। ਸਾਲ 2022-23 ਦੇ ਵਿੱਚ ਅਸੀਂ ਪਰਪੋਜ਼ਲ ਭੇਜੀ ਹੈ। ਅਸੀਂ ਦਸੰਬਰ, 2022 ਵਿੱਚ ਪਰਪੋਜ਼ਲ ਭੇਜੀ ਹੈ। ਸੈਂਟਰਲ ਗੌਰਮਿੰਟ ਨੂੰ 31.03.2023 ਤੱਕ ਇਸ ਸਬੰਧੀ ਕੋਈ ਨਾ ਕੋਈ ਐਕਸ਼ਨ ਜ਼ਰੂਰ ਲੈਣਾ ਪਵੇਗਾ। ਸਾਨੂੰ ਆਸ ਹੈ ਕਿ ਇਸ ਦੀ ਮਨਜ਼ੂਰੀ ਮਿਲ ਜਾਵੇਗੀ। ਮੈਂ ਪਹਿਲਾਂ ਵੀ ਕਹਿ ਚੁੱਕਾ ਹਾਂ ਕਿ ਜੇ ਇਸ ਦੀ ਮਨਜ਼ੂਰੀ ਨਹੀਂ ਮਿਲਦੀ ਤਾਂ ਅਸੀਂ ਪੂਰੀ ਕੋਸ਼ਿਸ਼ ਕਰਾਂਗੇ ਕਿ ਸਟੇਟ ਫੰਡਜ਼ ਦੇ ਵਿੱਚੋਂ ਇਸ ਸੜਕ ਦੀ ਰਿਪੇਅਰ ਕਰਵਾਈ ਜਾਵੇ।

**ਮਾਨਯੋਗ ਸਪੀਕਰ:** ਗਨੀਵ ਜੀ, ਮੰਤਰੀ ਜੀ ਨੇ ਕਿਹਾ ਹੈ ਕਿ ਇਸ ਦੀ ਰਿਪੇਅਰ ਕਰਵਾ ਦਿੱਤੀ ਜਾਵੇਗੀ। ਹੁਣ ਤੁਸੀਂ ਹੋਰ ਕੀ ਕਹਾਉਣਾ ਚਾਹੁੰਦੇ ਹੋ?

**ਸ਼੍ਰੀਮਤੀ ਗਨੀਵ ਕੌਰ ਮਜੀਠੀਆ:** ਸਰ, ਸਾਡੇ ਉੱਥੇ ਬਹੁਤ deaths ਹੋ ਰਹੀਆਂ ਹਨ। ਬਹੁਤ ਐਕਸੀਡੈਂਟ ਹੋ ਰਹੇ ਹਨ। ਸਾਡੇ ਮਜੀਠੇ ਦੇ ਲੋਕਾਂ ਦੀ ਜਾਨ ਮੰਤਰੀ ਜੀ ਦੇ ਹੱਥ ਵਿੱਚ ਹੈ। If he has any sympathy for us then I request him to please get the road repaired.

**ਮਾਨਯੋਗ ਸਪੀਕਰ:** ਉਨ੍ਹਾਂ ਦਾ ਜਵਾਬ ਆ ਗਿਆ ਹੈ ਜੀ। ਮੰਤਰੀ ਜੀ ਤਾਂ ਇੰਨੇ ਦਿਆਲ ਹੋਏ ਹਨ, ਮੇਰਾ ਦਿਲ ਕਰਦਾ ਹੈ ਕਿ ਮੈਂ ਵੀ ਇਨ੍ਹਾਂ ਤੋਂ ਕੁਝ ਮੰਗ ਲਵਾਂ। ਮੰਤਰੀ ਜੀ, ਜੀ ਜਿਹੜੀ ਮੇਰੇ ਪਿੰਡ ਨੂੰ ਬਾਈਪਾਸ ਤੋਂ ਸੜਕ ਜਾਂਦੀ ਹੈ, ਉਸ ਨੂੰ ਵੀ ਰਿਪੇਅਰ ਕਰ ਦੇਵੋ।

**ਮੰਤਰੀ:** ਸਰ, ਜੰਡਿਆਲਾ ਹਲਕੇ ਦੇ ਲੋਕਾਂ ਨੇ ਬਹੁਤ ਦਿਆਲ ਹੋ ਕੇ ਵੋਟਾਂ ਪਾਈਆਂ ਹਨ। ਬੜੀ ਖੁੱਲ੍ਹਦਿਲੀ ਦੇ ਨਾਲ ਵੋਟਾਂ ਪਾਈਆਂ ਹਨ। ਸਰ, ਸਾਡਾ ਵੀ ਫਰਜ਼ ਬਣਦਾ ਹੈ ਕਿ ਉਸੇ ਹਿਸਾਬ ਨਾਲ ਕੰਮ ਕਰੀਏ।

**Mr. Speaker:** Thank you ji. ਬਾਜਵਾ ਜੀ ਕੁਝ ਕਹਿਣਾ ਚਾਹੁੰਦੇ ਹੋ? ਹਾਂ ਜੀ, ਬਾਜਵਾ ਜੀ।

ਪ.ਸ਼./ਮ.ਸ਼/10.50/10.03.2023

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਸਰ, ਜਿਹੜਾ ਸਾਡੀ ਭੈਣ ਨੇ ਸਵਾਲ ਕੀਤਾ ਹੈ, ਉਹ ਬਹੁਤ ਮਹੱਤਵਪੂਰਨ ਹੈ ਕਿਉਂਕਿ ਮੈਨੂੰ ਵੀ ਪਿਛਲੇ ਦਿਨੀਂ ਕਰਤਾਰਪੁਰ ਸਾਹਿਬ ਦੇ ਨੇੜੇ ਪਿੰਡ ਰਤਰ ਛਤਰ ਜਾਣ ਦਾ ਮੌਕਾ ਮਿਲਿਆ ਸੀ। ਇਹ ਜ਼ਰੂਰੀ ਹੈ ਅਤੇ ਇਹ ਧਾਲੀਵਾਲ ਸਾਹਿਬ ਦਾ ਵੀ ਏਰੀਆ ਹੈ।(ਵਿਘਨ, ਸ਼ੋਰ)।

**ਮਾਨਯੋਗ ਸਪੀਕਰ:** ਬੈਠੋ, ਤੁਸੀਂ ਬੈਠੋ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਅਸੀਂ ਇਹ ਬੇਨਤੀ ਕਰਾਂਗੇ ਕਿ ਇਹ ਜਲਦੀ ਕਰਵਾ ਦਿਉ ਕਿਉਂਕਿ ਇਹ ਸੜਕ ਅੰਮ੍ਰਿਤਸਰ ਸਾਹਿਬ ਅਤੇ ਕਰਤਾਰਪੁਰ ਸਾਹਿਬ ਨੂੰ ਜੋੜਦੀ ਹੈ। ਇਸ ਨੂੰ kindly ਕਰਵਾ ਦਿਉ।

**ਮਾਨਯੋਗ ਸਪੀਕਰ:** ਠੀਕ ਹੈ। ਬੈਠੋ ਬਾਜਵਾ ਜੀ। ਹਾਂ ਜੀ ਮੰਤਰੀ ਜੀ।

**ਮੰਤਰੀ:** ਸਰ, ਮਾਨਯੋਗ ਮੈਂਬਰ ਸਾਹਿਬ ਨੇ ਦੱਸਿਆ ਹੈ ਕਿ ਇਹ ਸੜਕ ਸਾਲ 2013 ਵਿੱਚ ਰਿਪੇਅਰ ਹੋਈ ਸੀ। ਸਰ, ਸਾਲ 2018 ਦੇ ਵਿੱਚ ਇਸ ਨੂੰ renew ਕਰਨ ਦਾ ਕੰਮ due ਸੀ। ਸਾਲ 2018 ਵਿੱਚ ਸੜਕ ਬਣਾਉਣ ਦੀ ਜ਼ੁੰਮੇਵਾਰੀ ਕਿਸ ਦੀ ਬਣਦੀ ਸੀ (ਥੰਪਿੰਗ), ਉਸ ਵੇਲੇ ਕਿਸ ਦੀ ਸਰਕਾਰ ਸੀ? ਸਰ, ਸਾਲ 2018 ਵਿੱਚ ਇਨ੍ਹਾਂ ਨੇ ਸੜਕ ਬਣਾਉਣੀ ਸੀ। ਸਾਲ 2018, 2019, 2020 ਅਤੇ 2021 ਵਿੱਚ ਸੜਕ ਨਹੀਂ ਬਣਾਈ ਗਈ। ਸਰ, ਅਸੀਂ ਆਉਂਦਿਆਂ ਹੀ ਸਾਲ 2022 ਵਿੱਚ ਪਰਪੋਜ਼ਲ ਭੇਜ ਦਿੱਤੀ (ਥੰਪਿੰਗ)। ਅਸੀਂ ਮੈਂਬਰ

ਸਾਹਿਬ ਨੂੰ ਭਰੋਸਾ ਵੀ ਦੇ ਦਿੱਤਾ ਕਿ ਜੇਕਰ ਸਾਨੂੰ ਸੈਂਟਰ ਤੋਂ ਫੰਡ receive ਵੀ ਨਹੀਂ ਹੁੰਦੇ ਤਾਂ ਵੀ ਸਟੇਟ ਫੰਡ ਵਿੱਚੋਂ ਇਹ ਕੰਮ ਕਰਵਾ ਦਿੱਤਾ ਜਾਵੇਗਾ। ਸਰ, ਹੁਣ ਫਿਰ ਕੀ ਰੌਲਾ ਹੈ?

**ਮਾਨਯੋਗ ਸਪੀਕਰ:** ਥੈਂਕ ਯੂ। ਕੋਈ ਰੋਲਾ ਨਹੀਂ, ਇਸੇ ਕਰਕੇ ਤਾਂ ਮੈਂ ਤੁਹਾਡੇ ਕੋਲੋਂ ਮੰਗ ਲਿਆ ਕਿ ਦਿਆਲ ਹੋਏ ਹਨ, ਮੇਰੇ ਪਿੰਡ ਵਾਲੀ ਸੜਕ ਵੀ ਬਣਾ ਦੇਣਗੇ, ਜਿਹੜੀ ਬਾਈਪਾਸ ਨੂੰ ਜਾਂਦੀ ਹੈ।

(ਇਸ ਸਮੇਂ ਵਿਰੋਧੀ ਧਿਰ ਦੇ ਨੇਤਾ ਸਰਦਾਰ ਪ੍ਰਤਾਪ ਸਿੰਘ ਬਾਜਵਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ ।)

**ਮਾਨਯੋਗ ਸਪੀਕਰ:** ਥੈਂਕ ਯੂ, ਬਾਜਵਾ ਸਾਹਿਬ। ਹੁਣ ਅਸੀਂ ਅੱਗੇ ਚੱਲਦੇ ਹਾਂ। ਉਨ੍ਹਾਂ ਨੇ ਕਹਿ ਦਿੱਤਾ ਹੈ ਕਿ ਬਣਾ ਦਿਆਂਗੇ।

----

## ਹਲਕਾ ਬਾਘਾਪੁਰਾਣਾ ਵਿੱਚ ਵਰਲਡ ਕਲਾਸ ਸਟੇਡੀਅਮ ਬਣਾਉਣਾ

***650 ਸਰਦਾਰ ਅਮ੍ਰਿਤਪਾਲ ਸਿੰਘ ਸੁਖਾਨੰਦ:** ਕੀ ਖੇਡਾਂ ਅਤੇ ਯੁਵਕ ਸੇਵਾਵਾਂ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਹਲਕਾ ਬਾਘਾਪੁਰਾਣਾ ਦੇ ਨੌਜਵਾਨਾਂ ਨੂੰ ਖੇਡਾਂ ਪ੍ਰਤੀ ਉਤਸ਼ਾਹਿਤ ਕਰਨ ਲਈ ਕੋਈ ਵਰਲਡ ਕਲਾਸ ਸਟੇਡੀਅਮ ਬਣਾਉਣ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ;

ਅ) ਕੀ ਸਰਕਾਰ ਦੀ ਪਹਿਲਾਂ ਤੋਂ ਸਹੂਲਤਾਂ ਤੋਂ ਅਧੂਰੇ ਪਏ ਗਰਾਊਂਡਾਂ ਨੂੰ ਹੀ ਸਟੇਡੀਅਮ ਵਿੱਚ ਤਬਦੀਲ ਕਰਨ ਦੀ ਕੋਈ ਯੋਜਨਾ ਹੈ: ਜੇਕਰ ਨਹੀਂ ਤਾਂ ਉਸ ਦੇ ਕੀ ਕਾਰਨ ਹਨ?

**ਮਾਨਯੋਗ ਸਪੀਕਰ:** ਸ਼੍ਰੀ ਗੁਰਮੀਤ ਸਿੰਘ ਹੇਅਰ ਜੀ, ਇਨ੍ਹਾਂ ਦੇ ਸਵਾਲ ਦਾ ਜਵਾਬ ਬਹੁਤ ਵਧੀਆ ਤਰੀਕੇ ਦੇ ਨਾਲ ਦੇਣਾ ਹੈ।

**ਖੇਡਾਂ ਅਤੇ ਯੁਵਕ ਸੇਵਾਵਾਂ ਮੰਤਰੀ :** ਸਰ, ਮੈਂਬਰ ਸਾਹਿਬ ਨੂੰ written reply ਚਲਿਆ ਗਿਆ ਹੈ। ਮੈਂ ਬੇਨਤੀ ਕਰਾਂਗਾ ਕਿ ਮੈਂਬਰ ਸਾਹਿਬ ਨੇ ਜੇਕਰ ਕੋਈ ਸਪਲੀਮੈਂਟਰੀ ਪੁੱਛਣੀ ਹੈ ਤਾਂ ਪੁੱਛ ਲੈਣ।

**ਮਾਨਯੋਗ ਸਪੀਕਰ**: ਤੁਸੀਂ ਬੋਲਦੇ ਬਹੁਤ ਸੁਹਣਾ ਹੋ। ਤੁਸੀਂ ਬੋਲ ਕੇ ਜਵਾਬ ਦਿਉ।

**ਮੰਤਰੀ:** ਸਰ, ਮੈਂਬਰ ਸਾਹਿਬ ਨੂੰ written reply ਚਲਿਆ ਗਿਆ ਹੈ।

**ਮਾਨਯੋਗ ਸਪੀਕਰ**: ਨਹੀਂ ਜੀ। ਤੁਸੀਂ ਬੋਲ ਕੇ ਜਵਾਬ ਦਿਉ।

**ਸ਼੍ਰੀ ਗੁਰਮੀਤ ਸਿੰਘ ਮੀਤ ਹੇਅਰ :** ਸ਼੍ਰੀਮਾਨ ਜੀ,

ੳ) ਹਾਲ ਦੀ ਘੜੀ ਹਲਕਾ ਬਾਘਾਪੁਰਾਣਾ ਵਿਖੇ ਵਿਸ਼ਵ ਪੱਧਰੀ ਸਟੇਡੀਅਮ ਬਣਾਉਣ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

ਅ) ਖੇਡ ਵਿਭਾਗ ਵੱਲੋਂ ਪਹਿਲਾਂ ਤੋਂ ਸਹੂਲਤਾਂ ਤੋਂ ਅਧੂਰੇ ਪਏ ਗਰਾਊਂਡਾਂ ਨੂੰ ਸਟੇਡੀਅਮ ਵਿੱਚ ਤਬਦੀਲ ਕਰਨ ਦੀ ਕੋਈ ਯੋਜਨਾ ਨਹੀਂ ਹੈ ਕਿਉਂਕਿ ਹਰ ਪਿੰਡ ਜਾਂ ਕਸਬੇ ਵਿੱਚ ਖੇਡ ਸਟੇਡੀਅਮ ਬਣਾਉਣਾ ਸੰਭਵ ਨਹੀਂ ਹੈ। ਹਰ ਇੱਕ ਪਿੰਡ ਦੀ ਪੰਚਾਇਤ ਵੱਲੋਂ ਆਪਣੇ ਪੱਧਰ ਤੇ ਲੋਕਲ ਕਲੱਬਾਂ ਅਤੇ ਐਨ.ਆਰ.ਆਈਜ਼ ਦੇ ਫੰਡਾਂ ਦੇ ਸਹਿਯੋਗ ਨਾਲ ਇਨ੍ਹਾਂ ਗਰਾਊਂਡਾਂ ਵਿੱਚ ਵਧੀਆ ਸਹੂਲਤਾਂ ਦੇਣ ਦੇ ਉਪਰਾਲੇ ਕੀਤੇ ਜਾਣੇ ਚਾਹੀਦੇ ਹਨ ਤਾਂ ਜੋ ਵੱਧ ਤੋਂ ਵੱਧ ਬੱਚਿਆਂ ਨੂੰ ਖੇਡਾਂ ਪ੍ਰਤੀ ਉਤਸ਼ਾਹਿਤ ਕੀਤਾ ਜਾ ਸਕੇ।

**ਮਾਨਯੋਗ ਸਪੀਕਰ**: ਤੁਸੀਂ ਇਸ ਤਰ੍ਹਾਂ ਕਹੋ ਕਿ ਹਲਕਾ ਬਾਘਾਪੁਰਾਣਾ ਵਿਖੇ ਵਿਸ਼ਵ ਪੱਧਰੀ ਸਟੇਡੀਅਮ ਬਣਾਉਣ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ (ਹਾਸਾ)।

**ਸਰਦਾਰ ਅਮ੍ਰਿਤਪਾਲ ਸਿੰਘ ਸੁਖਾਨੰਦ:** ਸਰ, ਸਰਕਾਰ ਖੇਡਾਂ ਲਈ ਬਹੁਤ ਕੁਝ ਕਰ ਰਹੀ ਹੈ ਪਰ ਅਜੇ ਵੀ ਮੇਰਾ ਹਲਕਾ ਬਾਘਾਪੁਰਾਣਾ ਇੱਕ ਵਧੀਆ ਖੇਡ ਸਟੇਡੀਅਮ ਤੋਂ ਵਾਂਝਾ ਹੈ। ਮੈਨੂੰ ਮਨਿਸਟਰ ਸਾਹਿਬ ਤੋਂ ਬੜੀ ਆਸ ਹੈ ਕਿ ਸਾਨੂੰ ਇਹ ਸੌਗਾਤ ਦਿੱਤੀ ਜਾਵੇਗੀ ਕਿਉਂਕਿ ਮੇਰੇ ਹਲਕੇ ਵਾਲੇ ਲੋਕ ਜਿੰਨਾ ਮੈਨੂੰ ਪਿਆਰ ਕਰਦੇ ਹਨ, ਉਸ ਤੋਂ ਵੱਧ ਇਨ੍ਹਾਂ ਨੂੰ ਕਰਦੇ ਹਨ। ਸੋ, ਮੈਂ ਇਨ੍ਹਾਂ ਨੂੰ ਇਹ ਹੀ ਬੇਨਤੀ ਕਰਦਾ ਹਾਂ ਕਿ ਸਾਨੂੰ ਇੱਕ ਵਾਰ ਵਧੀਆ ਸਟੇਡੀਅਮ ਜ਼ਰੂਰ ਦਿੱਤਾ ਜਾਵੇ। ਇਹ ਆਪ ਵੀ ਸਪੋਰਟਸਮੈਨ ਹਨ ਅਤੇ ਅਸੀਂ ਇਕੱਠੇ ਖੇਡਦੇ ਰਹੇ ਹਾਂ। ਇਸ ਲਈ ਮੇਰੇ ਹਲਕੇ ਨੂੰ ਇੱਕ ਸਟੇਡੀਅਮ ਤਾਂ ਬਣਦਾ ਹੀ ਹੈ।

**ਮਾਨਯੋਗ ਸਪੀਕਰ**: ਮੰਤਰੀ ਜੀ, ਤੁਸੀਂ ਤੋੜ ਕੇ ਜਵਾਬ ਦਿੱਤਾ ਹੈ, ਇਸ ਤਰ੍ਹਾਂ ਗੱਲ ਬਣਨੀ ਨਹੀਂ।

**ਮੰਤਰੀ:** ਸਰ, ਅਸੀਂ ਇਕੱਠੇ ਖੇਡਦੇ ਰਹੇ ਹਾਂ। ਮੈਂ ਹੁਣ ਵੀ ਖੇਡਦਾ ਹਾਂ ਪਰ ਇਹ ਅੱਜ ਕੱਲ੍ਹ ਨਹੀਂ ਖੇਡਦੇ। ਸਰ, ਮੁੱਖ ਮੰਤਰੀ ਜੀ ਦੀ ਵੀ ਇਹ ਤਰਜ਼ੀਹ ਹੈ ਕਿ ਪੰਜਾਬ ਵਿੱਖੇ ਖੇਡ ਕਲਚਰ ਨੂੰ revive ਕੀਤਾ ਜਾ ਸਕੇ। ਮੈਂ ਪਿਛਲੇ ਸਦਨ ਵਿੱਚ ਵੀ ਜ਼ਿਕਰ ਕੀਤਾ ਸੀ ਕਿ ਪਿੰਡ-ਪਿੰਡ ਗਰਾਊਂਡ ਬਣੇ। ਇਸ ਲਈ ਰੂਰਲ ਡਿਪਾਰਟਮੈਂਟ ਵੀ ਮਗਨਰੇਗਾ ਰਾਹੀਂ, ਜਾਂ ਹੋਰ ਫੰਡਾਂ ਦੇ ਰਾਹੀਂ combination ਕਰਕੇ ਸਾਰੇ ਪਿੰਡਾਂ ਦੇ ਵਿੱਚ ਗਰਾਊਂਡ ਬਣਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਅਸੀਂ ਵੀ ਸਾਰੇ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਤੋਂ ਪਰਪੋਜ਼ਲ ਮੰਗਵਾਈ ਅਤੇ ਅਸੀਂ ਸਪੋਰਟਸ ਡਿਪਾਰਟਮੈਂਟ ਵੱਲੋਂ ਗੈਪ ਫੰਡਿੰਗ ਦੇ ਕੇ 500 ਗਰਾਊਂਡ ਪਿੰਡਾਂ ਵਿੱਚ ਤਿਆਰ ਕਰ ਰਹੇ ਹਾਂ(ਥੰਪਿੰਗ)। ਜਿੱਥੋਂ ਤੱਕ ਬਾਘਾਪੁਰਾਣਾ ਵਿਖੇ ਸਟੇਡੀਅਮ ਬਣਾਉਣ ਦੀ ਗੱਲ ਹੈ, ਮੈਂ ਮੈਂਬਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਸਾਨੂੰ ਕਸਬਾ ਬਾਘਾਪੁਰਾਣਾ ਵਿਖੇ ਜਾਂ ਨੇੜਲੇ ਕਿਸੇ ਪਿੰਡ ਵਿੱਚ ਕੋਈ ਜ਼ਮੀਨ ਮੁਹੱਈਆ ਕਰਵਾ ਦੇਣ ਜਾਂ ਤੋਂ ਆਲੇ-ਦੁਆਲੇ ਪਿੰਡਾਂ ਦੇ ਬੱਚੇ ਵੀ ਉੱਥੇ ਆ ਕੇ ਖੇਡ ਸਕਣ। ਜੇਕਰ ਇਹ

ਕਸਬਾ ਬਾਘਾਪੁਰਾਣਾ ਵਿਖੇ ਜ਼ਮੀਨ ਮੁਹੱਈਆ ਕਰਵਾ ਦੇਣਗੇ ਤਾਂ ਜ਼ਿਆਦਾ ਬਿਹਤਰ ਹੋਵੇਗਾ। ਸਰ, ਇਹ ਜ਼ਮੀਨ ਮੁਹੱਈਆ ਕਰਵਾ ਦੇਣ ਅਤੇ ਉਸ ਸਬੰਧੀ ਪਰਪੋਜ਼ਲ ਬਣਾ ਕੇ ਸਾਨੂੰ ਭੇਜ ਦੇਣ, ਆਉਣ ਵਾਲੇ financial year ਵਿੱਚ ਫੰਡ ਮੁਹੱਈਆ ਕਰਵਾ ਕੇ ਸਟੇਡੀਅਮ ਦਾ ਕੰਮ ਸ਼ੁਰੂ ਕਰਵਾ ਦਿੱਤਾ ਜਾਵੇਗਾ।

**ਸਰਦਾਰ ਅਮ੍ਰਿਤਪਾਲ ਸਿੰਘ ਸੁਖਾਨੰਦ :** ਸਰ, ਆਲਰੇਡੀ ਹੀ ਅਸੀਂ ਬਾਘਾਪੁਰਾਣਾ ਨਗਰ ਕੌਂਸਲ ਅਤੇ ਪਿੰਡਾਂ ਦੀ ਪੰਚਾਇਤਾਂ ਦੇ ਨਾਲ ਗੱਲ ਕੀਤੀ ਹੈ। ਜਿੰਨੀ ਜਗ੍ਹਾ as per criterion ਇੱਕ ਖੇਡ ਸਟੇਡੀਅਮ ਲਈ ਚਾਹੀਦੀ ਹੈ, ਉਹ ਬੜੀ ਜਲਦੀ ਪ੍ਰੋਵਾਈਡ ਕਰਵਾ ਦਿੱਤੀ ਜਾਵੇਗੀ। ਇਨ੍ਹਾਂ ਨੂੰ ਬੇਨਤੀ ਹੈ ਕਿ ਇਹ ਕੰਮ ਜਲਦੀ ਤੋਂ ਜਲਦੀ ਸ਼ੁਰੂ ਕਰਵਾ ਦੇਣ ਅਤੇ ਟਾਈਮ ਬਾਊਂਡ ਕਰ ਦੇਣ।

**ਮਾਨਯੋਗ ਸਪੀਕਰ**: ਥੈਂਕ ਯੂ।ਮੰਤਰੀ ਜੀ, ਤੁਸੀਂ ਇਨ੍ਹਾਂ ਦੇ ਵਿਆਹ ਤੋਂ ਪਹਿਲਾਂ-ਪਹਿਲਾਂ ਕਰਵਾ ਦੇਵੋਗੇ (ਹਾਸਾ)?

**ਮੰਤਰੀ:** ਸਰ, ਮੈਨੂੰ ਲੱਗਦਾ ਹੈ ਕਿ ਇਹ ਵਿਆਹ ਬਹੁਤ ਜਲਦੀ ਕਰਵਾਉਣ ਜਾ ਰਹੇ ਹਨ। ਸਰ, ਇਨ੍ਹਾਂ ਦੇ ਵਿਆਹ ਤੋਂ ਪਹਿਲਾਂ ਤਾਂ ਕੰਮ ਸ਼ੁਰੂ ਨਹੀਂ ਹੋਣਾ। ਇਹ ਪਰਪੋਜ਼ਲ ਭੇਜ ਦੇਣ।

**ਮਾਨਯੋਗ ਸਪੀਕਰ**: ਚੱਲੋ, ਆਪਣੇ ਵਿਆਹ ਤੋਂ ਪਹਿਲਾਂ ਕਰਵਾ ਦਿਓ (ਹਾਸਾ)।

**ਮੰਤਰੀ:** ਸਰ, ਜਿੰਨੀ ਜਲਦੀ ਇਹ ਪਰਪੋਜ਼ਲ ਭੇਜ ਦੇਣਗੇ, ਉਨੀ ਜਲਦੀ ਕੰਮ ਸ਼ੁਰੂ ਕਰਵਾ ਦਿੱਤਾ ਜਾਵੇਗਾ।

----------

## ਕਟਾਹਰੀ ਤੋਂ ਰਾੜਾ ਸਾਹਿਬ ਜਾਣ ਵਾਲੀ ਨਹਿਰ ਤੇ ਬਣਿਆ ਪੁਲ ਚੌੜਾ ਕਰਨਾ

***449. ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ:** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਕਟਾਹਰੀ ਤੋਂ ਰਾੜਾ ਸਾਹਿਬ ਜਾਣ ਵਾਲੀ ਨਹਿਰ ਤੇ ਬਣਿਆ ਪੁਲ ਕਾਫੀ ਕਮਜ਼ੋਰ ਹੈ ਅਤੇ ਆਵਾਜਾਈ ਲਈ ਸੁਰੱਖਿਅਤ ਨਹੀਂ ਹੈ; ਜੇਕਰ ਅਜਿਹਾ ਹੈ ਤਾਂ ਕੀ ਇਸ ਦੀ ਮੁਰੰਮਤ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਸਰਦਾਰ ਹਰਭਜਨ ਸਿੰਘ**: ਕਟਾਹਰੀ ਤੋਂ ਰਾੜਾ ਸਾਹਿਬ ਜਾਣ ਵਾਲੀ ਸੜਕ ਪੰਜਾਬ ਮੰਡੀ ਬੋਰਡ ਅਧੀਨ ਹੈ ਅਤੇ ਉਨ੍ਹਾਂ ਤੋਂ ਪ੍ਰਾਪਤ ਰਿਪੋਰਟ ਅਨੁਸਾਰ ਨਹਿਰ ਤੇ ਬਣਿਆ ਪੁਲ ਆਮ ਆਵਾਜਾਈ ਲਈ ਸੁਰੱਖਿਅਤ ਹੈ ਅਤੇ ਪੁਲ ਤੰਗ ਹੋਣ ਕਰਕੇ ਆਵਾਜਾਈ ਲਈ ਨਾ ਕਾਫੀ ਹੈ। ਭਾਰੀ ਵਾਹਨਾਂ ਦੀ ਆਵਾਜਾਈ ਨੂੰ ਰੋਕਣ ਲਈ ਮੰਡੀ ਬੋਰਡ ਵੱਲੋਂ ਸਾਈਜ਼ ਗੇਜ਼ ਲਗਾਉਣ ਦੀ ਕਾਰਵਾਈ ਕੀਤੀ ਜਾ ਰਹੀ ਹੈ।

ਪੁਲ ਦੀ ਮੁੜ ਉਸਾਰੀ ਲਈ ਪੀ.ਐਮ.ਜੀ.ਐਸ.ਵਾਈ.-3 ਬੈਚ 2 ਅਧੀਨ ਸਾਲ 2022 ਰਾਹੀਂ 6.63 ਕਰੋੜ ਦੀ ਲਾਗਤ ਨਾਲ ਕਰਨ ਹਿਤ ਤਖਮੀਨਾ ਤਿਆਰ ਕਰਕੇ ਭਾਰਤ ਸਰਕਾਰ ਨੂੰ ਪ੍ਰਵਾਨਗੀ ਲਈ ਭੇਜਿਆ ਹੋਇਆ ਹੈ। ਪ੍ਰਵਾਨਗੀ ਪ੍ਰਾਪਤ ਹੋਣ ਉਪਰੰਤ ਇਸ ਪੁਲ ਦਾ ਕੰਮ ਸ਼ੁਰੂ ਕਰਵਾ ਦਿੱਤਾ ਜਾਵੇਗਾ।

**10.55/ਜਸਪਾਲ/ਮੋਨਿਕਾ/10.3.2023**

**ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ:**ਸਾਰੇ ਹਾਊਸ ਨੂੰ ਮੇਰੇ ਵੱਲੋਂ ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ। ਸਰ ਜੀ, ਅੱਜ ਦੇ ਦਿਨ ਸਾਡੀ ਸਰਕਾਰ ਬਣੀ ਸੀ, ਇਸ ਲਈ ਸਾਰਿਆਂ ਨੂੰ ਵਧਾਈਆਂ। ਸਪੀਕਰ ਸਾਹਿਬ, ਇਹ ਜਿਹੜਾ ਪੁਲ ਹੈ, ਇੱਥੇ ਇਤਿਹਾਸਕ ਗੁਰਦੁਆਰਾ ਹੈ, ਗੁਰਦੁਆਰਾ ਰਾੜਾ ਸਾਹਿਬ, ਜਿਥੇ ਕਿ ਮੱਸਿਆ ਤੇ ਸੰਗਰਾਂਦ ਨੂੰ ਕਈ ਕਈ ਕਿਲੋਮੀਟਰ ਤੱਕ ਜਾਮ ਲੱਗ ਜਾਂਦਾ ਹੈ, ਕਿਉਂਕਿ ਉਥੇ ਇਕੋ ਹੀ ਗੱਡੀ ਲੰਘ ਪਾਉਂਦੀ ਹੈ ਔਰ ਪੁਲ ਵੀ ਬਹੁਤ ਕਮਜ਼ੋਰ ਹੈ, ਤੰਗ ਹੈ। ਇਹ ਪੁਲ ਨਾ ਅਕਾਲੀਆਂ ਨੇ ਬਣਾਇਆ ਅਤੇ ਨਾ ਹੀ ਕਾਂਗਰਸੀਆਂ ਨੇ ਬਣਾਇਆ। ਅਸੀਂ ਪਿਛਲੇ ਬਹੁਤ ਸਾਲਾਂ ਤੋਂ ਰੌਲਾ ਪਾ ਰਹੇ ਹਾਂ..

**ਮਾਨਯੋਗ ਸਪੀਕਰ:** ਸਵਾਲ ਪੁੱਛੋ ਜੀ, ਸਵਾਲ ।

**ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ:** ਮੇਰਾ ਮੰਤਰੀ ਸਾਹਿਬ ਨੂੰ ਸਵਾਲ ਇਹੀ ਹੈ ਅਤੇ ਹੱਥ ਜੋੜ ਕੇ ਬੇਨਤੀ ਹੈ ਕਿ ਮੰਤਰੀ ਸਾਹਿਬ ਤੁਸੀਂ ਕੇਂਦਰ ਨੂੰ ਵਾਰ ਵਾਰ ਰਿਮਾਈਂਡਰ ਭੇਜਦੇ ਰਹੋ। ਅਗਲਾ ਰਿਮਾਈਂਡਰ ਤੁਸੀਂ ਕਦੋਂ ਭੇਜੋਗੇ? ਕਿਰਪਾ ਕਰਕੇ ਇਹ ਸਾਨੂੰ ਦੱਸ ਦਿਉ ਤਾਂ ਕਿ ਮੈਂ ਆਪਣੇ ਹਲਕੇ ਦੇ ਲੋਕਾਂ ਨੂੰ ਦੱਸ ਸਕਾਂ ਕਿ ਪੁਲ ਬੜੀ ਜਲਦੀ ਬਣਨ ਵਾਲਾ ਹੈ।

**ਮਾਨਯੋਗ ਸਪੀਕਰ:** ਮੇਰਾ ਖਿਆਲ ਹੈ ਕਿ ਜਵਾਬ ਆ ਗਿਆ ਹੈ, ਕੀ ਮੰਤਰੀ ਜੀ ਤੁਸੀਂ ਕੁੱਝ ਕਹਿਣਾ ਚਾਹੁੰਦੇ ਹੋ?

**ਮੰਤਰੀ :** ਮੈਂਬਰ ਸਾਹਿਬ ਦੀ ਗੱਲ ਬਿਲਕੁਲ ਠੀਕ ਹੈ, ਪੁਲ ਬਹੁਤ ਤੰਗ ਹੈ, ਇਸ ਦੀ ਲੰਬਾਈ 58.80 ਮੀਟਰ ਹੈ। ਇਨ੍ਹਾਂ ਨੇ ਕਿਹਾ ਕਿ ਇਹ ਨਾ ਕਾਂਗਰਸ ਨੇ ਬਣਾਇਆ, ਨਾ ਅਕਾਲੀਆਂ ਨੇ ਬਣਾਇਆ। ਮੈਂ ਇਨ੍ਹਾਂ ਨੂੰ ਇਹ ਵਿਸ਼ਵਾਸ ਦਿਵਾਉਂਦਾ ਹਾਂ ਕਿ ਆਮ ਆਦਮੀ ਪਾਰਟੀ ਇਸ ਪੁਲ ਨੂੰ ਜ਼ਰੂਰ ਬਣਾਵੇਗੀ। (ਥੰਪਿੰਗ)

**ਮਾਨਯੋਗ ਸਪੀਕਰ:** ਧੰਨਵਾਦ ਜੀ। ਆਪਾਂ ਅਗਲਾ ਸਵਾਲ, ਡਾਕਟਰ ਚਰਨਜੀਤ ਸਿੰਘ ਹੁਰਾਂ ਦਾ ਲੈ ਲਈਏ? (ਅਵਾਜ਼ਾਂ: ਠੀਕ ਹੈ ਜੀ।)

-----

**ਸੂਬੇ ਵਿਚ ਚਲਾਏ ਜਾ ਰਹੇ ਦਸ ਰੈਜ਼ੀਡੈਂਸ਼ੀਅਲ ਮੈਰੀਟੋਰੀਅਸ ਸਕੂਲਾਂ ਦੀ ਤਾਜ਼ਾ ਸਥਿਤੀ**

***723. ਡਾਕਟਰ ਚਰਨਜੀਤ ਸਿੰਘ:** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਸੂਬੇ ਵਿੱਚ ਦਸ ਰੈਜ਼ੀਡੈਂਸ਼ੀਅਲ ਮੈਰੀਟੋਰੀਅਸ ਸਕੂਲ ਪੰਜਾਬ ਸਰਕਾਰ ਦੇ ਖਰਚੇ ਤੇ ਚਲਾਏ ਜਾ ਰਹੇ ਹਨ; ਜੇਕਰ ਹਾਂ ਤਾਂ ਕੀ ਇਨ੍ਹਾਂ ਸਕੂਲਾਂ ਦੇ ਵਧੀਆ ਇੰਨਫ੍ਰਾਸਟ੍ਰਕਚਰ ਹੋਣ ਦੇ ਬਾਵਜੂਦ ਇਨ੍ਹਾਂ ਦੀ ਹਾਲਤ ਤਰਸਯੋਗ ਹੈ;

ਅ) ਕੀ ਇਨ੍ਹਾਂ ਸਕੂਲਾਂ ਨੂੰ ਸਕੂਲ ਆਫ ਐਮੀਨੈਂਸ ਵਿਚ ਤਬਦੀਲ ਕਰਨ ਦੀ ਸਰਕਾਰ ਦੀ ਕੋਈ ਤਜਵੀਜ਼ ਹੈ;

ੲ) ਕੀ ਇਨ੍ਹਾਂ ਸਕੂਲਾਂ ਵਿੱਚ ਤਾਇਨਾਤ ਟੀਚਿੰਗ ਅਤੇ ਨਾਨ ਟੀਚਿੰਗ ਸਟਾਫ ਨੂੰ ਪੱਕਾ ਕਰਨ ਦੀ ਕੋਈ ਸਮਾਂਬੱਧ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ;

ਸ) ਕੀ ਇਨ੍ਹਾਂ ਸਕੂਲਾਂ ਦੇ ਨਾਮ ਦੇ ਅੱਗੇ ਸਰਕਾਰੀ ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ, ਜੇ ਨਹੀਂ ਤਾਂ ਕੀ ਸਰਕਾਰ ਇਸ ਤੇ ਵਿਚਾਰ ਕਰੇਗੀ?

**ਸਰਦਾਰ ਹਰਜੋਤ ਸਿੰਘ ਬੈਂਸ :** ਸ਼੍ਰੀਮਾਨ ਜੀ,

ੳ) ਹਾਂ ਜੀ; ਸੂਬੇ ਵਿੱਚ ਦਸ ਰੈਜ਼ੀਡੈਂਸ਼ੀਅਲ ਮੈਰੀਟੋਰੀਅਸ ਸਕੂਲਾਂ ਦਾ ਖਰਚਾ ਪੰਜਾਬ ਸਿੱਖਿਆ ਵਿਕਾਸ ਬੋਰਡ (PEDB) ਦੁਆਰਾ ਰੱਦ ਕੀਤਾ ਜਾਂਦਾ ਹੈ। ਦੱਸਣਯੋਗ ਹੈ ਕਿ ਇਨ੍ਹਾਂ ਸਕੂਲਾਂ ਨੂੰ ਬਿਹਤਰ ਬਣਾਉਣ ਲਈ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ। ਸਮੱਗਰ ਸਿੱਖਿਆ ਸਕੀਮ ਦੇ ਤਹਿਤ ਮੈਰੀਟੋਰੀਅਸ ਸਕੂਲਾਂ ਨੂੰ ਖੇਡਾਂ ਅਤੇ ਸਰੀਰਕ ਸਿੱਖਿਆ, ਲਰਨਿੰਗ ਇਨਹਾਂਸਮੈਂਟ ਪ੍ਰੋਗਰਾਮ (ਐਲ.ਈ.ਪੀ.), ਲਾਇਬ੍ਰੇਰੀ ਦੀਆਂ ਕਿਤਾਬਾਂ ਅਤੇ ਸਕੂਲ ਗ੍ਰਾਂਟਾਂ ਦਿੱਤੀਆਂ ਜਾ ਰਹੀਆਂ ਹਨ। ਇਨ੍ਹਾਂ ਸਕੂਲਾਂ ਦੇ ਨਤੀਜੇ ਚੰਗੇ ਆ ਰਹੇ ਹਨ। ਇਸ ਸਮੇਂ ਸਮੂਹ ਮੈਰੀਟੋਰੀਅਸ ਸਕੂਲਾਂ ਵਿੱਚ 5363 ਵਿਦਿਆਰਥੀ ਪੜ੍ਹਾਈ ਕਰ ਰਹੇ ਹਨ ਅਤੇ 309 ਅਧਿਆਪਕ ਇਨ੍ਹਾਂ ਵਿਦਿਆਰਥੀਆਂ ਨੂੰ ਪੜ੍ਹਾ ਰਹੇ ਹਨ। ਇਨ੍ਹਾਂ ਸਕੂਲਾਂ ਵਿੱਚ 5363 ਬੱਚੇ ਪੜ੍ਹਦੇ ਹਨ, ਇਹ ਗਿਆਰਵੀਂ ਤੇ ਬਾਰ੍ਹਵੀਂ ਦੇ ਰੈਜੀਡੈਂਸ਼ੀਅਲ ਸਕੂਲ ਹਨ। ਇਨ੍ਹਾਂ ਸਕੂਲਾਂ ਵਿੱਚ ਵਿਦਿਆਰਥੀਆਂ ਨੂੰ ਪ੍ਰਤੀਯੋਗੀ ਪ੍ਰੀਖਿਆਵਾਂ ਦੀ ਮੁਫਤ ਤਿਆਰੀ ਕਰਵਾਈ ਜਾਂਦੀ ਹੈ ਅਤੇ ਇਨ੍ਹਾਂ ਇਮਤਿਹਾਨਾਂ ਲਈ ਲੋੜੀਂਦੀਆਂ ਕਿਤਾਬਾਂ ਵੀ ਸਕੂਲ ਲਾਇਬ੍ਰੇਰੀ ਵਿੱਚ ਹੀ ਮੁਹੱਈਆ ਕਰਵਾਈਆਂ ਜਾਂਦੀਆਂ ਹਨ। ਇਨ੍ਹਾਂ ਸਕੂਲਾਂ ਦੇ ਵਿਦਿਆਰਥੀਆਂ ਦੁਆਰਾ Joint Entrance Examination (JEE), National Eligibility cum Entrance Test (NEET), Common Law Admission Test (CLAT) ਅਤੇ ਹੋਰ ਅਜਿਹੇ ਪ੍ਰਤੀਯੋਗੀ ਪ੍ਰੀਖਿਆਵਾਂ ਕੁਆਲੀਫਾਈ ਕਰਕੇ ਉਚੇਰੀ ਪੜ੍ਹਾਈ ਹਿੱਤ ਉੱਚ ਵਿੱਦਿਅਕ ਸੰਸਥਾਵਾਂ ਵਿੱਚ ਦਾਖਲੇ ਪ੍ਰਾਪਤ ਕੀਤੇ ਜਾ ਰਹੇ ਹਨ।

ਅ) ਨਹੀਂ ਜੀ।

ੲ) ਸਰਕਾਰ ਵੱਲੋਂ ਐਡਹਾਕ, ਕੰਟਰੈਕਚੂਅਲ, ਟੈਂਪਰੇਰੀ, ਅਧਿਆਪਕਾਂ (ਰਾਸ਼ਟਰੀ ਨਿਰਮਾਤਾ) ਅਤੇ ਸਕੂਲ ਸਿੱਖਿਆ ਵਿਭਾਗ ਵਿੱਚ ਕੰਮ ਕਰਦੇ ਹੋਈ ਕਰਮਚਾਰੀਆਂ ਨੂੰ ਪੱਕਾ ਕਰਨ ਲਈ ਮਿਤੀ 7.10.2022 ਨੂੰ ਨੀਤੀ ਜਾਰੀ ਕੀਤੀ ਜਾ ਚੁੱਕੀ ਹੈ, ਇਨ੍ਹਾਂ ਸਕੂਲਾਂ ਦੇ ਜੋ ਅਧਿਆਪਕ ਅਤੇ ਹੋਰ ਕਰਮਚਾਰੀ ਇਸ ਨੀਤੀਆਂ ਦੀਆਂ ਸ਼ਰਤਾਂ ਪੂਰੀਆਂ ਕਰਦੇ ਹੋਣਗੇ ਉਨ੍ਹਾਂ ਨੂੰ ਪੱਕਾ ਕਰ ਦਿੱਤਾ ਜਾਵੇਗਾ।

ਸ) ਨਹੀਂ ਜੀ।

ਤੀਜਾ ਇਨ੍ਹਾਂ ਦੇ ਪ੍ਰਸ਼ਨ ਦਾ ਉੱਤਰ ਹੈ ਕਿ ਆਲਰੇਡੀ ਸਾਡੀ ਸਰਕਾਰ ਵੱਲੋਂ ਮਾਨਯੋਗ ਮੁੱਖ ਮੰਤਰੀ ਸਾਹਿਬ ਵੱਲੋਂ ਪਿਛਲੇ 5 ਸਤੰਬਰ ਨੂੰ ਅਧਿਆਪਕ ਦਿਵਸ ਉਤੇ Nation Builders Policy ਲੈ ਕੇ ਆਈ ਹੋਈ ਹੈ ਜਿਸ ਵਿਚ ਜਿੰਨੇ ਵੀ ਐਡਹਾਕ / ਕੰਟਰੈਕਚੂਅਲ ਟੀਚਰ ਹਨ ਜੋ ਪਿਛਲੇ 10 ਸਾਲਾਂ ਤੋਂ ਛੇ ਛੇ ਹਜ਼ਾਰ ਉਤੇ, ਵਿਚਾਰਿਆਂ ਨੇ ਬਹੁਤ ਸੰਘਰਸ਼ ਕੀਤਾ ਹੈ, ਅੱਜ ਸਿੱਖਿਆ ਮਹਿਕਮਾ ਜਿਥੇ ਖੜ੍ਹਾ ਹੈ ਤਾਂ ਇਹ ਉਨ੍ਹਾਂ ਦੀ ਮਿਹਨਤ ਹੈ ਉਨ੍ਹਾਂ ਨੂੰ ਪੱਕੇ ਕਰਨ ਲਈ ਪਾਲਿਸੀ ਆ ਚੁੱਕੀ ਹੈ, ਉਸ ਦਾ ਨੋਟੀਫਿਕੇਸ਼ਨ ਹੋ ਚੁੱਕਾ ਹੈ, ਉਸ ਦਾ ਪੋਰਟਲ ਖੁੱਲ੍ਹ ਕੇ 13769 ਟੀਚਰਾਂ ਨੇ ਉਸ ਉਤੇ ਅਪਲਾਈ ਕਰਕੇ ਵੈਰੀਫਿਕੇਸ਼ਨ it is on the last leg. ਤਾਂ ਜਿਹੜੇ ਵੀ ਟੀਚਰ ਸਿੱਖਿਆ ਵਿਭਾਗ ਵਿੱਚ ਜਿਨ੍ਹਾਂ ਨੂੰ 10 ਸਾਲ ਹੋ ਗਏ ਹਨ, ਉਹ ਸਾਰੇ ਪੱਕੇ ਕੀਤੇ ਜਾਣਗੇ ਜਿਹੜੇ ਰਹਿ ਜਾਣਗੇ ਉਨ੍ਹਾਂ ਬਾਰੇ ਉਸ ਤਰ੍ਹਾਂ ਦੇ ਆਪਾਂ ਹੱਲ ਲੱਭਾਂਗੇ।(ਥੰਪਿੰਗ)

**ਡਾਕਟਰ ਚਰਨਜੀਤ ਸਿੰਘ:** ਸਪੀਕਰ ਸਾਹਿਬ, ਮੇਰਾ ਖਿਆਲ ਹੈ ਕਿ ਪੁਰਾਣੀਆਂ ਸਰਕਾਰਾਂ ਵਿਚੋਂ ਜੇ ਕੋਈ ਹੋਰ ਵਧੀਆ ਕੰਮ ਕੀਤਾ ਗਿਆ ਤਾਂ ਇਕ ਇਹ ਸੂਬੇ ਵਿੱਚ 10 ਮੈਰੀਟੋਰੀਅਸ ਸਕੂਲ ਬਣਾਏ ਗਏ ਸੀ, ਇਹ ਇਕ ਸ਼ਲਾਘਾਯੋਗ ਕਦਮ ਸੀ ਜਿਸ ਵਿੱਚ 10000 ਦੇ ਕਰੀਬ ਆਰਥਿਕ ਤੌਰ ਉਤੇ ਜਿਹੜੇ ਕਮਜ਼ੋਰ ਬੱਚੇ ਪੜ੍ਹਦੇ ਸੀ, ਉਥੇ ਜੋ ਲੈਕਚਰਾਰ ਲੱਗੇ ਉਨ੍ਹਾਂ ਨੇ ਬਹੁਤ ਮਿਹਨਤ ਕਰਕੇ ਇਨ੍ਹਾਂ ਬੱਚਿਆਂ ਨੂੰ ਪੜ੍ਹਾਇਆ, ਉਨ੍ਹਾਂ ਵਿਚੋਂ ਕਾਫੀ ਬੱਚੇ ਮੈਡੀਕਲ ਸਟਰੀਮ ਵਿੱਚ ਵੀ ਗਏ, ਡਾਕਟਰ ਵੀ ਬਣੇ ਲੇਕਿਨ ਪਿਛਲੇ ਪੰਜ ਸਾਲ ਵਿਚ ਇਨ੍ਹਾਂ..

**ਮਾਨਯੋਗ ਸਪੀਕਰ :** ਸਵਾਲ ਪੁੱਛ ਲਵੋ ਜੀ, ਫਿਰ ਟਾਈਮ ਹੋ ਜਾਣਾ ਹੈ।

**ਡਾਕਟਰ ਚਰਨਜੀਤ ਸਿੰਘ:** ਸਰ, ਉਥੇ ਹੀ ਆ ਰਿਹਾ ਹਾਂ ਜੀ। ਇਨ੍ਹਾਂ ਮੈਰੀਟੋਰੀਅਸ ਸਕੂਲਾਂ ਦੀ ਹਾਲਤ ਬਹੁਤ ਖਰਾਬ ਹੋ ਚੁੱਕੀ ਹੈ। ਮੇਰੀ ਦੁਬਾਰਾ ਇਹੀ ਬੇਨਤੀ ਹੈ ਕਿ ਇਨ੍ਹਾਂ ਸਕੂਲਾਂ ਨੂੰ ਆਪਾਂ ਦੁਬਾਰਾ ਰੈਨੋਵੇਟ ਕਰਕੇ ਵਧੀਆ ਸਿਸਟਮ ਉਥੇ ਬਣਾ ਸਕਦੇ ਹਾਂ।

ਬ.ਕ./ਸ਼.ਜ./10.3.23/11.00

**ਮਾਨਯੋਗ ਸਪੀਕਰ:** ਪ੍ਰਸ਼ਨ ਕਾਲ ਖਤਮ ਹੁੰਦਾ ਹੈ। ਬਾਕੀ ਰਹਿੰਦੇ ਪ੍ਰਸ਼ਨ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ 38 ਅਧੀਨ ਉੱਤਰ ਦਿੱਤੇ ਗਏ ਸਮਝੇ ਜਾਣ। ਪ੍ਰਸ਼ਨ ਨੰ: 695 ਮੁਲਤਵੀ ਕੀਤਾ ਜਾਂਦਾ ਹੈ।

-----

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਸਪੀਕਰ ਸਾਹਿਬ, ਆਪੋਜ਼ੀਸ਼ਨ ਪਾਰਟੀਜ਼ ਨੇ ਬਹੁਤ ਸਾਰੇ ਸਵਾਲ ਤੁਹਾਡੇ ਕੋਲ ਭੇਜੇ ਹਨ। ਮੈਂ ਤੁਹਾਡੇ ਨਾਲ ਪਹਿਲਾਂ ਵੀ ਚਰਚਾ ਕੀਤੀ ਸੀ ਕਿ ਪਾਰਲੀਮੈਂਟ ਦੀਆਂ ਜੋ ਕਨਵੈਂਸ਼ਨਜ਼ ਹਨ, ਉਸ ਮੁਤਾਬਿਕ ਸਾਰੇ ਸਵਾਲ according to ballot ਆਉਣੇ ਹਨ। ਇਸ ਵਿੱਚ ਵੀ ਵੇਖਿਆ ਹੈ ਕਿ ਜਿੱਥੇ ਕਿਤੇ ਗੌਰਮਿੰਟ ਨੂੰ embarrassment ਹੈ, ਉਸ ਵਾਸਤੇ ਜਾਣ-ਬੁੱਝ ਕੇ ਟਾਈਮ ਮੰਗ ਲੈਂਦੇ ਹਨ ਜਾਂ ਵਕਤ ਨਹੀਂ ਆਉਣ ਦਿੰਦੇ। ਮੇਰੀ ਗੁਜਾਰਿਸ਼ ਹੈ ਕਿ ਤੁਸੀਂ ਅਗਲੇ ਸੈਸ਼ਨ ਤੋਂ balloting ਸ਼ੁਰੂ ਕਰੋ, so that ਹਰ ਆਦਮੀ ਨੂੰ ਮੌਕਾ ਮਿਲ ਸਕੇ।

**ਮਾਨਯੋਗ ਸਪੀਕਰ** : ਆਪਾਂ ਬੈਠ ਕੇ ਗੱਲ ਕਰ ਲੈਂਦੇ ਹਾਂ।

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਇਹ ਹੁਣ ਤੁਸੀਂ completely ਆਪਣੀ ਡਿਸਕ੍ਰੀਸ਼ਨ ਤੇ ਰੱਖਿਆ ਹੋਇਆ ਹੈ ਅਤੇ majority of AAP MLA's ਦੇ ਸਵਾਲ ਹਨ ਅਤੇ ਆਪੋਜ਼ੀਸ਼ਨ ਨੂੰ ਮੌਕਾ ਹੀ ਨਹੀਂ ਮਿਲਦਾ। ਜਿੱਥੇ ਮਿਲਦਾ ਹੈ, ਉਹ ਬਿਲਕੁਲ down the line place ਕੀਤੇ ਜਾਂਦੇ ਹਨ, ਉਸ ਦਾ ਟਾਈਮ ਟਪਾ ਦਿੱਤਾ ਜਾਂਦਾ ਹੈ। ਅੱਜ ਇਕ ਬਹੁਤ ਹੀ ਇੰਪਾਰਟੈਂਟ ਸਵਾਲ ਸੀ।

**Mr. Speaker** : You cannot cast aspersions on the Chair. ਠੀਕ ਹੈ ਜੀ। ਇਹ ਰੂਲਜ਼ ਦੇ ਅਗੇਂਸਟ ਹੈ। (ਵਿਘਨ...ਸ਼ੋਰ...) ਬਾਜਵਾ ਸਾਹਿਬ, ਬਿਲਕੁਲ ਨਹੀਂ। ਹੁਣ ਮੇਰੀ ਅਗਲੀ ਗੱਲ ਸੁਣ ਲਓ। ਆਪੋਜ਼ੀਸ਼ਨ ਦੇ ਕਿੰਨੇ ਸਵਾਲ ਲੱਗੇ ਹਨ, ਇਸ ਦੀ ਡਿਟੇਲ ਮੈਂ ਤੁਹਾਨੂੰ ਭੇਜ ਦੇਵਾਂਗਾ ਅਤੇ ਕਿੰਨਾ ਸਮਾਂ ਆਪੋਜ਼ੀਸ਼ਨ ਦੇ ਸਵਾਲਾਂ ਨੂੰ ਡਿਸਕਸ ਕਰਨ ਵਾਸਤੇ ਦਿੱਤਾ ਗਿਆ ਹੈ, ਉਹ ਵੀ ਤੁਹਾਨੂੰ ਭੇਜ ਦੇਵਾਂਗਾ। ਬਾਕੀ ਜਿੱਥੇ ਕਿਤੇ ਵੀ ਆਪਣੇ ਕੰਮ-ਕਾਰ ਵਿੱਚ ਇੰਪਰੂਵਮੈਂਟ ਦੀ ਲੋੜ ਹੈ, you are always welcome. ਆਪਾਂ ਬੈਠ ਕੇ ਗੱਲ ਕਰਾਂਗੇ। ਹੁਣ ਮੇਰੀ ਅਗਲੀ ਬੇਨਤੀ ਹੋਰ ਸੁਣ ਲਓ। ਪਾਰਲੀਮੈਂਟਰੀ ਡੈਮੋਕ੍ਰੇਸੀ ਵਿੱਚ ਬਜਟ ਇਕ ਬਹੁਤ ਹੀ important event ਹੁੰਦਾ ਹੈ। ਮੈਂ ਸਾਰੇ ਮਾਨਯੋਗ ਸਾਹਿਬਾਨ ਨੂੰ ਬੇਨਤੀ ਕਰਦਾ ਹਾਂ, ਮੇਰੇ ਲਈ ਸਾਰੇ ਹੀ ਇਕੋ ਜਿਹੇ ਹਨ, ਭਾਵੇਂ ਇੱਧਰ ਬੈਠੇ ਹਨ ਅਤੇ ਭਾਵੇਂ ਉੱਧੇਰ ਬੈਠੇ ਹਨ, ਕਿ ਸ਼ਾਂਤੀ ਨਾਲ ਬਜਟ ਸੁਣਿਆ ਜਾਵੇ ਅਤੇ ਉਸ ਤੋਂ ਬਾਅਦ ਇਕ ਟ੍ਰੇਨਿੰਗ ਪ੍ਰੋਗਰਾਮ ਹੋਵੇਗਾ ਤਾਂ ਕਿ ਬਜਟ ਦੀਆਂ ਜਿਹੜੀਆਂ

ਟੈਕਨੇਕੈਲਟੀਜ਼ ਹਨ, ਉਨ੍ਹਾਂ ਨੂੰ ਚੰਗੇ ਤਰੀਕੇ ਨਾਲ ਸਮਝਿਆ ਜਾਵੇ ਤਾਂ ਕਿ ਤੁਸੀਂ ਬਜਟ ਦੀ ਡਿਸਕਸ਼ਨ ਬਹੁਤ ਵਧੀਆ ਤਰੀਕੇ ਨਾਲ ਕਰੋ ਕਿਉਂਕਿ ਇਹ ਮੁਕੱਦਸ ਹਾਊਸ ਡਿਸਕਸ਼ਨ ਕਰਨ ਲਈ ਬਣਿਆ ਹੈ। ਹੁਣ ਅਸੀਂ ਏਜੰਡੇ ਦੀ ਅਗਲੀ ਆਈਟਮ ਲਵਾਂਗੇ।

------

## PRESENTATION OF BUDGET ESTIMATES FOR THE YEAR 2023-24

**ਮਾਨਯੋਗ ਸਪੀਕਰ :** ਹੁਣ ਮੈਂ ਸਰਦਾਰ ਹਰਪਾਲ ਸਿੰਘ ਚੀਮਾ, ਵਿੱਤ ਮੰਤਰੀ ਨੂੰ ਬੇਨਤੀ ਕਰਦਾ ਹਾਂ ਕਿ ਉਹ ਸਾਲ 2022-23 ਲਈ ਬਜਟ ਅਨੁਮਾਨ ਪੇਸ਼ ਕਰਨ।(ਥੰਪਿੰਗ)

**ਵਿੱਤ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ) :** ਮਾਨਯੋਗ ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ। ਸ਼ੁਕਰੀਆ। ਇਸ ਤੋਂ ਪਹਿਲਾਂ ਮੈਂ ਬਜਟ ਪੜ੍ਹਾਂ, ਮੈਂ ਸਾਰੇ ਮੈਂਬਰ ਸਾਹਿਬਾਨ ਨੂੰ ਮੁਬਾਰਕਬਾਦ ਦੇਣੀ ਚਾਹੁੰਦਾ ਹਾਂ ਕਿ ਅੱਜ ਪੂਰਾ ਇਕ ਸਾਲ ਹੋ ਗਿਆ ਹੈ, ਅੱਜ ਤੋਂ ਇਕ ਸਾਲ ਪਹਿਲਾਂ ਆਪਾਂ ਸਾਰਿਆਂ ਨੂੰ ਇਸ ਮੁਕੱਦਸ ਹਾਊਸ ਅੰਦਰ ਪੰਜਾਬ ਦੇ ਲੋਕਾਂ ਨੇ ਚੁਣ ਕੇ ਭੇਜਿਆ ਸੀ।(ਥੰਪਿੰਗ) ਮੇਰੇ ਵਲੋਂ ਸਾਰਿਆਂ ਨੂੰ ਮੁਬਾਰਕਬਾਦ।

**ਮਾਨਯੋਗ ਸਪੀਕਰ** : ਮੰਤਰੀ ਜੀ, ਇਕ ਮਿੰਟ ਜੀ। ਪੰਜਾਬ ਬਜਟ ਐਪ ਵਾਸਤੇ ਲਿੰਕ ਸਾਰੇ ਮਾਨਯੋਗ ਮੈਂਬਰ ਸਾਹਿਬਾਨ ਨੂੰ ਉਪਲਬਧ ਕਰਵਾ ਦਿੱਤਾ ਗਿਆ ਹੈ। ਜੇ ਕਿਸੇ ਮੈਂਬਰ ਸਾਹਿਬਾਨ ਨੂੰ ਉਸ ਵਾਸਤੇ ਡਿਫੀਕਲਟੀ ਆਉਂਦੀ ਹੈ ਤਾਂ ਉਨ੍ਹਾਂ ਨੂੰ ਹਾਰਡ ਕਾਪੀ ਮੁਹੱਈਆ ਕਰਵਾ ਸਕਦੇ ਹਾਂ।

(**ਕੁਝ ਆਵਾਜ਼ਾਂ** : ਦੇ ਦਿਓ ਜੀ।)

**ਮਾਨਯੋਗ ਸਪੀਕਰ** : ਠੀਕ ਹੈ ਜੀ। ਹਾਰਡ ਕਾਪੀਆਂ ਮੁਹੱਈਆ ਕਰਵਾ ਦਿੱਤੀਆਂ ਜਾਣ ਜੀ। ਮੰਤਰੀ ਜੀ, ਤੁਸੀਂ ਕੰਟੀਨਿਊ ਕਰੋ।

**ਵਿੱਤ ਮੰਤਰੀ** : ਸਪੀਕਰ ਸਾਹਿਬ, ਮੈਂ ਇਸ ਅਜ਼ੀਮ ਸਦਨ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਦਾ ਦੂਜਾ ਬਜਟ ਪੇਸ਼ ਕਰਦੇ ਹੋਏ ਮੈਨੂੰ ਮਾਣ ਮਹਿਸੂਸ ਹੋ ਰਿਹਾ ਹੈ। ਮੈਂ ਆਪ ਸਰਕਾਰ ਦੇ ਪਹਿਲੇ ਬਜਟ ਵਾਂਗ ਵਿੱਚ ਇਸ ਬਜਟ ਨੂੰ ਡਿਜ਼ੀਟਲ ਰੂਪ ਵਿੱਚ ਪੇਸ਼ ਕਰਨ ਦੀ ਇਜ਼ਾਜਤ ਦੇਣ ਲਈ ਤੁਹਾਡਾ ਤਹਿ ਦਿਲੋਂ ਸ਼ੁਕਰਗੁਜ਼ਾਰ ਹਾਂ। ਮੇਰਾ ਭਾਸ਼ਣ ਮੁੱਕਣ ਤੋਂ ਬਾਅਦ ਸਾਰੇ ਬਜਟ ਦਸਤਾਵੇਜ਼ ਮੋਬਾਇਲ ਐਪ ਵੈਬਸਾਈਟ ਤੇ ਸਾਰੇ ਮੈਂਬਰ ਸਾਹਿਬਾਨ ਨੂੰ ਉਪਲਬਧ ਹੋ ਜਾਣਗੇ।

### ਬਜਟ 2023-24

**ਹਰਪਾਲ ਸਿੰਘ ਚੀਮਾ**

***ਵਿੱਤ ਮੰਤਰੀ***

**ਦਾ ਭਾਸ਼ਣ**

ਮਾਣਯੋਗ ਸਪੀਕਰ ਸਾਹਿਬ,

1. ਇਸ ਅਜ਼ੀਮ ਸਦਨ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਦਾ ਦੂਜਾ ਬਜਟ ਪੇਸ਼ ਕਰਦੇ ਹੋਏ ਮੈਨੂੰ ਮਾਣ ਮਹਿਸੂਸ ਹੋ ਰਿਹਾ ਹੈ। ਮੈਂ ਆਪ ਸਰਕਾਰ ਦੇ ਪਹਿਲੇ ਬਜਟ ਵਾਂਗ, ਇਸ ਬਜਟ ਨੂੰ ਡਿਜੀਟਲ ਰੂਪ ਵਿੱਚ ਪੇਸ਼ ਕਰਨ ਦੀ ਇਜਾਜ਼ਤ ਦੇਣ ਲਈ ਤੁਹਾਡਾ ਤਹਿ ਦਿਲੋਂ ਸ਼ੁਕਰਗੁਜ਼ਾਰ ਹਾਂ। ਮੇਰਾ ਭਾਸ਼ਣ ਮੁੱਕਣ ਤੋਂ ਬਾਅਦ ਸਾਰੇ ਬਜਟ ਦਸਤਾਵੇਜ਼ ਮੋਬਾਈਲ ਐਪ/ਵੈਬਸਾਈਟ 'ਤੇ ਉਪਲਬਧ ਹੋਣਗੇ।

2. ਪੰਜਾਬ ਗੁਰੂਆਂ ਅਤੇ ਪੀਰਾਂ ਦੀ ਧਰਤੀ ਹੈ ਜਿਨ੍ਹਾਂ ਨੇ ਸਮੇਂ-ਸਮੇਂ 'ਤੇ ਸਾਨੂੰ ਨਰੋਏ ਅਤੇ ਖੁਸ਼ਹਾਲ ਸਮਾਜ ਦੀ ਸਿਰਜਣਾ ਲਈ ਸਾਡੀ ਰਹਿਨੁਮਾਈ ਕੀਤੀ ਹੈ। ਮੈਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ ਇਕ ਸ਼ਬਦ ਦਾ ਹਵਾਲਾ ਦੇਣਾ ਚਾਹੁੰਦਾ ਹਾਂ, ਜਿਸ ਵਿੱਚ ਉਨ੍ਹਾਂ ਨੇ ਆਪਣੇ ਅਧਿਆਤਮਿਕ ਅਸਥਾਨ ਦੀ ਸਿਰਜਣਾ ਦਾ ਪ੍ਰਗਟਾਵਾ ਕੀਤਾ ਹੈ:

***ਬੇਗਮ ਪੁਰਾ ਸਹਰ ਕੋ ਨਾਉ ॥***

***ਦੂਖੁ ਅੰਦੋਹੁ ਨਹੀ ਤਿਹਿ ਠਾਉ ॥***

ਭਾਵ "ਮੇਰਾ ਘਰ ਦੁੱਖਾਂ ਤੋਂ ਮੁਕਤ ਹੈ; ਇਸ ਵਿਚ ਦਰਦ ਅਤੇ ਚਿੰਤਾਵਾਂ ਲਈ ਕੋਈ ਥਾਂ ਨਹੀਂ ਹੈ।"

3. ਮਾਣਯੋਗ ਸਪੀਕਰ ਸਾਹਿਬ, 'ਆਪ' ਸਰਕਾਰ ਨੇ ਸ਼੍ਰੀ ਗੁਰੂ ਰਵਿਦਾਸ ਜੀ ਦੇ ਇਸ ਬੇ-ਗਮ ਪੁਰਾ ਸੰਕਲਪ ਤੋਂ ਸੇਧ ਲੈਂਦੇ ਹੋਏ, "ਰੰਗਲੇ ਪੰਜਾਬ" ਦੀ ਸਿਰਜਣਾ ਲਈ ਅਣਥੱਕ ਕਾਰਜ ਕਰਦੇ ਰਹਿਣ ਦਾ ਇਰਾਦਾ ਕੀਤਾ ਹੈ।

4. ਜਦੋਂ ਮੈਂ ਸਾਡੀ ਸਰਕਾਰ ਵੱਲੋਂ ਪਹਿਲੇ ਸਾਲ ਵਿੱਚ ਕੀਤੇ ਗਏ ਲੋਕ ਭਲਾਈ ਦੇ ਉਪਰਾਲਿਆਂ 'ਤੇ ਝਾਤ ਮਾਰਦਾ ਹਾਂ ਤਾਂ ਮੇਰੇ ਮਨ ਵਿੱਚ ਇੱਕ ਤਸੱਲੀ ਦੀ ਭਾਵਨਾ ਪੈਦਾ ਹੁੰਦੀ ਹੈ। ਮੈਂ ਇਹ ਵੀ ਜਾਣਦਾ ਹਾਂ ਕਿ ਇਹ ਆਰਾਮ ਕਰਨ ਦਾ ਸਮਾਂ ਨਹੀਂ ਹੈ। ਸਾਨੂੰ 3 ਕਰੋੜ ਪੰਜਾਬੀਆਂ ਦੀਆਂ ਲੰਬੇ ਸਮੇਂ ਤੋਂ ਅਧੂਰੀਆਂ ਇੱਛਾਵਾਂ ਨੂੰ ਪੂਰਾ ਕਰਨ ਲਈ ਦੁੱਗਣੀ ਤਾਕਤ ਨਾਲ ਕੰਮ ਕਰਨਾ ਹੋਵੇਗਾ।

5. ਸਰਦਾਰ ਭਗਵੰਤ ਸਿੰਘ ਮਾਨ ਜੀ ਸਾਫ਼-ਸੁਥਰਾ, ਪ੍ਰਭਾਵਸ਼ਾਲੀ ਅਤੇ ਕੁਸ਼ਲ ਸ਼ਾਸਨ ਪ੍ਰਦਾਨ ਕਰਨ ਲਈ ਲਗਾਤਾਰ (24*7) ਕੰਮ ਕਰ ਰਹੇ ਹਨ। ਉਨ੍ਹਾਂ ਦਾ ਭ੍ਰਿਸ਼ਟਾਚਾਰ ਨੂੰ ਜੜ੍ਹੋਂ ਪੁੱਟਣ ਦਾ ਇਰਾਦਾ ਜੱਗ-ਜਾਹਿਰ ਹੈ। ਪੰਜਾਬ ਨੂੰ ਕਈ ਲੁੱਟਣ ਵਾਲੇ ਪਹਿਲਾਂ ਹੀ ਜੇਲ੍ਹਾਂ ਵਿਚ ਬੰਦ ਹਨ। ਕਿਸੇ ਸਮੇਂ ਹਰ ਪਾਸੇ ਫੈਲਿਆ ਤੇ ਸ਼ਕਤੀਸ਼ਾਲੀ ਮਾਫੀਆ, ਅੱਜਕਲ੍ਹ ਕਿਤੇ ਨਜ਼ਰ ਨਹੀਂ ਆ ਰਿਹਾ ਹੈ। ਅਸੀਂ ਰਾਜਨੀਤਿਕ ਇੱਛਾ ਸ਼ਕਤੀ ਅਤੇ ਇਮਾਨਦਾਰੀ ਨਾਲ ਭ੍ਰਿਸ਼ਟਾਚਾਰ ਅਤੇ ਮਾਫੀਆ ਰਾਜ ਨੂੰ ਕਈ ਖੇਤਰਾਂ ਵਿੱਚੋਂ ਖ਼ਤਮ ਕਰ ਦਿੱਤਾ ਹੈ।

6. ਸਾਡੀ ਸਰਕਾਰ ਨੇ ਪਿਛਲੇ ਬਜਟ ਦੌਰਾਨ ਸਮਾਜ ਦੇ ਬੁਨਿਆਦੀ ਥੰਮ੍ਹਾਂ ਭਾਵ ਸਿੱਖਿਆ ਅਤੇ ਸਿਹਤ ਨੂੰ ਮਜ਼ਬੂਤ ਕਰਨ ਦੇ ਮਿਸ਼ਨ ਦੀ ਘੋਸ਼ਣਾ ਕੀਤੀ ਸੀ। ਇਹ ਜਾਣ ਕੇ ਖੁਸ਼ੀ ਹੁੰਦੀ ਹੈ ਕਿ 'ਆਮ ਆਦਮੀ ਕਲੀਨਿਕਾਂ' ਦੇ ਖੁੱਲ੍ਹਣ ਤੋਂ ਬਾਅਦ 10.50 ਲੱਖ ਤੋਂ ਵੱਧ ਲੋਕਾਂ ਦਾ ਮੁਫਤ ਇਲਾਜ ਕੀਤਾ ਗਿਆ। ਸਕੂਲੀ ਸਿੱਖਿਆ ਦੇ ਸਬੰਧ ਵਿਚ ਮੈਂ ਆਪਣੇ ਪਿਛਲੇ ਭਾਸ਼ਣ ਵਿੱਚ 'ਸਕੂਲ ਆਫ਼ ਐਮੀਨੈਂਸ' ਦਾ ਜ਼ਿਕਰ ਕੀਤਾ ਸੀ, ਜੋ ਹੁਣ ਹਕੀਕਤ ਹੋਣ ਜਾ ਰਹੇ ਹਨ। ਹੁਣ ਸਾਡੇ ਮੁੰਡੇ ਅਤੇ ਕੁੜੀਆਂ ਵੀ ਮਹਿੰਗੇ ਪ੍ਰਾਈਵੇਟ ਸਕੂਲਾਂ ਦੇ ਵਿਦਿਆਰਥੀਆਂ ਨਾਲ ਮੁਕਾਬਲਾ ਕਰ ਸਕਣਗੇ ਅਤੇ ਉਹ ਇਨ੍ਹਾਂ 'ਸਕੂਲ ਆਫ਼ ਐਮੀਨੈਂਸ' ਦੀ ਉਪਜ ਹੋਣ 'ਤੇ ਮਾਣ ਮਹਿਸੂਸ ਕਰਨਗੇ।

ਸਪੀਕਰ ਸਾਹਿਬ,

7. ਪੰਜਾਬ ਦੇ ਨੌਜਵਾਨਾਂ ਨੂੰ ਰੈਗੂਲਰ ਨੌਕਰੀਆਂ ਦੇਣਾ ਮਾਣਯੋਗ ਮੁੱਖ ਮੰਤਰੀ ਜੀ ਦੀ ਵੱਚਨਬੱਧਤਾ ਸੀ। ਇਸ ਵਾਅਦੇ ਨੂੰ ਪੂਰਾ ਕਰਦੇ ਹੋਏ, 'ਆਪ' ਸਰਕਾਰ ਦੁਆਰਾ ਸਰਕਾਰ ਅਤੇ ਇਸ ਦੀਆਂ ਏਜੰਸੀਆਂ ਵਿੱਚ 26,797 ਨੌਕਰੀਆਂ ਪਹਿਲਾਂ ਹੀ ਦਿੱਤੀਆਂ ਜਾ ਚੁੱਕੀਆਂ ਹਨ। ਪਿਛਲੀਆਂ ਸਰਕਾਰਾਂ ਦੇ ਉਲਟ, ਅਸੀਂ ਰੈਗੂਲਰ ਭਰਤੀ ਕਰਾਂਗੇ ਅਤੇ ਪ੍ਰਤਿਭਾਸ਼ੀਲ ਨੌਜਵਾਨਾਂ ਦੇ ਵਿਦੇਸ਼ ਜਾਣ ਦੇ ਅਮਲ ਨੂੰ ਰੋਕਣ ਵਾਸਤੇ ਪੰਜਾਬੀਆਂ ਲਈ ਨਿੱਜੀ ਖੇਤਰ ਵਿੱਚ ਨੌਕਰੀਆਂ ਦਾ ਸੁਖਾਵਾਂ ਮਾਹੌਲ ਸਿਰਜਾਂਗੇ। (ਥੰਪਿੰਗ)

8. ਸਰਦਾਰ ਭਗਵੰਤ ਸਿੰਘ ਮਾਨ ਜੀ ਵੱਲੋਂ "ਲੋਕਾਂ ਦਾ ਪੈਸਾ ਸਿਰਫ ਲੋਕਾਂ ਲਈ" ਦੇ ਮਨੋਰਥ ਨੂੰ ਮੁੱਖ ਰੱਖਦਿਆਂ ਘਰੇਲੂ ਖਪਤਕਾਰਾਂ ਨੂੰ 300 ਯੂਨਿਟ ਪ੍ਰਤੀ ਮਹੀਨਾ ਮੁਫਤ ਬਿਜਲੀ ਦੇਣ ਦੇ ਇਤਿਹਾਸਕ ਫੈਸਲੇ ਦਾ ਪੰਜਾਬ ਦੇ ਹਰ ਤਬਕੇ ਵੱਲੋਂ ਸਵਾਗਤ ਕੀਤਾ ਗਿਆ ਹੈ। ਪੰਜਾਬ ਦੇ ਲਗਭਗ 90% ਘਰਾਂ ਦਾ ਹੁਣ "ਜ਼ੀਰੋ ਬਿਜਲੀ ਬਿੱਲ" ਆ ਰਿਹਾ ਹੈ। ਇਸੇ ਤਰ੍ਹਾਂ ਆਮ ਪੰਜਾਬੀਆਂ ਲਈ ਸਰਕਾਰੀ ਰੇਤੇ ਦੀਆਂ ਖਾਣਾਂ ਖੋਲ੍ਹਣਾ

ਸਾਡੀ ਸਰਕਾਰ ਵੱਲੋਂ ਲਿਆ ਗਿਆ ਇੱਕ ਹੋਰ ਬੇਮਿਸਾਲ ਫੈਸਲਾ ਹੈ। ਹੁਣ ਆਮ ਆਦਮੀ ਆਪਣੇ ਸੁਪਨਿਆਂ ਦਾ ਘਰ ਪਹਿਲਾਂ ਦੇ ਮੁਕਾਬਲੇ ਕਿਫਾਇਤੀ ਕੀਮਤਾਂ 'ਤੇ ਬਣਾ ਸਕੇਗਾ ਜੋ ਪਹਿਲਾਂ ਕਦੇ ਨਹੀਂ ਹੋਇਆ। (ਥੰਪਿੰਗ)

9. ਸਾਡੇ ਮਾਣਯੋਗ ਮੁੱਖ ਮੰਤਰੀ ਜੀ ਦੀ ਯੋਗ ਅਗਵਾਈ ਹੇਠ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਸਥਾਈ ਖੇਤੀ ਨੂੰ ਪੰਜਾਬ ਦੀ ਸਮਾਜਿਕ ਅਤੇ ਆਰਥਿਕ ਖੁਸ਼ਹਾਲੀ ਦਾ ਆਧਾਰ ਮੰਨਦੇ ਹੋਏ, ਖੇਤੀ ਵਿਭਿੰਨਤਾ ਲਈ ਅਹਿਮ ਕਦਮ ਚੁੱਕੇ ਹਨ। ਇਸ ਦਿਸ਼ਾ ਵਿੱਚ ਝੋਨੇ ਦੀ ਸਿੱਧੀ ਬਿਜਾਈ ਨੂੰ ਉਤਸ਼ਾਹਿਤ ਕਰਨਾ, ਸਰਕਾਰ ਵੱਲੋਂ ਮੂੰਗੀ ਦੀ ਖਰੀਦ ਅਤੇ ਮਿਲਕਫੈੱਡ ਦੇ ਉਤਪਾਦਾਂ ਲਈ ਸ਼ਾਨਦਾਰ ਮੰਡੀਕਰਨ ਯੋਜਨਾ, ਮੋਹਰੀ ਕਦਮ ਸਨ। ਇਸ ਸਾਲ ਦਾ ਬਜਟ ਖੇਤੀਬਾੜੀ ਦੇ ਖਿੱਤੇ ਨੂੰ ਹੋਰ ਹੁਲਾਰਾ ਦੇਵੇਗਾ, ਜਿਸ ਦੀ ਝਲਕ ਮੇਰੇ ਭਾਸ਼ਣ ਦੇ ਅਗਲੇ ਪੈਰ੍ਹਿਆਂ ਵਿੱਚ ਦੇਖਣ ਨੂੰ ਮਿਲੇਗੀ।

10. ਸਾਡੀ ਸਰਕਾਰ ਨੇ ਪਿਛਲੇ ਸਾਲ ਰਾਜ ਦੀ ਵਿੱਤੀ ਸਥਿਤੀ ਬਾਰੇ ਵਾਈਟ ਪੇਪਰ ਜਾਰੀ ਕੀਤਾ ਸੀ, ਜਿਸ ਰਾਹੀਂ ਪਿਛਲੀਆਂ ਸਰਕਾਰਾਂ ਕਾਰਨ ਹੋਏ ਮਾੜੇ ਵਿੱਤੀ ਹਾਲਾਤਾਂ ਨੂੰ ਡੂੰਘਾਈ ਨਾਲ ਉਜਾਗਰ ਕੀਤਾ ਗਿਆ ਸੀ। ਸਾਡੀ ਸਰਕਾਰ ਨੂੰ ਹਜ਼ਾਰਾਂ ਕਰੋੜ ਰੁਪਏ ਦੀਆਂ ਬਕਾਇਆ ਦੇਣਦਾਰੀਆਂ ਵਿਰਾਸਤ ਵਿੱਚ ਮਿਲੀਆਂ ਹਨ। ਇਥੇ ਮੈਂ ਸਵਰਗੀ ਰਾਹਤ ਇੰਦੌਰੀ ਸਾਹਿਬ ਦਾ ਇੱਕ ਸ਼ੇਅਰ ਪੜ੍ਹਨਾ ਚਾਹਾਂਗਾ–

***ਹਮ ਸੇ ਪਹਲੇ ਭੀ ਮੁਸਾਫ਼ਿਰ ਕਈ ਗੁਜ਼ਰੇ ਹੋਂਗੇ***

***ਕਮ ਸੇ ਕਮ ਰਾਹ ਕੇ ਪੱਥਰ ਤੋ ਹਟਾਤੇ ਜਾਤੇ (ਥੰਪਿੰਗ)***

11. ਆਮ ਆਦਮੀ ਪਾਰਟੀ ਦੀ ਸਰਕਾਰ ਪਿਛਲੀਆਂ ਸਰਕਾਰਾਂ ਦੁਆਰਾ ਪੈਦਾ ਕੀਤੀਆਂ ਗਈਆਂ ਰੁਕਾਵਟਾਂ ਨੂੰ ਦੂਰ ਕਰਨ ਦੀ ਪੂਰੀ ਕੋਸ਼ਿਸ਼ ਕਰ ਰਹੀ ਹੈ। ਸਾਡੀ ਸਰਕਾਰ ਵੱਲੋਂ ਪੰਜਾਬ ਐਗਰੀਕਲਚਰ ਡਿਵੈਲਪਮੈਂਟ ਬੈਂਕ, ਪਨਸਪ, ਪੰਜਾਬ ਐਗਰੋ ਵਰਗੀਆਂ ਸੰਸਥਾਵਾਂ ਨੂੰ ਇਸ ਸਾਲ ਵੱਡੀ ਵਿੱਤੀ ਰਾਹਤ ਪ੍ਰਦਾਨ ਕੀਤੀ ਗਈ। ਇਸ ਤੋਂ ਇਲਾਵਾ, ਸਾਡੀ ਸਰਕਾਰ ਨੇ ਜ਼ਿਲ੍ਹਾ ਸਹਿਕਾਰੀ ਬੈਂਕਾਂ ਨੂੰ ਪੂੰਜੀ ਪ੍ਰਦਾਨ ਕੀਤੀ, ਮਿਲਕਫੈਡ ਨੂੰ ਗ੍ਰਾਂਟ ਦਿੱਤੀ ਅਤੇ ਸਾਡੇ ਮਿਹਨਤੀ ਗੰਨਾ ਕਾਸ਼ਤਕਾਰਾਂ ਨੂੰ ਸਮੇਂ ਸਿਰ ਭੁਗਤਾਨ ਕਰਨ ਲਈ, ਮਿੱਲਾਂ ਅਤੇ ਸ਼ੂਗਰਫੈੱਡ ਨੂੰ ਗ੍ਰਾਂਟ ਮੁਹੱਈਆ ਕਰਵਾਈ ਗਈ ਅਤੇ ਇਸ ਮੰਤਵ ਲਈ ਕੁੱਲ 2,000 ਕਰੋੜ ਰੁਪਏ ਦਿੱਤੇ ਗਏ।

12. ਪਿਛਲੀ ਸਰਕਾਰ ਵੱਲੋਂ ਛੇਵੇਂ ਤਨਖਾਹ ਕਮਿਸ਼ਨ ਵਿਚ ਕੀਤੀ ਗਈ ਦੇਰੀ ਦੇ ਅਸਰ ਦਾ ਸਾਹਮਣਾ

ਸਾਡੀ ਸਰਕਾਰ ਨੇ ਮੌਜੂਦਾ ਵਿੱਤੀ ਵਰ੍ਹੇ ਵਿੱਚ ਕੀਤਾ। ਸਾਡੀ ਸਰਕਾਰ ਨੇ ਅਕਤੂਬਰ 2022 ਤੋਂ 6% ਡੀਏ ਜਾਰੀ ਕਰਕੇ, ਯੂਜੀਸੀ ਤਨਖਾਹ ਸਕੇਲਾਂ ਅਤੇ ਦੂਜੇ ਰਾਸ਼ਟਰੀ ਨਿਆਂਇਕ ਤਨਖਾਹ ਕਮਿਸ਼ਨ ਨੂੰ ਲਾਗੂ ਕਰਕੇ, ਸਾਡੇ ਅਧਿਕਾਰੀਆਂ, ਕਰਮਚਾਰੀਆਂ ਅਤੇ ਪੈਨਸ਼ਨਰਾਂ ਪ੍ਰਤੀ ਆਪਣੀ ਵਚਨਬੱਧਤਾ ਦਿਖਾਈ ਹੈ। ਜਦਕਿ ਇਹ ਲਾਭ ਪਿਛਲੀ ਸਰਕਾਰ ਦੁਆਰਾ ਅਦਾ ਕੀਤੇ ਜਾਣੇ ਬਣਦੇ ਸਨ। ਇਸ ਬਦੌਲਤ ਸਰਕਾਰੀ ਖਜ਼ਾਨੇ ’ਤੇ 1,150 ਕਰੋੜ ਰੁਪਏ ਦਾ ਵਿੱਤੀ ਬੋਝ ਪਵੇਗਾ।

13. ਇਸ ਤੋਂ ਇਲਾਵਾ, ਰਹਿੰਦੀਆਂ ਦੇਣਦਾਰੀਆਂ ਦਾ ਭੁਗਤਾਨ ਅਤੇ ਜ਼ਮੀਨੀ ਪੱਧਰ ’ਤੇ ਕੰਮਾਂ ਨੂੰ ਹੁਲਾਰਾ ਦੇਣ ਲਈ, ਸਾਡੀ ਸਰਕਾਰ ਨੇ ਵੱਖ-ਵੱਖ ਕੇਂਦਰੀ ਸਪਾਂਸਰਡ ਸਕੀਮਾਂ ਨਾਲ ਸਬੰਧਿਤ ਪਿਛਲੇ ਸਾਲਾਂ ਦਾ ਲਗਭਗ 1,750 ਕਰੋੜ ਰੁਪਏ ਦਾ ਅਣਵੰਡਿਆ ਕੇਂਦਰੀ ਹਿੱਸਾ ਜਾਰੀ ਕੀਤਾ ਹੈ, ਜੋ ਪਿਛਲੀਆਂ ਸਰਕਾਰਾਂ ਨੇ ਰੋਕਿਆ ਹੋਇਆ ਸੀ।

14. ਆਪਣੇ ਪਹਿਲੇ ਬਜਟ ਭਾਸ਼ਣ ਦੌਰਾਨ, ਮੈਂ ਆਪਣੀ ਸਰਕਾਰ ਦੇ ਵੱਲੋਂ ਤਿੰਨ ਮੁੱਖ ਖੇਤਰਾਂ, ਭਾਵ ਸੁੱਚਜਾ ਰਾਜ ਪ੍ਰਬੰਧ, ਸਿੱਖਿਆ ਅਤੇ ਸਿਹਤ ਵਿੱਚ ਸੁਧਾਰ ਅਤੇ ਮਾਲੀਆ ਇਕੱਠਾ ਕਰਨ ’ਤੇ ਕੰਮ ਕਰਨ ਦਾ ਵਾਅਦਾ ਕੀਤਾ ਸੀ। ਮੈਨੂੰ ਇਹ ਦੱਸਦੇ ਹੋਏ ਖੁਸ਼ੀ ਹੋ ਰਹੀ ਹੈ ਕਿ ਸਾਡੀ ਸਰਕਾਰ ਨੇ ਤਿੰਨਾਂ ਮਾਪਦੰਡਾਂ ਨੂੰ ਪੂਰਾ ਕੀਤਾ ਹੈ। ਮੈਂ ਹਰ ਪੰਜਾਬੀ ਨੂੰ ਇਹ ਭਰੋਸਾ ਦਿਵਾਉਣਾ ਚਾਹੁੰਦਾ ਹਾਂ ਕਿ ਉਨ੍ਹਾਂ ਦੀਆਂ ਉਮੀਦਾਂ ਨੂੰ ਨੀਤੀਆਂ ਅਤੇ ਪ੍ਰੋਗਰਾਮਾਂ ਵਿੱਚ ਬਦਲਿਆ ਜਾ ਰਿਹਾ ਹੈ, ਜਿਨ੍ਹਾਂ ਨੂੰ ਆਉਣ ਵਾਲੇ ਸਮੇਂ ਵਿਚ ਬੂਰ ਪਏਗਾ।

15. ਮਾਲੀਏ ਨੂੰ ਵਧਾਉਣ ਵੱਲ ਕਦਮ ਚੁੱਕਦੇ ਹੋਏ, ਸੁਚੱਜੇ ਰਾਜ ਪ੍ਰਬੰਧ, ਸਿਹਤ ਅਤੇ ਸਿੱਖਿਆ ਖੇਤਰਾਂ ਦਾ ਵਿਸਤਾਰ ਕਰਦੇ ਹੋਏ, ਇਸ ਸਾਲ ਲਈ ਫੋਕਸ ਏਰੀਆਜ਼ ਇਸ ਤਰ੍ਹਾਂ ਹੋਣਗੇ:-

(ੳ) ਖੇਤੀਬਾੜੀ ਅਤੇ ਸਹਾਇਕ ਧੰਦਿਆਂ ਨੂੰ ਉਤਸ਼ਾਹਿਤ ਕਰਕੇ ਕਿਸਾਨਾਂ ਅਤੇ ਮਜਦੂਰਾਂ ਦੀ ਆਮਦਨ ਨੂੰ ਵਧਾਉਣ ’ਤੇ ਧਿਆਨ ਕੇਂਦਰਿਤ ਕਰਨਾ;

(ਅ) ਉਦਯੋਗਿਕ ਤਰੱਕੀ ਲਈ ਇੱਕ ਅਨੁਕੂਲ ਮਾਹੌਲ ਪੈਦਾ ਕਰਨਾ;

(ੲ) ਆਰਥਿਕਤਾ ਵਿਚ ਵਾਧਾ ਕਰਨ ਲਈ, ਸਮਝਦਾਰੀ ਨਾਲ ਪੂੰਜੀ ਨਿਵੇਸ਼ ਰਾਹੀਂ ਬੁਨਿਆਦੀ ਢਾਂਚੇ ਦੇ ਵਿਕਾਸ ਨੂੰ ਤਰਜੀਹ ਦੇਣਾ, ਅਤੇ

(ਸ) ਰਾਜ ਵਿੱਤ ਦਾ ਮਜ਼ਬੂਤੀਕਰਨ-ਸੰਪਤੀ ਮੁਦਰੀਕਰਨ ਦੁਆਰਾ ਵਿੱਤੀ ਸਾਧਨਾਂ ਨੂੰ ਵਧਾਉਣਾ ਅਤੇ

ਤਰਕਸ਼ੀਲ ਢੰਗ ਨਾਲ ਖਰਚ ਕਰਨਾ।

ਮਾਣਯੋਗ ਸਪੀਕਰ ਸਾਹਿਬ,

16. ਮੈਨੂੰ ਇਹ ਦੱਸਦੇ ਹੋਏ ਅਫਸੋਸ ਹੁੰਦਾ ਹੈ ਕਿ ਕੇਂਦਰ ਸਰਕਾਰ ਨੂੰ ਵਾਰ-ਵਾਰ ਬੇਨਤੀਆਂ ਕਰਨ ਦੇ ਬਾਵਜੂਦ, ਵੀ ਉਹ ਰਾਜ ਦੀਆਂ 9,035 ਕਰੋੜ ਰੁਪਏ ਦੀਆਂ ਲੰਬੇ ਸਮੇਂ ਤੋਂ ਲਟਕਦੀਆਂ ਜਾਇਜ਼ ਮੰਗਾਂ ਨੂੰ ਅਣਗੌਲਿਆਂ ਕਰ ਰਹੀ ਹੈ। ਉਦਾਹਰਨ ਲਈ, 15ਵੇਂ ਵਿੱਤ ਕਮਿਸ਼ਨ ਦੁਆਰਾ ਗਠਿਤ ਡਾ. ਰਮੇਸ਼ ਚੰਦ ਸਬ-ਕਮੇਟੀ ਨੇ ਆਪਣੀ ਰਿਪੋਰਟ ਵਿੱਚ 31,000 ਕਰੋੜ ਰੁਪਏ ਦੇ ਕਲੀਨ ਟਰਮ ਲੋਨ ਨਾਲ ਸਬੰਧਿਤ 6,155 ਕਰੋੜ ਰੁਪਏ ਦੇ ਜਾਇਜ਼ ਦਾਅਵਿਆਂ ਦੀ ਪੁਸ਼ਟੀ ਕੀਤੀ ਸੀ, ਜਿਸ ਦਾ ਭੁਗਤਾਨ ਸੂਬੇ ਨੂੰ ਨਹੀਂ ਕੀਤਾ ਗਿਆ ਹੈ। ਇਸ ਤੋਂ ਇਲਾਵਾ, ਖਰੀਦੇ ਗਏ ਅਨਾਜ ’ਤੇ 3% ਦੀ ਦਰ ਨਾਲ ਵਸੂਲੀ ਜਾਣ ਵਾਲੀ ਪੇਂਡੂ ਵਿਕਾਸ ਫੀਸ ਨਾਲ ਸਬੰਧਿਤ 2,880 ਕਰੋੜ ਰੁਪਏ ਵੀ ਕੇਂਦਰ ਸਰਕਾਰ ਦੁਆਰਾ ਜਾਰੀ ਨਹੀਂ ਕੀਤੇ ਗਏ। (ਥੰਪਿੰਗ)

17. ਭਾਰਤ ਸਰਕਾਰ ਦੁਆਰਾ ਪੈਦਾ ਕੀਤੀਆਂ ਜਾ ਰਹੀਆਂ ਮੁਸ਼ਕਿਲਾਂ ਅਤੇ ਸਾਡੀਆਂ ਪਿਛਲੀਆਂ ਸਰਕਾਰਾਂ ਦੁਆਰਾ ਛੱਡੇ ਗਏ ਵਿਰਾਸਤੀ ਵਿੱਤੀ ਸੰਕਟ ਦੇ ਬਾਵਜੂਦ, ਸਾਡੀ ਸਰਕਾਰ ਪ੍ਰੋਗਰਾਮਾਂ ਅਤੇ ਨੀਤੀਆਂ ਰਾਹੀਂ ਆਮ ਪੰਜਾਬੀਆਂ ਨੂੰ ਵਿੱਤੀ ਰਾਹਤ ਪ੍ਰਦਾਨ ਕਰਨ ਵਿੱਚ ਕੋਈ ਕਸਰ ਨਹੀਂ ਛੱਡ ਰਹੀ ਹੈ।

## ਮੌਜੂਦਾ ਆਰਥਿਕ ਸਥਿਤੀ

18. ਹੁਣ, ਮੈਂ ਰਾਜ ਦੇ ਮੁੱਖ ਮੈਕਰੋ-ਆਰਥਿਕ ਸੂਚਕਾਂ ਦੀ ਇੱਕ ਸੰਖੇਪ ਜਾਣਕਾਰੀ, ਇਸ ਅਜ਼ੀਮ ਸਦਨ ਦੇ ਸਾਹਮਣੇ ਪੇਸ਼ ਕਰਨਾ ਚਾਹਾਂਗਾ। ਅਗਾਊਂ ਅਨੁਮਾਨਾਂ ਦੇ ਅਨੁਸਾਰ, ਮੌਜੂਦਾ ਸਾਲ ਲਈ ਪੰਜਾਬ ਦਾ ਜੀ.ਐਸ.ਡੀ.ਪੀ. 6,38,023 ਕਰੋੜ ਰੁਪਏ ਰਿਹਾ, ਜੋ ਕਿ ਪਿਛਲੇ ਸਾਲ 2021-22 ਦੇ ਮੁਕਾਬਲੇ 9.24% ਦਾ ਵਾਧਾ ਹੈ। ਵਿੱਤੀ ਸਾਲ 2023-24 ਲਈ ਰਾਜ ਦੀ ਅਨੁਮਾਨਤ ਜੀ.ਐਸ.ਡੀ.ਪੀ. 6,98,635 ਕਰੋੜ ਰੁਪਏ ਹੋਵੇਗੀ। ਸਾਲ 2022-23 ਵਿੱਚ ਪੰਜਾਬ ਦੇ ਜੀ.ਐਸ.ਡੀ.ਪੀ. ਵਿੱਚ ਸੇਵਾਵਾਂ ਖੇਤਰ ਦਾ ਸਭ ਤੋਂ ਵੱਧ 45.91%, ਖੇਤੀਬਾੜੀ ਖੇਤਰ ਦਾ 28.94% ਅਤੇ ਉਦਯੋਗਿਕ ਖੇਤਰ ਦਾ 25.15% ਯੋਗਦਾਨ ਰਿਹਾ। ਪਰ, ਭਾਰਤ ਦੇ 18.11% ਦੇ ਸਮੁੱਚੇ ਯੋਗਦਾਨ ਦੇ ਮੁਕਾਬਲੇ ਖੇਤੀਬਾੜੀ ਖੇਤਰ ਅਜੇ ਵੀ ਰਾਜ ਦੇ ਜੀ.ਐਸ.ਡੀ.ਪੀ. ਵਿੱਚ ਪ੍ਰਮੁੱਖ ਭੂਮਿਕਾ ਨਿਭਾਉਂਦਾ ਹੈ। ਇਸ ਤੋਂ ਇਲਾਵਾ, ਵਿੱਤੀ ਸਾਲ 2022-23 ਵਿੱਚ ਮੌਜੂਦਾ ਕੀਮਤਾਂ ’ਤੇ ਪੰਜਾਬ ਦੀ ਪ੍ਰਤੀ ਵਿਅਕਤੀ ਆਮਦਨ 7.40% ਦੀ ਵਾਧਾ ਦਰ ਨਾਲ 1,73,873 ਰੁਪਏ ਰਹੀ।

ਜਨਤਕ ਵਿੱਤ ਦਾ ਮਜਬੂਤੀਕਰਨ

19. ਮੈਨੂੰ ਇਹ ਦੱਸਦਿਆਂ ਖੁਸ਼ੀ ਹੋ ਰਹੀ ਹੈ ਕਿ ਰਾਜ ਦੇ ਵਿੱਤ ਪ੍ਰਬੰਧਨ ਵਿੱਚ ਵਿੱਤੀ ਸੂਝ-ਬੂਝ ਅਤੇ ਕੁਸ਼ਲਤਾ ਲਿਆਉਣ ਲਈ ਵਾਅਦੇ ਅਨੁਸਾਰ ਲੋੜੀਂਦੇ ਉਪਾਅ ਕੀਤੇ ਜਾ ਰਹੇ ਹਨ। ਸ਼ੁਰੂ ਵਿਚ ਟੈਕਸ ਇੰਟੈਲੀਜੈਂਸ ਯੂਨਿਟ ਨੂੰ ਵਿਧੀਵਤ ਤੌਰ 'ਤੇ ਅਧਿਸੂਚਿਤ ਕੀਤਾ ਗਿਆ ਹੈ, ਜੋ ਵਿੱਤੀ ਸਾਲ 2023-24 ਵਿੱਚ ਪੂਰੀ ਤਰ੍ਹਾਂ ਕਾਰਜਸ਼ੀਲ ਹੋ ਜਾਵੇਗਾ, ਇਹ ਯੂਨਿਟ ਕਰ-ਦਾਤਾਵਾਂ ਦੁਆਰਾ ਕੀਤੀਆਂ ਕਰ ਚੋਰੀਆਂ ਦਾ ਪਤਾ ਲਗਾਉਣ ਅਤੇ ਵਸੂਲੀ ਕਰਨ ਲਈ ਪ੍ਰਣਾਲੀਗਤ ਟੂਲ ਵਿਕਸਿਤ ਕਰੇਗਾ। ਰਾਜ ਦੇ ਮਾਲੀਏ ਨੂੰ ਹੋਰ ਵਧਾਉਣ ਲਈ ਕਰ ਅਤੇ ਗੈਰ-ਕਰ ਮਾਲੀਏ ਦੀਆਂ ਸੰਪੂਰਨ ਤੰਤਰ ਦੀ ਜਾਂਚ ਕਰਨ ਲਈ ਮਾਹਿਰਾਂ ਦੀਆਂ ਸੇਵਾਵਾਂ ਲਈਆਂ ਜਾ ਰਹੀਆਂ ਹਨ।

20. ਰਾਜ ਦੇ ਵਿੱਤ ਨੂੰ ਲੀਹ ਤੇ ਲਿਆਉਣ ਲਈ ਅਤੇ ਰਾਜ ਦੇ ਕਰਜੇ ਨੂੰ ਉਤਾਰਨ ਦੇ ਦੂਹਰੇ ਉਦੇਸ਼ਾਂ ਨਾਲ, ਸਾਡੀ ਸਰਕਾਰ ਨੇ ਵਿੱਤੀ ਸਾਲ 2022-23 ਵਿਚ ਕੰਸੋਲੀਡੇਟਿਡ ਸਿਕਿੰਗ ਫੰਡ (ਸੀ.ਐਸ.ਐਫ) ਵਿਚ 3,000 ਕਰੋੜ ਰੁਪਏ ਦਾ ਯੋਗਦਾਨ ਪਾਇਆ ਹੈ। ਜਦੋਂ ਕਿ ਪਿਛਲੀਆਂ ਸਰਕਾਰਾਂ ਵੱਲੋਂ ਪਿਛਲੇ 5 ਸਾਲਾਂ ਦੌਰਾਨ ਪਾਇਆ ਗਿਆ ਯੋਗਦਾਨ ਕੇਵਲ 2,988 ਕਰੋੜ ਰੁਪਏ ਸੀ। (ਥੰਪਿੰਗ)

21. ਇਸ ਤੋਂ ਇਲਾਵਾਂ ਪ੍ਰਬੰਧਕੀ ਵਿਭਾਗਾਂ ਦੇ ਕੰਮਕਾਜ ਨੂੰ ਸੁਖਾਲਾ ਬਣਾਉਣ ਲਈ, ਖਰਚੇ ਦੇ ਅਧਿਕਾਰਾਂ ਨੂੰ ਸਬੰਧਿਤ ਵਿਭਾਗਾਂ ਨੂੰ ਸੌਂਪ ਦਿੱਤਾ ਗਿਆ ਹੈ ਜੋ ਪਹਿਲਾਂ ਵਿੱਤ ਵਿਭਾਗ ਦੇ ਅਧਿਕਾਰ ਖੇਤਰ ਵਿਚ ਸਨ।

22. ਅਸੀਂ ਕੇਂਦਰ ਸਰਕਾਰ ਕੋਲ ਇਹ ਮੁੱਦਾ ਵੀ ਉਠਾ ਰਹੇ ਹਾਂ ਕਿ ਪੰਜਾਬ ਰਾਜ ਨੂੰ ਉੱਚ ਲਾਗਤ ਵਾਲੇ ਪਹਿਲਾਂ ਲਏ ਕਰਜਿਆਂ ਦੀ ਥਾਂ ਪੁਰਾਣੇ ਸਮਿਆਂ ਵਿਚ ਮਹਿੰਗੇ ਕਰਜ਼ਿਆਂ ਨੂੰ ਘੱਟ ਵਿਆਜ ਰੇਟ ਵਾਲੇ ਕਰਜਿਆ ਵਿੱਚ ਤਬਦੀਲ ਕੀਤਾ ਜਾਵੇ। ਜਿਵੇਂ ਕਿ ਨੈਸ਼ਨਲ ਸਮਾਲ ਸੇਵਿੰਗ ਫੰਡ ਲੋਨ ਜਿਨ੍ਹਾਂ ਦੀ ਵਿਆਜ ਦਰ 9.50% ਤੋਂ 10.50% ਹੈ, ਨੂੰ ਬਜ਼ਾਰ ਵਿਚ ਪ੍ਰਚਲਿਤ ਲਗਭਗ 7.60% ਦੀ ਘੱਟ ਵਿਆਜ ਦਰ ਦੇ ਨਾਲ ਸਵੈਪ ਕੀਤਾ ਜਾਵੇ। ਇਸ ਨਾਲ ਰਾਜ ਨੂੰ ਆਪਣੀ ਮੁਸ਼ਕਲ ਵਿੱਤੀ ਸਥਿਤੀ ਤੋਂ ਉਭਰਨ ਅਤੇ ਰਾਜ ਦੀਆਂ ਵਿਆਜ ਦੇਣਦਾਰੀਆਂ ਨੂੰ ਘਟਾਉਣ ਵਿਚ ਮਦਦ ਮਿਲੇਗੀ।

ਬਜਟ 2023-24

ਮਾਣਯੋਗ ਸਪੀਕਰ ਸਾਹਿਬ,

23. ਮੈਂ ਵਿੱਤੀ ਸਾਲ 2023-24 ਲਈ 1,96,462 ਕਰੋੜ ਰੁਪਏ ਦੇ ਕੁਲ ਬਜਟ ਖਰਚ ਦੀ ਤਜਵੀਜ਼ ਰੱਖਦਾ ਹਾਂ ਜੋ ਵਿੱਤੀ ਸਾਲ 2022-23 (ਬਜਟ ਅਨੁਮਾਨ) ਦੇ ਮੁਕਾਬਲੇ 26% ਦੇ ਵਾਧੇ ਨੂੰ ਦਰਸਾਉਂਦਾ ਹੈ। ਪ੍ਰਭਾਵੀ ਮਾਲੀਆ ਘਾਟਾ ਅਤੇ ਵਿੱਤੀ ਘਾਟਾ ਕ੍ਰਮਵਾਰ 3.32% ਅਤੇ 4.98% ਤੇ ਅਨੁਮਾਨਤ ਹੈ। (ਥੰਪਿੰਗ)

24. ਮੈਂ 1,23,441 ਕਰੋੜ ਰੁਪਏ ਦੇ ਰਾਜ ਦੇ ਮਾਲੀਆ ਖਰਚੇ ਦਾ ਅਨੁਮਾਨ ਪੇਸ਼ ਕਰਦਾ ਹਾਂ ਜੋ ਕਿ ਵਿੱਤੀ ਸਾਲ 2022-23 (ਬਜਟ ਅਨੁਮਾਨ) ਦੇ ਮੁਕਾਬਲੇ 14% ਦਾ ਵਾਧਾ ਦਰਸਾਉਂਦਾ ਹੈ। ਇਸ ਵਿੱਚੋਂ, 74,620 ਕਰੋੜ ਰੁਪਏ ਬੱਝਵਾ ਖਰਚਾ ਲਈ ਤਜਵੀਜ਼ਤ ਹੈ, ਜੋ ਕਿ ਵਿੱਤੀ ਸਾਲ 2022-23 (ਬਜਟ ਅਨੁਮਾਨ) ਦੀ ਤੁਲਨਾ ਵਿੱਚ 12% ਵੱਧ ਹੈ।

25. ਬਜਟ ਪ੍ਰਭਾਵੀ ਪੂੰਜੀਗਤ ਖਰਚੇ ਦਾ ਬਜਟ ਅਨੁਮਾਨ 11,782 ਕਰੋੜ ਰੁਪਏ ਹੈ ਜੋ ਕਿ ਵਿੱਤੀ ਸਾਲ 2022-23 (ਸੋਧੇ ਅਨੁਮਾਨ) ਨਾਲੋਂ 22% ਵੱਧ ਹੈ। ਸਰਕਾਰ ਵਿੱਤੀ ਸਾਲ 2023-24 ਦੌਰਾਨ ਵਿਕਾਸ ਗਤੀਵਿਧੀਆਂ ਲਈ ਇੱਕ ਟੀਚਾਗਤ ਪਹੁੰਚ ਅਪਣਾਏਗੀ।

26. ਹੁਣ, ਮੈਂ ਵਿੱਤੀ ਸਾਲ 2023-24 ਦੌਰਾਨ ਰਾਜ ਦੇ ਵੱਖ-ਵੱਖ ਖੇਤਰਾਂ ਵਿੱਚ ਕੀਤੀਆਂ ਜਾਣ ਵਾਲੀਆਂ ਪਹਿਲਕਦਮੀਆਂ ਅਤੇ ਪ੍ਰੋਗਰਾਮਾਂ ਲਈ ਤਜਵੀਜ਼ਤ ਬਜਟ ਉਪਬੰਧਾਂ ਦੇ ਨਾਲ ਵਿਕਾਸ ਦੀ ਰੂਪ-ਰੇਖਾ ਪੇਸ਼ ਕਰਨਾ ਚਾਹਾਂਗਾ।

## ਖੇਤੀਬਾੜੀ ਅਤੇ ਕਿਸਾਨ ਭਲਾਈ

ਸਪੀਕਰ ਸਾਹਿਬ,

***ਮੈਂ ਡਾ. ਐੱਮ.ਐੱਸ. ਸਵਾਮੀਨਾਥਨ ਦੇ ਸ਼ਬਦ ਦੁਹਰਾਵਾਂਗਾ, ਜਿਨ੍ਹਾਂ ਨੇ ਕਿਹਾ ਸੀ ਕਿ "ਜੇਕਰ ਖੇਤੀਬਾੜੀ ਅਸਫ਼ਲ ਹੋ ਜਾਂਦੀ ਹੈ, ਤਾਂ ਫਿਰ ਹੋਰ ਕੁਝ ਵੀ ਸਫ਼ਲ ਨਹੀਂ ਹੋਵੇਗਾ" (ਥੰਪਿੰਗ)***

27. ਪੰਜਾਬ ਦੇ ਸਮਾਜ ਅਤੇ ਆਰਥਿਕਤਾ ਵਿੱਚ ਖੇਤੀਬਾੜੀ ਦੀ ਮਹੱਤਤਾ ਨੂੰ ਅਣਗੌਲਿਆ ਨਹੀਂ ਕੀਤਾ ਜਾ ਸਕਦਾ। ਸਾਡੇ ਸੂਬੇ ਦੇ ਮਿਹਨਤੀ ਕਿਸਾਨਾਂ ਨੇ ਆਪਣੇ ਦਮ 'ਤੇ ਸਮੁੱਚੇ ਭਾਰਤ ਦਾ ਢਿੱਡ ਭਰਿਆ ਹੈ, ਪਰ ਅਫ਼ਸੋਸ ਹੈ ਕਿ ਪਿਛਲੀਆਂ ਸਾਰੀਆਂ ਕੇਂਦਰ ਅਤੇ ਸੂਬਾ ਸਰਕਾਰਾਂ ਨੇ ਹਮੇਸ਼ਾ ਉਨ੍ਹਾਂ ਨਾਲ ਮਤਰੇਈ ਮਾਂ ਵਾਲਾ ਸਲੂਕ ਕੀਤਾ ਹੈ। ਮੈਂ ਸਿਰ ਝੁਕਾਂਕੇ ਅਤੇ ਹੱਥ ਜੋੜ ਕੇ, ਸਾਡੇ ਕਿਸਾਨਾਂ ਦੁਆਰਾ ਆਪਣੇ ਦੇਸ਼ ਲਈ ਕੀਤੇ ਕੰਮਾਂ ਦੀ ਪ੍ਰਸੰਸਾ ਕਰਦਾ ਹਾਂ। ਮੈਂ ਖੇਤੀਬਾੜੀ ਅਤੇ ਸਹਾਇਕ ਖੇਤਰਾਂ ਲਈ ਸਾਲ 2023-24 ਲਈ

13,888 ਕਰੋੜ ਰੁਪਏ ਦੇ ਉਪਬੰਧ ਦੀ ਤਜਵੀਜ਼ ਰੱਖਦਾ ਹਾਂ ਜੋ ਕਿ ਪਿਛਲੇ ਸਾਲ ਦੇ ਮੁਕਾਬਲੇ 20% ਵੱਧ ਹੈ। ਪੰਜਾਬ ਅੰਦਰ ਕਿਸਾਨੀ ਅਤੇ ਖੇਤੀ ਲਈ ਇੱਕ ਵੱਡਾ ਵਾਧਾ ਕੀਤਾ ਗਿਆ ਹੈ, ਤਾਂ ਕਿ ਪੰਜਾਬ ਦੀ ਖੇਤੀਬਾੜੀ ਨੂੰ ਹੋਰ ਤਰੱਕੀਆਂ ਦੀਆਂ ਲੀਹਾਂ ਵੱਲ ਲਿਜਾ ਸਕੀਏ। (ਥੰਪਿੰਗ)

28. ਆਪਣੇ ਬੱਚਿਆਂ ਦਾ ਢਿੱਡ ਭਰਨ ਵਿੱਚ ਰੁੱਝੀ ਹੋਈ ਮਾਂ ਵਾਂਗ ਪੰਜਾਬ ਨੇ ਆਪਣੀ ਹਾਲਤ ਦੀ ਚਿੰਤਾ ਨਹੀਂ ਕੀਤੀ। ਅੱਜ, ਸਾਡੀ ਮਿੱਟੀ ਕੁਦਰਤੀ ਪੌਸ਼ਟਿਕ ਤੱਤ ਗੁਆ ਚੁੱਕੀ ਹੈ, ਪਾਣੀ ਦਾ ਪੱਧਰ ਬਹੁਤ ਹੇਠਾਂ ਚਲਾ ਗਿਆ ਹੈ, ਰਸਾਇਣਕ ਖਾਦਾਂ ਅਤੇ ਕੀਟਨਾਸ਼ਕਾਂ ਨੇ ਸਾਡੇ ਵਾਤਾਵਰਣ ਨੂੰ ਜ਼ਹਿਰੀਲਾ ਕਰ ਦਿੱਤਾ ਹੈ। ਇਸ ਲਈ ਢੁੱਕਵਾਂ ਸਮਾਂ ਹੈ ਕਿ ਸੁਧਾਰ ਲਈ ਕਦਮ ਚੁੱਕੇ ਜਾਣ। ਇਸ ਦਿਸ਼ਾ ਵੱਲ ਵਧਦੇ ਹੋਏ, ਸਾਡੀ ਸਰਕਾਰ ਨੇ ਕੁਦਰਤੀ ਸਰੋਤਾਂ ਦੀ ਸੰਭਾਲ ਅਤੇ ਕਿਸਾਨਾਂ ਦੀ ਆਮਦਨ ਵਧਾਉਣ ਦੇ ਉਦੇਸ਼ ਨਾਲ "ਨਵੀਂ ਖੇਤੀ ਨੀਤੀ" ਲਿਆਉਣ ਦਾ ਪ੍ਰਸਤਾਵ ਰੱਖਿਆ ਹੈ। ਅਸੀਂ ਰਾਜ ਲਈ ਇੱਕ ਵਿਆਪਕ ਖੇਤੀ ਨੀਤੀ ਤਿਆਰ ਕਰਨ ਲਈ ਮਾਹਿਰਾਂ ਦੀ ਇੱਕ ਕਮੇਟੀ ਦਾ ਗਠਨ ਪਹਿਲਾਂ ਹੀ ਕਰ ਚੁੱਕੇ ਹਾਂ। ਬੜੀ ਜਲਦੀ ਨਵੀਂ ਖੇਤੀ ਪੰਜਾਬ ਦੇ ਅੰਦਰ ਆਵੇਗੀ ।

29. ਸਾਡੇ ਮਾਣਯੋਗ ਮੁੱਖ ਮੰਤਰੀ ਜੀ ਦੀ ਇੱਕ ਸਲਾਹਕਾਰੀ ਅਤੇ ਭਾਗੀਦਾਰੀ ਵਾਲੀ ਪਹਿਲ ਸਰਕਾਰ-ਕਿਸਾਨ ਮਿਲਣੀ ਨੂੰ ਪੰਜਾਬ ਦੇ ਕਿਸਾਨਾਂ ਵੱਲੋਂ ਭਰਵਾਂ ਹੁੰਗਾਰਾ ਮਿਲਿਆ ਹੈ। ਆਉਣ ਵਾਲੇ ਮਹੀਨਿਆਂ ਵਿੱਚ ਅਜਿਹੀਆਂ ਹੋਰ ਮਿਲਣੀਆਂ ਦਾ ਆਯੋਜਨ ਕੀਤਾ ਜਾਵੇਗਾ, ਜਿਸ ਦਾ ਉਦੇਸ਼ ਸਾਡੇ ਕਿਸਾਨਾਂ ਦੀਆਂ ਸਮੱਸਿਆਵਾਂ ਨੂੰ ਸਮਝਣ ਅਤੇ ਹੱਲ ਕਰਨ ਅਤੇ ਨੀਤੀਗਤ ਪਹਿਲਕਦਮੀਆਂ ਲਈ ਉਨ੍ਹਾਂ ਦੀ ਪ੍ਰਤੀਕਿਰਿਆ/ਸੁਝਾਅ ਪ੍ਰਾਪਤ ਕਰਨਾ ਹੋਵੇਗਾ। ਤਾਂ ਕਿ ਅਸੀਂ ਅੱਛੀ ਖੇਤੀ ਨੀਤੀ ਨੂੰ ਅੱਗੇ ਲਿਜਾ ਸਕੀਏ।

30. ਮੈਂ ਇਹ ਵੀ ਦੱਸਣਾ ਚਾਹਾਂਗਾ ਕਿ ਇਸ ਸਾਲ, ਸਟੇਟ ਨੋਡਲ ਏਜੰਸੀ ਪਨਸੀਡ ਦੁਆਰਾ ਟ੍ਰੈਕ ਐਂਡ ਟਰੇਸ ਸਿਸਟਮ ਰਾਹੀਂ 38 ਕਰੋੜ ਰੁਪਏ ਦੇ 1 ਲੱਖ ਕੁਇੰਟਲ ਕੁਆਲਿਟੀ ਵਾਲੇ ਬੀਜਾਂ ਦੀ ਖਰੀਦ ਕੀਤੀ ਗਈ ਸੀ ਅਤੇ ਲਗਭੱਗ 50,000 ਕਿਸਾਨਾਂ ਨੂੰ 10 ਕਰੋੜ ਰੁਪਏ ਦੇ ਸਬਸਿਡੀ ਵਾਲੇ ਬੀਜ ਮੁਹੱਈਆ ਕਰਵਾਏ ਗਏ ਸਨ। ਇਸ ਪਹਿਲਕਦਮੀ ਤਹਿਤ ਇਹ ਯਕੀਨੀ ਬਣਾਇਆ ਗਿਆ ਹੈ ਕਿ ਸੂਬੇ ਦੇ ਕਿਸਾਨਾਂ ਨੂੰ ਚੰਗੀ ਕੁਆਲਿਟੀ ਵਾਲੇ ਬੀਜ ਉਪਲਬਧ ਕਰਵਾਏ ਜਾਣ।

ਵਿਭਿੰਨਤਾ (ਡਾਇਵਰਸੀਫਿਕੇਸ਼ਨ)

31. ਇਹ ਦੱਸਦਿਆਂ ਮੈਨੂੰ ਬਹੁਤ ਖੁਸ਼ੀ ਮਹਿਸੂਸ ਹੋ ਰਹੀ ਹੈ ਕਿ ਆਮ ਆਦਮੀ ਪਾਰਟੀ ਸਰਕਾਰ ਨੇ

ਖੇਤੀ ਵਿਭਿੰਨਤਾ ਨੂੰ ਵੱਡਾ ਹੁਲਾਰਾ ਦੇਣ ਦਾ ਫੈਸਲਾ ਕੀਤਾ ਹੈ। ਇਸ ਵਿੱਚ ਬਾਸਮਤੀ ਦੀ ਖਰੀਦ ਲਈ ਸਰਕਾਰ ਸ਼ਾਮਲ ਹੋਵੇਗੀ, ਜਿਸ ਲਈ ਇੱਕ ਰਿਵਾਲਵਿੰਗ ਫੰਡ ਬਣਾਇਆ ਜਾਵੇਗਾ; ਕਪਾਹ ਦੇ ਬੀਜਾਂ 'ਤੇ 33% ਸਬਸਿਡੀ ਅਤੇ ਸਾਡੇ ਕਿਸਾਨਾਂ ਨੂੰ ਗੁਣਵੱਤਾ ਵਾਲੇ ਬੀਜ ਉਪਲਬਧ ਕਰਵਾਉਣ ਲਈ ਟਰੈਕ ਐਂਡ ਟਰੇਸ ਮੈਕੇਨਿਜ਼ਮ ਸਥਾਪਿਤ ਕਰੇਗੀ। ਵਿੱਤੀ ਸਾਲ 2023-24 ਵਿੱਚ ਵਿਭਿੰਨਤਾ 'ਤੇ ਇੱਕ ਵਿਸ਼ੇਸ਼ ਯੋਜਨਾ ਲਈ 1,000 ਕਰੋੜ ਰੁਪਏ ਦੇ ਸ਼ੁਰੂਆਤੀ ਬਜਟ ਰਾਖਵੇਂਕਰਨ ਦੀ ਤਜਵੀਜ਼ ਰੱਖਦਾ ਹਾਂ।

32. ਸਾਡੀ ਸਰਕਾਰ ਨੇ ਹਰੇਕ ਪਿੰਡ ਵਿੱਚ ਵਿਸਤਾਰ ਸੇਵਾਵਾਂ ਪ੍ਰਦਾਨ ਕਰਨ ਅਤੇ ਕਿਸਾਨਾਂ ਦੇ ਘਰ-ਘਰ ਜਾ ਕੇ ਸੂਚਨਾ ਅਤੇ ਜਾਣਕਾਰੀ ਦੇਣ ਲਈ 2,574 'ਕਿਸਾਨ ਮਿੱਤਰ' ਨੂੰ ਸ਼ਾਮਲ ਕਰਨ ਦਾ ਫੈਸਲਾ ਕੀਤਾ ਹੈ। ਇਸ ਨਾਲ ਨਾ ਸਿਰਫ਼ ਪਿੰਡ ਪੱਧਰ 'ਤੇ ਰੁਜ਼ਗਾਰ ਪੈਦਾ ਹੋਵੇਗਾ ਸਗੋਂ ਕਿਸਾਨਾਂ ਨੂੰ ਖੇਤੀ ਵਿਚ ਵਧੀਆ ਢੰਗ ਅਪਣਾਉਣ ਵਿਚ ਵੀ ਮਦਦ ਮਿਲੇਗੀ। ਅਸੀਂ 2574 ਕਿਸਾਨ ਮਿੱਤਰਾਂ ਦੀ ਭਰਤੀ ਕਰਾਂਗੇ ਤਾਂ ਕਿ ਕਿਸਾਨਾਂ ਨੂੰ ਸਮੇਂ ਸਿਰ ਪਤਾ ਲਗ ਸਕੇ ਕਿ ਫਸਲ ਨੂੰ ਕਿਸ ਚੀਜ਼ ਦੀ ਲੋੜ ਹੈ ਤੇ ਕਿਸ ਦੀ ਲੋੜ ਨਹੀਂ ਹੈ। ਕਿਸਾਨ ਨੂੰ ਆਪਣੇ ਚੰਗੇ ਤੇ ਬੁਰੇ ਦਾ ਪਤਾ ਲੱਗ ਸਕੇ। ਕੁਝ ਲੋਕ ਜੋ ਗੁੰਮਰਾਹ ਕਰਦੇ ਹਨ, ਉਨ੍ਹਾਂ ਤੋਂ ਕਿਸਾਨਾਂ ਦਾ ਬਚਾਅ ਹੋ ਸਕੇ।

33. ਸਾਡੀ ਸਰਕਾਰ ਖੇਤੀ ਵਿੱਚ ਟਿਕਾਊ ਅਤੇ ਪਾਣੀ ਬਚਾਉਣ ਵਾਲੀਆਂ ਪ੍ਰਮੁੱਖ ਪਹਿਲਕਦਮੀਆਂ ਲਈ ਲੋੜੀਂਦੀ ਬਜਟ ਸਹਾਇਤਾ ਜਾਰੀ ਰੱਖੇਗੀ। ਇਸ ਸਾਲ ਦੌਰਾਨ 30,312 ਕਿਸਾਨਾਂ ਨੂੰ 1,500 ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ "ਝੋਨੇ ਦੀ ਸਿੱਧੀ ਬਿਜਾਈ" ਕਰਨ ਤੇ 25 ਕਰੋੜ ਰੁਪਏ ਦੀ ਵਿੱਤੀ ਸਹਾਇਤਾ ਜਾਰੀ ਕੀਤੀ ਗਈ। ਆਉਣ ਵਾਲੇ ਝੋਨੇ ਦੇ ਸੀਜ਼ਨ ਵਿੱਚ ਹੋਰ ਜ਼ਿਆਦਾ ਕਿਸਾਨਾਂ ਵੱਲੋਂ "ਝੋਨੇ ਦੀ ਸਿੱਧੀ ਬਿਜਾਈ" ਕੀਤੇ ਜਾਣ ਦੀ ਉਮੀਦ ਹੈ। ਸਾਡੀ ਸਰਕਾਰ ਨੇ ਪਹਿਲੀ ਵਾਰ ਐਮ.ਐਸ.ਪੀ. ਤੇ ਮੂੰਗੀ ਦੀ ਖਰੀਦ ਕੀਤੀ ਅਤੇ 20,898 ਕਿਸਾਨਾਂ ਨੂੰ ਲਾਭ ਪਹੁੰਚਾਉਂਦੇ ਹੋਏ ਕੁੱਲ 79 ਕਰੋੜ ਰੁਪਏ ਦੀ ਰਕਮ ਟਰਾਂਸਫਰ ਕੀਤੀ। ਮੈਂ ਅਗਲੇ ਵਿੱਤੀ ਸਾਲ ਵਿੱਚ ਇਨ੍ਹਾਂ ਦੋ ਪਹਿਲਕਦਮੀਆਂ ਲਈ 125 ਕਰੋੜ ਰੁਪਏ ਅਲਾਟ ਕਰਨ ਦੀ ਤਜਵੀਜ਼ ਰੱਖਦਾ ਹਾਂ।

### ਪਰਾਲੀ ਸਾੜਨ ਨੂੰ ਰੋਕਣਾ

34. ਮੈਨੂੰ ਇਹ ਦੱਸਦਿਆਂ ਖੁਸ਼ੀ ਹੋ ਰਹੀ ਹੈ ਕਿ 'ਆਪ' ਸਰਕਾਰ ਵੱਲੋਂ ਕੀਤੇ ਗਏ ਸਕਾਰਾਤਮਕ ਟੀਚਾਬੱਧ ਕਦਮਾਂ ਦੇ ਨਤੀਜੇ ਵਜੋਂ, ਝੋਨੇ ਦੀ ਪਰਾਲੀ ਸਾੜਨ ਦੀਆਂ ਘਟਨਾਵਾਂ ਵਿੱਚ ਤਕਰੀਬਨ 30% ਤੱਕ

ਦੀ ਕਮੀ ਆਈ ਹੈ, ਭਾਵ ਪੰਜਾਬ ਵਿੱਚ ਸਾਉਣੀ 2021-22 ਦੌਰਾਨ 71,304 ਘਟਨਾਵਾਂ ਦੇ ਮੁਕਾਬਲੇ ਸਾਉਣੀ 2022-23 ਦੌਰਾਨ 49,922 ਘਟਨਾਵਾਂ ਵਾਪਰੀਆਂ। ਇਸ ਤੋਂ ਇਲਾਵਾ, ਸਾਡੀ ਸਰਕਾਰ ਨੇ ਪੰਜਾਬ ਵਿੱਚ ਚੱਲ ਰਹੇ ਲਗਭਗ 2,500 ਭੱਠਿਆਂ ਵਿੱਚ ਬਾਲਣ ਵਜੋਂ 20% ਕੋਲੇ ਦੀ ਥਾਂ ਝੋਨੇ ਦੀ ਪਰਾਲੀ ਦੇ ਬ੍ਰੀਕੇਟਸ ਦੀ ਵਰਤੋਂ ਕਰਨ ਨੂੰ ਨੋਟੀਫਾਈ ਕਰ ਦਿੱਤਾ ਹੈ ਜੋ ਮਿਤੀ 01.05.2023 ਤੋਂ ਲਾਗੂ ਹੋਵੇਗਾ। ਇਸ ਨਾਲ ਨਾ ਸਿਰਫ਼ ਪਰਾਲੀ ਦੇ ਪ੍ਰਬੰਧਨ ਵਿੱਚ ਮਦਦ ਮਿਲੇਗੀ ਸਗੋਂ ਵਧੀਆ ਨਤੀਜੇ ਵੀ ਸਾਹਮਣੇ ਆਉਣਗੇ।

35. ਸਾਡੀ ਸਰਕਾਰ ਝੋਨੇ ਦੀ ਪਰਾਲੀ ਨੂੰ ਸਾੜਨ ਦੀ ਇਸ ਪ੍ਰਥਾ ਨੂੰ ਖਤਮ ਕਰਨ ਲਈ ਵੱਖ-ਵੱਖ ਸੰਭਾਵਨਾਵਾਂ ਅਤੇ ਹੱਲ ਪ੍ਰਦਾਨ ਕਰਕੇ ਕਿਸਾਨਾਂ ਨੂੰ ਆਪਣੇ ਨਾਲ ਜੋੜਨਾ ਜਾਰੀ ਰੱਖੇਗੀ। ਇਸ ਤੋਂ ਇਲਾਵਾ, ਮੈਂ ਝੋਨੇ ਦੀ ਪਰਾਲੀ ਦੇ ਪ੍ਰਬੰਧਨ ਲਈ ਕਈ ਮਸ਼ੀਨਾਂ ਅਤੇ ਉਤਪਾਦਨ ਵਧਾਉਣ ਵਾਲੇ ਸੰਦ ਪ੍ਰਦਾਨ ਕਰਨ ਲਈ 'ਖੇਤੀਬਾੜੀ ਵਿਧੀ 'ਤੇ ਉਪ ਮਿਸ਼ਨ' ਦੇ ਤਹਿਤ 350 ਕਰੋੜ ਰੁਪਏ ਦੇ ਰਾਖਵੇਂਕਰਨ ਦੀ ਤਜਵੀਜ਼ ਰੱਖਦਾ ਹਾਂ।

ਕਿਸਾਨਾਂ ਨੂੰ ਮੁਫਤ ਬਿਜਲੀ

36. ਸਾਡੀ ਸਰਕਾਰ ਨੇ ਸਾਡੇ ਅੰਨਦਾਤਾ ਨੂੰ ਵਿੱਤੀ ਸਾਲ 2022-23 (ਸੋਧੇ ਅਨੁਮਾਨ) ਵਿੱਚ 9,064 ਕਰੋੜ ਰੁਪਏ ਦੀ ਮੁਫਤ ਬਿਜਲੀ ਪ੍ਰਦਾਨ ਕੀਤੀ ਹੈ। 'ਆਪ' ਸਰਕਾਰ ਇਸ ਸਹਾਇਤਾ ਨੂੰ ਜਾਰੀ ਰੱਖੇਗੀ ਅਤੇ ਵਿੱਤੀ ਸਾਲ 2023-24 ਵਿੱਚ ਇਸ ਉਦੇਸ਼ ਲਈ 9,331 ਕਰੋੜ ਰੁਪਏ ਦੀ ਰਕਮ ਰਾਖਵੀਂ ਰੱਖਣ ਦਾ ਪ੍ਰਸਤਾਵ ਰੱਖਦਾ ਹਾਂ।

ਫ਼ਸਲ ਬੀਮਾ

37. ਅਸੀਂ ਸਾਰੇ ਜਾਣਦੇ ਹਾਂ ਕਿ ਖੇਤੀ ਇੱਕ ਜੋਖਮ ਭਰਿਆ ਕਿੱਤਾ ਹੈ। ਹਰ ਸਾਲ, ਕਿਸੇ ਨਾ ਕਿਸੇ ਖੇਤਰ ਵਿਚ ਕੋਈ ਨਾ ਕੋਈ ਫਸਲ ਖਰਾਬ ਮੌਸਮ ਜਾਂ ਕਿਸੇ ਬੀਮਾਰੀ ਦੀ ਮਾਰ ਹੇਠ ਆ ਜਾਂਦੀ ਹੈ ਜਿਸ ਨਾਲ ਫਸਲ ਅਤੇ ਕਿਸਾਨਾਂ ਦਾ ਨੁਕਸਾਨ ਹੁੰਦਾ ਹੈ। ਸਾਡੀ ਸਰਕਾਰ ਦੇ ਨੇਕ ਇਰਾਦੇ ਨੂੰ ਪ੍ਰਗਟ ਕਰਦਿਆਂ ਮੈਂ ਐਲਾਨ ਕਰਨਾ ਚਾਹੁੰਦਾ ਹਾਂ ਕਿ ਕਿਸਾਨਾਂ ਨੂੰ ਮੌਸਮ ਦੀਆਂ ਤਬਦੀਲੀਆਂ ਅਤੇ ਹੋਰ ਬੇਯਕੀਨੀਆਂ ਤੋਂ ਬਚਾਉਣ ਲਈ ਫ਼ਸਲ ਬੀਮਾ ਪ੍ਰਦਾਨ ਕੀਤਾ ਜਾਵੇਗਾ। ਫ਼ਸਲ ਬੀਮਾ ਯੋਜਨਾ ਦੀ ਰੂਪ-ਰੇਖਾ ਤਿਆਰ ਕੀਤੀ ਜਾ ਰਹੀ ਹੈ। ਮਾਨਯੋਗ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਜੀ ਦਾ ਸੁਪਨਾ ਹੈ ਕਿ ਪੰਜਾਬ ਦੇ ਕਿਸੇ ਵੀ ਕਿਸਾਨ ਦੀ ਫਸਲ ਜੋ ਕਿਸੇ ਕੁਦਰਤੀ ਜਾਂ ਹੋਰ ਕਾਰਨਾਂ ਕਰਕੇ ਤਬਾਹ ਹੋ ਜਾਂਦੀ ਹੈ ਤਾਂ ਉਸ ਨੂੰ ਢੁਕਵਾਂ ਮੁਆਵਜ਼ਾ

ਮਿਲੇ। ਸੋ, ਇਸ ਦੇ ਤਹਿਤ ਫਸਲ ਬੀਮਾ ਸ਼ੁਰੂ ਕਰਨ ਦੀ ਯੋਜਨਾ ਹੈ।

ਬਾਗਬਾਨੀ

38. ਬਾਗਬਾਨੀ ਫਸਲਾਂ ਖੇਤੀਬਾੜੀ ਅਰਥ-ਵਿਵਸਥਾ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ ਅਤੇ ਉਹਨਾਂ ਦੀ ਮਹੱਤਤਾ ਨੂੰ ਸਮਝਦੇ ਹੋਏ, ਮੈਂ ਅਗਲੇ ਵਿੱਤੀ ਸਾਲ ਲਈ 253 ਕਰੋੜ ਰੁਪਏ ਦੀ ਵੰਡ ਦੀ ਤਜਵੀਜ਼ ਕਰਦਾ ਹਾਂ, ਜੋ ਕਿ ਵਿੱਤੀ ਸਾਲ 2022-23 (ਸੋਧੇ ਅਨੁਮਾਨ) ਪੇਸ਼ ਕੀਤੇ ਬਜਟ ਦੇ ਦੁੱਗਣੇ ਤੋਂ ਵੀ ਵੱਧ ਹੈ।

39. ਇਹ ਦੱਸਣਾ ਮੇਰਾ ਫਰਜ਼ ਹੈ ਕਿ ਪੰਜਾਬ ਟਿਸ਼ੂ ਕਲਚਰ ਬੇਸਡ ਸੀਡ ਪੋਟੇਟੋ ਐਕਟ, 2020 ਨੂੰ ਲਾਗੂ ਕਰਕੇ ਟਿਸ਼ੂ ਕਲਚਰ ਆਲੂ ਦੇ ਪੌਦਿਆਂ ਲਈ ਸਰਟੀਫਿਕੇਸ਼ਨ, ਟਰੇਸੇਬਿਲਟੀ ਅਤੇ ਬਲਾਕ-ਚੇਨ ਤਕਨਾਲੋਜੀ ਪੇਸ਼ ਕਰਨ ਵਾਲਾ, ਪੰਜਾਬ ਪਹਿਲਾ ਸੂਬਾ ਹੈ। ਇਸ ਤੋਂ ਇਲਾਵਾ, ਰਾਜ ਦੀਆਂ ਨਰਸਰੀਆਂ ਨੂੰ ਰੋਗ ਮੁਕਤ ਪ੍ਰਮਾਣਿਤ ਬਾਗਬਾਨੀ ਕਰਨ ਵਾਲੀ ਸਮੱਗਰੀ ਦੀ ਸਪਲਾਈ ਲਈ ਪੰਜਾਬ ਫਰੂਟ ਨਰਸਰੀ ਐਕਟ, 1961 ਵਿੱਚ ਸੋਧ ਕੀਤੀ ਗਈ ਹੈ।

40. ਸਰਕਾਰ ਕੁਦਰਤੀ ਪੈਦਾਵਾਰ ਵਾਲੇ ਖੇਤਰਾਂ ਵਿੱਚ ਫਲਾਂ ਅਤੇ ਸਬਜ਼ੀਆਂ ਦੀਆਂ ਫਸਲਾਂ ਦੇ ਅਧੀਨ ਖੇਤਰ ਨੂੰ ਉਤਸ਼ਾਹਿਤ ਕਰਨ ਲਈ 5 ਨਵੇਂ ਬਾਗਬਾਨੀ ਅਸਟੇਟ ਸਥਾਪਿਤ ਕਰਨ ਦਾ ਇਰਾਦਾ ਰੱਖਦੀ ਹੈ। ਇਹ ਅਸਟੇਟਾਂ ਲੁਧਿਆਣਾ, ਗੁਰਦਾਸਪੁਰ, ਪਟਿਆਲਾ, ਬਠਿੰਡਾ ਅਤੇ ਫਰੀਦਕੋਟ ਜ਼ਿਲ੍ਹਿਆਂ ਵਿੱਚ ਸਥਿਤ ਹੋਣਗੀਆਂ। ਮੈਂ ਇਸ ਉਦੇਸ਼ ਲਈ ਵਿੱਤੀ ਸਾਲ 2023-24 ਵਿੱਚ 40 ਕਰੋੜ ਰੁਪਏ ਦੀ ਵੰਡ ਦੀ ਤਜਵੀਜ਼ ਰੱਖਦਾ ਹਾਂ।

41. ਸਾਡੀ ਸਰਕਾਰ ਨੇ ਬਾਗਬਾਨੀ ਉਤਪਾਦਕਾਂ ਦੇ ਨਵੇਂ ਜੋਖਮ ਘਟਾਉਣ ਦੀ ਯੋਜਨਾ 'ਭਾਵ ਅੰਤਰ ਭੁਗਤਾਨ ਯੋਜਨਾ' ਸ਼ੁਰੂ ਕਰਨ ਦਾ ਵੀ ਫੈਸਲਾ ਕੀਤਾ ਹੈ। ਜਦੋਂ ਵੀ ਬਜ਼ਾਰ ਦੀਆਂ ਕੀਮਤਾਂ ਵਿਚ ਇੱਕ ਨਿਸ਼ਚਿਤ ਪੱਧਰ ਤੋਂ ਵੱਧ ਉਤਰਾਅ ਆਊਗਾ ਤਾਂ ਸਰਕਾਰ ਕੀਮਤ ਸਥੀਰਤਾ ਲਈ ਉਪਰਾਲੇ ਕਰੇਗੀ। ਮੈਂ ਇਸ ਉਦੇਸ਼ ਲਈ ਵਿੱਤੀ ਸਾਲ 2023-24 ਲਈ 15 ਕਰੋੜ ਰੁਪਏ ਦੇ ਸ਼ੁਰੂਆਤੀ ਬਜਟ ਦੀ ਤਜਵੀਜ਼ ਰੱਖਦਾ ਹਾਂ। ਇਸ ਤੋਂ ਇਲਾਵਾ ਫੁੱਲਾਂ ਦੇ ਬੀਜ ਉਤਪਾਦਨ ਰਾਹੀਂ ਵਿਭਿੰਨਤਾ ਲਈ ਇੱਕ ਨਵੀਂ ਯੋਜਨਾ ਵੀ ਆਉਣ ਵਾਲੇ ਵਿੱਤੀ ਸਾਲ ਵਿੱਚ ਲਾਗੂ ਕੀਤੀ ਜਾਵੇਗੀ।

42. ਮੈਨੂੰ ਸਦਨ ਨੂੰ ਇਹ ਦੱਸਣ ਵਿਚ ਖੁਸ਼ੀ ਹੁੰਦੀ ਹੈ ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਨੇ ਟਿਸ਼ੂ ਕਲਚਰ ਰਾਹੀਂ ਸੇਬ ਦੀ ਇੱਕ ਕਿਸਮ ਤਿਆਰ ਕੀਤੀ ਹੈ, ਜੋ ਪੰਜਾਬ ਦੇ ਜਲਵਾਯੂ ਹਾਲਾਤਾਂ ਦੇ ਅਨੁਕੂਲ ਹੈ। ਅਗਲੇ 2 ਸਾਲਾਂ ਵਿਚ ਅਸੀਂ ਉਮੀਦ ਕਰ ਸਕਦੇ ਹਾਂ ਕਿ ਪੰਜਾਬ ਦੇ ਆਪਣੇ ਸੇਬ ਦੇ ਬਗੀਚੇ ਹੋਣਗੇ, ਜੋ ਫਿਲਹਾਲ ਕੇਵਲ ਪਹਾੜੀ ਰਾਜਾਂ ਵਿਚ ਹੀ ਨਜ਼ਰ ਆਉਂਦੇ ਹਨ।

## ਸਹਿਕਾਰਤਾ

43. ਜਿਵੇਂ ਕਿ ਮੇਰੇ ਭਾਸ਼ਣ ਵਿੱਚ ਪਹਿਲਾਂ ਜ਼ਿਕਰ ਆਇਆ ਸੀ, ਸਾਡੀ ਸਰਕਾਰ ਨੇ ਕਈ ਸੰਘਰਸ਼ਸ਼ੀਲ ਸਹਿਕਾਰੀ ਸੰਸਥਾਵਾਂ ਨੂੰ ਆਪਣੇ ਪੈਰਾਂ ’ਤੇ ਖੜ੍ਹੇ ਹੋਣ ਵਿੱਚ ਮਦਦ ਕੀਤੀ। ਉਦਾਹਰਨ ਵਜੋਂ, ਪੰਜਾਬ ਰਾਜ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ (ਪੀ.ਐੱਸ.ਸੀ.ਏ.ਡੀ.ਬੀ.) ਨੂੰ ਆਪਣੀਆਂ ਦੇਣਦਾਰੀਆਂ ਦਾ ਭੁਗਤਾਨ ਕਰਨ ਲਈ 885 ਕਰੋੜ ਰੁਪਏ ਮੁਹੱਈਆ ਕਰਵਾਏ ਗਏ ਹਨ, ਤਾਂ ਜੋ ਉਹ ਨਬਾਰਡ ਵੱਲੋਂ ਲਏ ਕਰਜ਼ੇ ਨੂੰ ਉਤਾਰ ਸਕਣ ਅਤੇ ਪੈਨਸ਼ਨਰਾਂ ਦੇ ਬਣਦੇ ਲਾਭ ਜੋ ਸਾਲ 2013 ਤੋਂ ਰੁਕੇ ਹੋਏ ਸਨ ਨੂੰ ਅਦਾ ਕਰ ਸਕਣ। ਜ਼ਿਲ੍ਹਾ ਕੇਂਦਰੀ ਸਹਿਕਾਰੀ ਬੈਂਕਾਂ (ਡੀ.ਸੀ.ਸੀ.ਬੀ) ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ 135 ਕਰੋੜ ਰੁਪਏ ਦੀ ਪੂੰਜੀ ਨਿਵੇਸ਼ ਕੀਤੀ ਗਈ ਹੈ। ਇਸੇ ਤਰ੍ਹਾਂ ਮਿਲਕਫੈੱਡ ਨੂੰ 36 ਕਰੋੜ ਰੁਪਏ ਦੀ ਵਿੱਤੀ ਸਹਾਇਤਾ ਦਿੱਤੀ ਗਈ।

44. ਗੰਨਾ ਉਤਪਾਦਕਾਂ ਨੂੰ ਸਹੀ ਕੀਮਤ ਦੇਣ ਲਈ, ਸਰਦਾਰ ਭਗਵੰਤ ਸਿੰਘ ਮਾਨ ਜੀ ਨੇ ਰਾਜ ਸਰਕਾਰ ਵੱਲੋਂ ਦਿੱਤੀ ਜਾਣ ਵਾਲੀ ਕੀਮਤ ਨੂੰ ਵਧਾ ਕੇ 380 ਰੁਪਏ ਪ੍ਰਤੀ ਕੁਇੰਟਲ ਕੀਤਾ। ਜਦਕਿ ਹਰਿਆਣਾ 372 ਰੁਪਏ ਪ੍ਰਤੀ ਕੁਇੰਟਲ, ਉੱਤਰ ਪ੍ਰਦੇਸ਼ 350 ਰੁਪਏ ਪ੍ਰਤੀ ਕੁਇੰਟਲ ਅਤੇ ਭਾਰਤ ਸਰਕਾਰ ਨੇ ਸਿਰਫ਼ 305 ਰੁਪਏ ਪ੍ਰਤੀ ਕੁੰਇੰਟਲ (ਐਫ.ਆਰ.ਪੀ.) ਦੀ ਕੀਮਤ ਤੈਅ ਕੀਤੀ ਹੈ।

45. ਸ਼ੂਗਰਫੈੱਡ ਨੂੰ ਰਾਜ ਦੇ ਗੰਨਾ ਉਤਪਾਦਕਾਂ ਨੂੰ ਭੁਗਤਾਨ ਕਰਨ ਲਈ ਅਤੇ ਸਾਰੀਆਂ ਰਹਿੰਦੀਆਂ ਦੇਣਦਾਰੀਆਂ ਖ਼ਤਮ ਕਰਨ ਲਈ 400 ਕਰੋੜ ਰੁਪਏ ਦੀ ਸਹਾਇਤਾ ਪ੍ਰਦਾਨ ਕੀਤੀ ਗਈ। ਮੈਂ ਸ਼ੂਗਰਫੈੱਡ ਨੂੰ ਵਿੱਤੀ ਸਾਲ 2023-24 ਲਈ 250 ਕਰੋੜ ਰੁਪਏ ਪ੍ਰਦਾਨ ਕਰਨ ਦੀ ਤਜਵੀਜ਼ ਰੱਖਦਾ ਹਾਂ। ਸਾਡੇ ਮਾਣਯੋਗ ਮੁੱਖ ਮੰਤਰੀ ਜੀ ਨੇ ਸਹਿਕਾਰੀ ਖੰਡ ਮਿੱਲਾਂ ਲਈ ਖੰਡ ਕੋਟਾ ਵਧਾਉਣ ਦਾ ਮੁੱਦਾ ਕੇਂਦਰ ਸਰਕਾਰ ਕੋਲ ਸਫਲਤਾਪੂਰਵਕ ਉਠਾਇਆ। ਮੈਨੂੰ ਇਹ ਦੱਸਦੇ ਹੋਏ ਖੁਸ਼ੀ ਹੋ ਰਹੀ ਹੈ ਕਿ ਉਨ੍ਹਾਂ ਦੇ ਯਤਨਾਂ ਸਦਕਾ, ਖੰਡ ਮਿੱਲਾਂ ਨੂੰ 50% ਦਾ ਵਧੀਕ ਕੋਟਾ ਅਤੇ ਨਿਰਯਾਤ ਕੋਟਾ ਵੀ ਅਲਾਟ ਕੀਤਾ ਗਿਆ ਹੈ। ਇਸ ਸਭ ਨਾਲ ਖੰਡ

ਮਿੱਲਾਂ ਨੂੰ ਆਪਣੇ ਚੀਨੀ ਅਤੇ ਸੀਰੇ ਦੇ ਤਿੰਨ-ਚਾਰ ਸਾਲਾਂ ਤੋਂ ਪਏ ਭੰਡਾਰ ਦਾ ਨਿਪਟਾਰਾ ਕਰਨ ਅਤੇ ਹੋਰ ਆਮਦਨ ਕਮਾਉਣ ਵਿੱਚ ਮੱਦਦ ਮਿਲੀ ਹੈ।

46. ਇਸ ਤੋਂ ਇਲਾਵਾ, ਗੰਨੇ ਦੀ ਕੁਸ਼ਲ ਪ੍ਰੋਸੈਸਿੰਗ ਅਤੇ ਮੁੱਲ ਵਾਧੇ ਲਈ ਬਟਾਲਾ ਅਤੇ ਗੁਰਦਾਸਪੁਰ ਵਿਖੇ ਸ਼ੂਗਰ ਕੰਪਲੈਕਸਾਂ ਦੀ ਸਥਾਪਨਾ ਲਈ, ਚਾਲੂ ਸਾਲ ਦੌਰਾਨ 75 ਕਰੋੜ ਰੁਪਏ ਮੁਹੱਈਆ ਕਰਵਾਏ ਗਏ ਹਨ, ਮੈਂ ਇਨ੍ਹਾਂ ਪ੍ਰੋਜੈਕਟਾਂ ਦੇ ਬਕਾਇਆ ਕੰਮਾਂ ਨੂੰ ਪੂਰਾ ਕਰਨ ਲਈ ਵਿੱਤੀ ਸਾਲ 2023-24 ਵਿੱਚ 100 ਕਰੋੜ ਰੁਪਏ ਹੋਰ ਦੇਣ ਦੀ ਤਜਵੀਜ਼ ਰੱਖਦਾ ਹਾਂ।

47. ਸਾਡੀ ਸਰਕਾਰ ਡੇਅਰੀ ਸੈਕਟਰ ਦੇ ਸਰਵਪੱਖੀ ਵਿਕਾਸ ਲਈ ਵਚਨਬੱਧ ਹੈ। ਸਾਡੇ ਮਾਣਯੋਗ ਮੁੱਖ ਮੰਤਰੀ ਜੀ ਦਾ ਇਹ ਸੁਪਨਾ ਹੈ ਕਿ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਬਾਜ਼ਾਰਾਂ ਵਿੱਚ ਸਾਡੇ ਵਿਸ਼ਵ ਪੱਧਰੀ ਡੇਅਰੀ ਉਤਪਾਦਾਂ ਦਾ ਪੂਰਾ ਪ੍ਰਚਾਰ ਹੋਵੇ। ਇਸ ਮੰਤਵ ਲਈ ਮਿਲਕਫੈੱਡ ਇੱਕ ਪਾਸੇ ਪਿੰਡਾਂ ਵਿੱਚ ਆਪਣੇ ਖਰੀਦ ਨੈੱਟਵਰਕ ਦਾ ਵਿਸਥਾਰ ਕਰੇਗਾ ਅਤੇ ਦੂਜੇ ਪਾਸੇ ਆਪਣੇ ਉਤਪਾਦਾਂ ਨੂੰ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਬਾਜ਼ਾਰਾਂ ਵਿੱਚ ਉਤਾਰੇਗਾ। ਮਿਲਕਫੈੱਡ ਨੂੰ ਨਵੀਆਂ ਉਚਾਈਆਂ 'ਤੇ ਪਹੁੰਚਾਉਣ ਲਈ ਅਗਲੇ ਵਿੱਤੀ ਸਾਲ ਵਿੱਚ 100 ਕਰੋੜ ਰੁਪਏ ਦੇਣ ਦੀ ਤਜਵੀਜ਼ ਰੱਖਦਾ ਹਾਂ। ਸਾਡੀ ਸਰਕਾਰ ਵਿੱਤੀ ਸਾਲ 2021-22 ਵਿੱਚ ਮਿਲਕਫੈੱਡ ਦੇ ਟਰਨਓਵਰ ਨੂੰ 4,886 ਕਰੋੜ ਰੁਪਏ ਤੋਂ ਵਧਾ ਕੇ ਵਿੱਤੀ ਸਾਲ 2026-27 ਤੱਕ 10,000 ਕਰੋੜ ਰੁਪਏ ਭਾਵ ਦੁੱਗਣਾ ਕਰਨ ਦਾ ਇਰਾਦਾ ਰੱਖਦੀ ਹੈ।

48. ਮਾਰਕਫੈੱਡ, 13 ਥਾਵਾਂ 'ਤੇ 1.75 ਲੱਖ ਮੈਟ੍ਰਿਕ ਟਨ ਦੀ ਕੁੱਲ ਸਮਰੱਥਾ ਵਾਲੇ ਨਵੇਂ ਗੋਦਾਮ ਡਿਜ਼ਾਈਨ ਕਰ ਰਿਹਾ ਹੈ ਜਿਸ ਲਈ ਚਾਲੂ ਵਿੱਤੀ ਸਾਲ ਵਿੱਚ 80 ਕਰੋੜ ਰੁਪਏ ਦਾ ਉਪਬੰਧ ਕੀਤਾ ਗਿਆ ਹੈ। 6 ਗੋਦਾਮਾਂ ਦਾ ਨਿਰਮਾਣ ਚੱਲ ਰਿਹਾ ਹੈ ਅਤੇ ਮਾਰਚ, 2023 ਤੱਕ ਇਸ ਦੇ ਪੂਰਾ ਹੋਣ ਦੀ ਉਮੀਦ ਹੈ। ਮੈਂ ਅਗਲੇ ਵਿੱਤੀ ਸਾਲ 2023-24 ਰਹਿੰਦੇ 7 ਪ੍ਰੋਜੈਕਟਾਂ ਨੂੰ ਮੁੱਕਮਲ ਕਰਨ ਲਈ ਮੁੜ 100 ਕਰੋੜ ਰੁਪਏ ਦੀ ਤਜਵੀਜ਼ ਰੱਖਦਾ ਹਾਂ।

49. ਇਹ ਬੜੀ ਖੁਸ਼ੀ ਦੀ ਗੱਲ ਹੈ ਕਿ ਕੱਚੇ ਪਾਮ ਤੇਲ ਦੀ ਪ੍ਰੋਸੈਸਿੰਗ ਲਈ ਇੱਕ ਨਵੀਂ 110 ਟੰਨ ਪਰ ਡੇਅ (ਟੀ.ਪੀ.ਡੀ.) ਫਿਜ਼ੀਕਲ ਰਿਫਾਇਨਰੀ ਅਤੇ 100 ਟੰਨ ਪਰ ਡੇਅ (ਟੀ.ਪੀ.ਡੀ.) ਬਨਸਪਤੀ ਪਲਾਂਟ ਮਾਰਕਫੈਡ ਵੱਲੋਂ ਖੰਨਾ ਵਿਖੇ ਸਥਾਪਿਤ ਕੀਤਾ ਜਾ ਰਿਹਾ ਹੈ ਅਤੇ ਇਹ ਕੰਮ ਵਿੱਤੀ ਸਾਲ 2023-24 ਵਿੱਚ ਪੂਰਾ ਹੋ ਜਾਵੇਗਾ। ਇਸ ਤੋਂ ਇਲਾਵਾ, ਮਾਰਕਫੈੱਡ ਵਲੋਂ ਵਿੱਤੀ ਸਾਲ 2023-24 ਵਿੱਚ ਸਰ੍ਹੋਂ ਦੀ ਫ਼ਸਲ ਦੀ

ਪ੍ਰੋਸੈਸਿੰਗ ਲਈ ਬੁਢਲਾਡਾ ਅਤੇ ਗਿੱਦੜਬਾਹਾ ਵਿਖੇ ਦੋ ਨਵੀਆਂ ਤੇਲ ਮਿੱਲਾਂ ਸਥਾਪਿਤ ਕੀਤੀਆਂ ਜਾਣਗੀਆਂ।

ਪਸ਼ੂ ਪਾਲਣ

50. ਇਸ ਸਾਲ ਪੰਜਾਬ ਦੀ ਪਸ਼ੂਧਨ ਆਬਾਦੀ ਤੇ ਲੰਪੀ ਸਕਿਨ ਬਿਮਾਰੀ ਦੀ ਮਾਰ ਪਈ। ਇਸ ਬਿਮਾਰੀ ਉੱਪਰ ਸਫਲਤਾ ਪੂਰਵਕ ਕਾਬੂ ਕਰਨ ਲਈ ਸਾਡੀ ਸਰਕਾਰ ਵੱਲੋਂ ਕਦਮ ਚੁੱਕਦੇ ਹੋਏ ਪਸ਼ੂਆਂ ਦਾ ਸਮੇਂ ਸਿਰ ਟੀਕਾਕਰਨ ਕਰਨ ਲਈ ਗੋਟ ਪਾੱਕਸ ਵੈਕਸੀਨ ਦੀਆਂ ਲਗਭਗ 25 ਲੱਖ ਖੁਰਾਕਾਂ ਤੁਰੰਤ ਖਰੀਦੀਆਂ ਗਈਆਂ। ਹੁਣ ਤੱਕ ਲਗਭਗ 7.45 ਲੱਖ ਪਸ਼ੂਆਂ ਨੂੰ ਟੀਕੇ ਲੱਗ ਚੁੱਕੇ ਹਨ ਅਤੇ ਭੱਵਿਖ ਵਿਚ ਇਸ ਬਿਮਾਰੀ ਨਾਲ ਨਜਿਠੱਣ ਲਈ ਪਰਿਆਪਤ ਵੈਕਸੀਨ ਉਪਲੱਬਧ ਹੈ। ਮੈਂ ਸੰਤੁਸ਼ਟ ਹਾਂ ਕਿ ਖਤਰਨਾਕ ਅਫਰੀਕਨ ਸਵਾਈਨ ਬੁਖਾਰ ਨੂੰ ਭਿਆਨਕ ਮਹਾਂਮਾਰੀ ਦਾ ਰੂਪ ਲੈਣ ਤੋਂ ਪਹਿਲਾਂ ਹੀ ਸਾਡੀ ਸਰਕਾਰ ਵੱਲੋਂ ਬੜੀ ਤੇਜ਼ੀ ਨਾਲ ਕੰਟਰੋਲ ਕੀਤਾ ਗਿਆ। ਜਿਨ੍ਹਾਂ ਸੂਰ ਪਾਲਕਾਂ ਦੇ ਸੂਰਾਂ ਨੂੰ ਅਫਰੀਕਨ ਸਵਾਈਨ ਬੁਖਾਰ ਨੂੰ ਰੋਕਣ ਲਈ ਮਾਰਿਆ ਗਿਆ ਸੀ, ਉਨ੍ਹਾਂ ਨੂੰ ਢੁਕਵਾਂ ਮੁਆਵਜ਼ਾ ਦਿੱਤਾ ਗਿਆ। ਸਾਡੇ ਪਸ਼ੂ-ਧਨ 'ਤੇ ਭਵਿੱਖ ਵਿਚ ਆਉਣ ਵਾਲੇ ਖਤਰਿਆਂ ਨਾਲ ਨਜਿੱਠਣ ਲਈ ਮੈਂ ਪਸ਼ੂਆਂ ਅਤੇ ਮੁਰਗੀਆਂ ਦੇ ਟੀਕਾਕਰਨ ਲਈ ਵਿੱਤੀ ਸਾਲ 2023-24 ਵਿੱਚ 25 ਕਰੋੜ ਰੁਪਏ ਦੀ ਵੰਡ ਦਾ ਪ੍ਰਸਤਾਵ ਰੱਖਦਾ ਹਾਂ।

51. ਅਸੀਂ ਕਿਸਾਨਾਂ / ਪਸ਼ੂ ਮਾਲਕਾਂ ਨੂੰ ਉਨ੍ਹਾਂ ਦੇ ਦਰਵਾਜ਼ੇ 'ਤੇ ਪਸ਼ੂਆ ਦੇ ਇਲਾਜ, ਮਾਈਨਰ ਸਰਜਰੀਆਂ, ਸੈਂਪਲ ਕੁਲੈਕਸ਼ਨ ਅਤੇ ਆਡੀਓ ਵੀਜ਼ੂਅਲ ਸਹਾਇਤਾ ਵਰਗੀਆਂ ਸੇਵਾਵਾਂ ਪ੍ਰਦਾਨ ਕਰਨ ਲਈ ਮੋਬਾਈਲ ਵੈਟਰਨਰੀ ਯੂਨਿਟਾਂ ਦੀ ਸਥਾਪਨਾ ਕਰਨ ਦਾ ਫੈਸਲਾ ਕੀਤਾ ਹੈ। ਇਹ ਮੋਬਾਈਲ ਵੈਟਰਨਰੀ ਯੂਨਿਟਾਂ ਨੂੰ ਇੱਕ ਰਣਨੀਤਕ ਸਥਾਨ ਤੇ ਸਥਿਤ ਕੀਤਾ ਜਾਵੇਗਾ ਤਾਂ ਜੋ ਘੱਟ ਤੋਂ ਘੱਟ ਸਮੇਂ ਵਿੱਚ ਸੇਵਾਵਾਂ ਮੁੱਹਈਆ ਕਰਵਾਈਆਂ ਜਾ ਸਕਣ। ਇਸ ਮੰਤਵ ਲਈ ਵਿੱਤੀ ਸਾਲ 2023-24 ਵਿੱਚ 13 ਕਰੋੜ ਰੁਪਏ ਦੀ ਵੰਡ ਦਾ ਪ੍ਰਸਤਾਵ ਹੈ।

52. ਕੁੱਲ ਮਿਲਾ ਕੇ ਪਸ਼ੂ ਪਾਲਣ ਖੇਤਰ ਦੁਆਰਾ ਨਿਭਾਈ ਗਈ ਮਹੱਤਵਪੂਰਨ ਭੂਮਿਕਾ ਨੂੰ ਧਿਆਨ ਵਿੱਚ ਰੱਖਦੇ ਹੋਏ, ਮੈਂ ਆਗਾਮੀ ਵਿੱਤੀ ਸਾਲ ਵਿੱਚ 605 ਕਰੋੜ ਰੁਪਏ ਅਲਾਟ ਕਰਨ ਦਾ ਪ੍ਰਸਤਾਵ ਕਰਦਾ ਹਾਂ, ਜੋ ਕਿ ਵਿੱਤੀ ਸਾਲ 2022-23 (ਸੋਧੇ ਅਨੁਮਾਨ) ਨਾਲੋਂ 9% ਵੱਧ ਹੈ।

## ਮੱਛੀ ਪਾਲਣ

53. ਸਾਡੀ ਸਰਕਾਰ ਨੀਲੀ ਕ੍ਰਾਂਤੀ ਦੇ ਮਾਰਗ 'ਤੇ ਚਲਦਿਆਂ ਮੱਛੀ ਪਾਲਣ ਅਧੀਨ ਰਕਬੇ ਨੂੰ ਵਧਾਉਣ ਦਾ ਇਰਾਦਾ ਰੱਖਦੀ ਹੈ। ਝੀਂਗਾ ਦੀ ਕਾਸ਼ਤ ਅਧੀਨ ਮੌਜੂਦਾ ਖੇਤਰ 1,212 ਏਕੜ ਨੂੰ ਅਗਲੇ 5 ਸਾਲਾਂ ਵਿੱਚ 5,000 ਏਕੜ ਤੱਕ ਵਧਾਉਣ ਦੀ ਯੋਜਨਾ ਹੈ। ਮੈਂ ਇਸ ਉਦੇਸ਼ ਲਈ ਅਗਲੇ ਵਿੱਤੀ ਸਾਲ ਵਿੱਚ 10 ਕਰੋੜ ਰੁਪਏ ਦੀ ਸ਼ੁਰੂਆਤੀ ਵੰਡ ਦਾ ਪ੍ਰਸਤਾਵ ਰੱਖਦਾ ਹਾਂ।

54. ਸਰਕਾਰ ਦੀ ਸਬਸਿਡੀ ਨਾਲ ਜ਼ਿਲ੍ਹਾ ਜਲੰਧਰ ਵਿੱਚ ਦੋ ਟਨ ਸਮਰੱਥਾ ਵਾਲੀ ਇੱਕ ਮਿੰਨੀ ਫਿਸ਼ ਫੀਡ ਮਿੱਲ ਸਥਾਪਿਤ ਕੀਤੀ ਗਈ ਹੈ। ਕਿਸਾਨਾਂ ਨੂੰ ਹੁਣ ਮਾਮੂਲੀ ਦਰਾਂ 'ਤੇ ਚੰਗੀ ਕੁਆਲਿਟੀ ਦੀ ਫੀਡ ਪ੍ਰਾਪਤ ਹੋ ਸਕੇਗੀ। ਵਿੱਤੀ ਸਾਲ 2023-24 ਦੌਰਾਨ, ਮੱਛੀ, ਝੀਂਗਾ ਅਤੇ ਇਸ ਦੇ ਉਤਪਾਦਾਂ ਦੀ ਸੰਭਾਲ ਲਈ 30 ਟਨ ਸਮਰੱਥਾ ਵਾਲਾ ਇੱਕ ਆਈਸ-ਪਲਾਂਟ ਸਰਕਾਰ ਦੀ ਸਬਸਿਡੀ ਨਾਲ ਡਿਜ਼ਾਈਨ ਕਰਨ ਦੀ ਤਜਵੀਜ਼ ਹੈ। ਇਹ ਪ੍ਰੋਜੈਕਟ ਅਤੇ ਹੋਰ ਪ੍ਰੋਜੈਕਟ ਜੋ ਪਾਈਪਲਾਈਨ ਵਿੱਚ ਹਨ, ਯਕੀਨੀ ਤੌਰ 'ਤੇ ਸੂਬੇ ਵਿੱਚ ਮੱਛੀ ਉਤਪਾਦਨ ਅਤੇ ਕਿਸਾਨਾਂ ਦੀ ਆਮਦਨ ਵਿੱਚ ਵਾਧਾ ਕਰਨਗੇ।

## ਜੰਗਲਾਤ ਅਤੇ ਜੰਗਲੀ ਜੀਵ

55. "ਆਪ" ਸਰਕਾਰ ਵੱਲੋਂ ਵਿੱਤੀ ਸਾਲ 2022-23 ਵਿੱਚ ਸ਼ੁਰੂ ਕੀਤੀ ਗਈ ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਹਰਿਆਵਲ ਲਹਿਰ ਸਕੀਮ ਤਹਿਤ, 50 ਲੱਖ ਬੂਟੇ ਲਗਾਉਣ ਦੇ ਟੀਚੇ ਦੇ ਮੁਕਾਬਲੇ 7,075 ਹੈਕਟੇਅਰ ਖੇਤਰ ਵਿੱਚ 54 ਲੱਖ ਬੂਟੇ ਪਹਿਲਾਂ ਹੀ ਲਗਾਏ ਜਾ ਚੁੱਕੇ ਹਨ। ਅਸੀਂ ਵੱਖ-ਵੱਖ ਸਕੀਮਾਂ ਦੇ ਅਧੀਨ ਵਿੱਤੀ ਸਾਲ 2023-24 ਦੌਰਾਨ 1 ਕਰੋੜ ਬੂਟੇ ਲਗਾਉਣ ਦਾ ਟੀਚਾ ਮਿੱਥਿਆ ਹੈ।

56. ਮੈਂ ਇਹ ਫੈਸਲਾ ਕੀਤਾ ਹੈ ਕਿ ਇਸ ਬਜਟ ਦੀ ਤਿਆਰੀ ਲਈ ਵਿੱਤ ਵਿਭਾਗ ਵੱਲੋਂ ਵਰਤੇ ਗਏ ਕਾਗਜ਼ ਵਜੋਂ ਜਿੰਨੇ ਵੀ ਦਰਖਤਾਂ ਦਾ ਇਸਤੇਮਾਲ ਹੋਇਆ ਹੋਵੇਗਾ, ਉਸ ਦੇ ਇਵਜ਼ ਵਿਚ ਆਪਣਾ ਯੋਗਦਾਨ ਪਾਉਂਦੇ ਹੋਏ ਵਿੱਤੀ ਸਾਲ 2023-24 ਦੌਰਾਨ ਉਨੇ ਹੀ ਬੂਟੇ ਲਗਾਏ ਜਾਣਗੇ।

57. 'ਗਰੀਨ ਪੰਜਾਬ ਮਿਸ਼ਨ' ਤਹਿਤ 151 ਨਾਨਕ ਬਗੀਚੀਆਂ, 68 ਪਵਿੱਤਰ ਵਣ ਵਿਕਸਤ ਕੀਤੇ ਜਾ ਰਹੇ ਹਨ। ਅਸੀਂ ਅਗਲੇ ਸਾਲ ਇੰਨੀਆਂ ਹੀ ਹੋਰ ਨਾਨਕ ਬਗੀਚੀਆਂ ਅਤੇ ਪਵਿੱਤਰ ਵਣ ਵਿਕਸਿਤ ਕਰਾਂਗੇ।

58. ਵਿੱਤੀ ਸਾਲ 2023-24 ਵਿੱਚ ਜੰਗਲਾਤ ਅਤੇ ਜੰਗਲੀ ਜੀਵ ਵਿਭਾਗ ਲਈ 258 ਕਰੋੜ ਰੁਪਏ ਦੇ ਬਜਟ ਉਪਬੰਧ ਦੀ ਤਜਵੀਜ਼ ਹੈ, ਪ੍ਰਮੁੱਖ ਚੱਲ ਰਹੇ ਪ੍ਰੋਗਰਾਮਾਂ / ਸਕੀਮਾਂ ਲਈ ਵੰਡ ਦੀ ਤਜਵੀਜ਼ ਹੇਠ ਅਨੁਸਾਰ ਹੈ:

i. ਪਨਕੰਪਾ – 196 ਕਰੋੜ ਰੁਪਏ;

ii. ਜੰਗਲੀ ਜੀਵ ਅਤੇ ਚਿੜੀਆਘਰ ਵਿਕਾਸ – 13 ਕਰੋੜ ਰੁਪਏ; ਅਤੇ

iii. ਗ੍ਰੀਨ ਪੰਜਾਬ ਮਿਸ਼ਨ – 31 ਕਰੋੜ ਰੁਪਏ।

## ਸਿੱਖਿਆ

ਮਾਣਯੋਗ ਸਪੀਕਰ ਸਾਹਿਬ,

59. ਸਿੱਖਿਆ, ਆਰਥਿਕ ਵਿਕਾਸ ਅਤੇ ਸਮਾਜਿਕ ਤਰੱਕੀ ਦਾ ਇੱਕੋ ਇੱਕ ਇੰਜਨ ਹੁੰਦਾ ਹੈ, ਇਸ ਲਈ ਹਰ ਸਰਕਾਰ ਦਾ ਫ਼ਰਜ਼ ਬਣਦਾ ਹੈ ਕਿ ਉਹ ਸਿੱਖਿਆ ਦੇ ਖੇਤਰ ਵਿਚ ਨਿਵੇਸ਼ ਕਰੇ। ਮੈਂ ਸਕੂਲੀ ਅਤੇ ਉਚੇਰੀ ਸਿੱਖਿਆ ਲਈ 17,074 ਕਰੋੜ ਰੁਪਏ ਦੇ ਉਪਬੰਧ ਦੀ ਤਜਵੀਜ਼ ਰੱਖਦਾ ਹਾਂ, ਜੋ ਕਿ ਪਿਛਲੇ ਸਾਲ ਨਾਲੋਂ 12% ਵੱਧ ਹੈ। (ਥੰਪਿੰਗ)

## ਸਕੂਲ ਸਿੱਖਿਆ

60. ਸਾਡੀ ਸਰਕਾਰ ਗੁਣਵੱਤਾ ਅਤੇ ਨਤੀਜੇ ਆਧਾਰਿਤ ਸਿੱਖਿਆ ਨੂੰ ਕਿਸੇ ਵੀ ਸਮਾਜ ਦਾ ਥੰਮ ਮੰਨਦੀ ਹੈ। ਅਸੀਂ ਸਿਰਫ਼ ਕਲਾਸ ਰੂਮ ਬਣਾਉਣ ਅਤੇ ਬਲੈਕ ਬੋਰਡਾਂ ਅਤੇ ਫਰਨੀਚਰ ਦੀ ਖਰੀਦ ’ਤੇ ਧਿਆਨ ਨਹੀਂ ਦੇਵਾਂਗੇ। ਸਾਡਾ ਧਿਆਨ ਅਧਿਆਪਨ ਦੇ ਤਰੀਕੇ ਨੂੰ ਬਦਲਣ ’ਤੇ ਹੈ ਅਤੇ ਹੋਵੇਗਾ। ਸਾਰੇ ਯਤਨਾਂ ਦਾ ਧੁਰਾ ਹਰ ਵਿਦਿਆਰਥੀ ਵਿੱਚ ਆਲੋਚਨਾਤਮਕ ਸੋਚ, ਸਮੱਸਿਆ ਹੱਲ ਕਰਨ ਦੀ ਯੋਗਤਾ, ਹੋਰ ਜੀਵਨ ਹੁਨਰ ਅਤੇ ਸਭ ਤੋਂ ਮਹੱਤਵਪੂਰਨ ਨੈਤਿਕਤਾ ਵਿਕਸਿਤ ਕਰਨਾ ਹੋਵੇਗਾ। ਮੈਨੂੰ ਵਿੱਤੀ ਸਾਲ 2022-23 ਦੌਰਾਨ ਸਾਡੀ ਸਰਕਾਰ ਦੁਆਰਾ ਕੀਤੀਆਂ ਗਈਆਂ ਕੁਝ ਪ੍ਰਮੁੱਖ ਪਹਿਲਕਦਮੀਆਂ ਨੂੰ ਸਾਂਝਾ ਕਰਨ ਵਿੱਚ ਖੁਸ਼ੀ ਮਹਿਸੂਸ ਹੋ ਰਹੀ ਹੈ:

- ਅਧਿਆਪਨ ਅਤੇ ਗੈਰ-ਅਧਿਆਪਨ ਕਾਡਰ ਨਾਲ ਸਬੰਧਿਤ ਠੇਕੇ ’ਤੇ ਕੰਮ ਕਰਨ ਵਾਲੇ ਕਰਮਚਾਰੀ

ਜੋ ਕਿ ਹਜਾਂਰਾਂ ਦੀ ਗਿਣਤੀ ਵਿਚ ਹਨ ਨੂੰ ਨਿਯਮਤ ਕਰਨ ਦੀ ਪ੍ਰਕਿਰਿਆ ਜਲਦੀ ਹੀ ਪੂਰੀ ਕਰ ਲਈ ਜਾਵੇਗੀ।

- ਦਸੰਬਰ, 2022 ਵਿੱਚ ਰਾਜ ਦੇ ਸਾਰੇ ਸਰਕਾਰੀ ਸਕੂਲਾਂ ਵਿੱਚ ਮੈਗਾ- ਪੇਰੈਂਟ ਟੀਚਰ ਮੀਟ (ਪੀ.ਟੀ.ਐਮ.) ਬੁਲਾਈ ਗਈ ਸੀ। ਪੀਟੀਐਮ ਵਿਚ 19 ਲੱਖ ਮਾਪਿਆਂ ਨੇ ਸ਼ਮੂਲੀਅਤ ਕੀਤੀ ਅਤੇ 3 ਲੱਖ ਮਾਪਿਆਂ ਤੋਂ ਫੀਡਬੈਕ ਲਈ ਗਈ।

- 8ਵੀਂ, 10ਵੀਂ ਅਤੇ 12ਵੀਂ ਜਮਾਤ ਦੇ ਵਿਦਿਆਰਥੀਆਂ ਦੇ ਪ੍ਰਦਰਸ਼ਨ ਨੂੰ ਬਿਹਤਰ ਬਣਾਉਣ ਲਈ ਅਤੇ 100% ਪਾਸ ਪ੍ਰਤੀਸ਼ਤਤਾ ਪ੍ਰਾਪਤ ਕਰਨ ਦੇ ਉਦੇਸ਼ ਨਾਲ "ਮਿਸ਼ਨ 100%: ਗਿਵ ਯੂਅਰ ਬੈਸਟ" ਸ਼ੁਰੂ ਕੀਤਾ ਗਿਆ ਸੀ।

- ਵੋਕੇਸ਼ਨਲ ਐਜੂਕੇਸ਼ਨ ਦੇ ਤਹਿਤ ਇੱਕ ਵਿਸ਼ੇਸ਼ ਪਹਿਲ ਕੀਤੀ ਗਈ ਹੈ ਜਿਸ ਵਿੱਚ ਵਿਦਿਆਰਥੀਆਂ ਨੂੰ 12ਵੀਂ ਜਮਾਤ ਦੀ ਸਮਾਪਤੀ ਤੋਂ ਬਾਅਦ ਉਨ੍ਹਾਂ ਦੇ ਟਰੇਡ ਲਈ ਵਿਸ਼ੇਸ਼ ਸਕਿੱਲ ਟੂਲ ਕਿੱਟਾਂ ਪ੍ਰਦਾਨ ਕੀਤੀਆਂ ਗਈਆਂ ਹਨ ਤਾਂ ਜੋ ਕੋਰਸ ਪੂਰਾ ਹੋਣ ਤੋਂ ਤੁਰੰਤ ਬਾਅਦ ਕੰਮ ਕਰਨਾ ਸ਼ੁਰੂ ਕਰ ਦਿੱਤਾ ਜਾ ਸਕੇ ਅਤੇ ਉਹ ਸਵੈ-ਨਿਰਭਰ ਬਣ ਸਕਣ।

- ਸਕੂਲਾਂ ਵਿੱਚ ਬਿਲਡਿੰਗ ਐਜ਼ ਏ ਲਰਨਿੰਗ ਏਡ (ਬਾਲ਼ਾ) ਸਿਧਾਂਤ ਅਧੀਨ ਵਿਕਸਤ ਕੀਤਾ ਗਿਆ ਹੈ ਅਤੇ ਵਿੱਤੀ ਸਾਲ 2022-23 ਵਿੱਚ 7,700 ਸਕੂਲਾਂ ਨੂੰ 4 ਕਰੋੜ ਰੁਪਏ ਦੀ ਸਹਾਇਤਾ ਪ੍ਰਦਾਨ ਕੀਤੀ ਗਈ ਹੈ।

### ਸਰਕਾਰੀ ਸਕੂਲਾਂ ਦੀ ਸਾਂਭ-ਸੰਭਾਲ ਲਈ ਵਿੱਤੀ ਸਹਾਇਤਾ

61. ਸਾਡੀ ਸਰਕਾਰ ਨੇ ਪਿਛਲੇ ਬਜਟ ਭਾਸ਼ਣ ਵਿੱਚ ਕੀਤੇ ਗਏ ਵਾਅਦੇ ਅਨੁਸਾਰ ਸਕੂਲਾਂ ਦੀ ਸਾਂਭ-ਸੰਭਾਲ ਲਈ ਅਤੇ ਸਾਰੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਲਈ 'ਅਸਟੇਟ ਮੈਨੇਜਰਾਂ' ਦੀਆਂ ਅਸਾਮੀਆਂ ਸਿਰਜਣ ਲਈ ਵਿਧੀਵੱਤ ਢੰਗ ਨਾਲ ਇੱਕ ਨੀਤੀ ਤਿਆਰ ਕੀਤੀ ਹੈ। ਵਿੱਤੀ ਸਾਲ 2023-24 ਵਿੱਚ ਸਕੂਲਾਂ ਦੀ ਮੁਢਲੀ ਸਾਫ-ਸਫ਼ਾਈ ਅਤੇ ਸਾਂਭ-ਸੰਭਾਲ ਨੂੰ ਯਕੀਨੀ ਬਣਾਉਣ ਲਈ 99 ਕਰੋੜ ਰੁਪਏ ਦੇ ਬਜਟ ਦਾ ਪ੍ਰਸਤਾਵ ਰੱਖਦਾ ਹਾਂ ਤਾਂ ਜੋ ਅਧਿਆਪਕ ਆਪਣਾ ਧਿਆਨ ਸਿਰਫ਼ ਪੜ੍ਹਾਈ 'ਤੇ ਕੇਂਦਰਿਤ ਕਰ ਸਕਣ।

### ਅਧਿਆਪਕਾਂ/ਸਕੂਲ ਮੁਖੀਆਂ ਲਈ ਸਕਿੱਲ ਅੱਪ-ਗਰੇਡੇਸ਼ਨ ਪ੍ਰੋਗਰਾਮ

62. ਕਿਸੇ ਵੀ ਸਿੱਖਿਆ ਪ੍ਰਣਾਲੀ ਨੂੰ ਪ੍ਰਭਾਵਸ਼ਾਲੀ ਅਤੇ ਲਾਹੇਵੰਦ ਬਣਾਉਣ ਲਈ ਅਧਿਆਪਕਾਂ ਨੂੰ ਹੁਨਰਮੰਦ ਬਣਾਉਣਾ ਬੁਨਿਆਦੀ ਮਹੱਤਵ ਰੱਖਦਾ ਹੈ। ਪ੍ਰਿੰਸੀਪਲ ਅਕੈਡਮੀ, ਸਿੰਗਾਪੁਰ ਵਿਖੇ 36 ਪ੍ਰਿੰਸੀਪਲਾਂ/ਸਿੱਖਿਆ ਅਧਿਕਾਰੀਆਂ ਦੇ ਪਹਿਲੇ ਬੈਚ ਨੂੰ ਪੰਜ ਦਿਨਾਂ ਲੀਡਰਸ਼ਿਪ ਡਿਵੈਲਪਮੈਂਟ ਪ੍ਰੋਗਰਾਮ ਵਿੱਚ ਸਿਖਲਾਈ ਦਿੱਤੀ ਗਈ ਅਤੇ 30 ਪ੍ਰਿੰਸੀਪਲਾਂ ਦਾ ਇੱਕ ਹੋਰ ਬੈਚ ਇਸੇ ਮਹੀਨੇ ਵਿੱਚ ਭੇਜਿਆ ਜਾ ਚੁੱਕਿਆ ਹੈ। ਹੁਣ ਸਾਡੇ ਵਿਦਿਆਰਥੀਆਂ ਨੂੰ ਪਹਿਲਾਂ ਨਾਲੋਂ ਵਧੇਰੇ ਪ੍ਰਭਾਵਸ਼ਾਲੀ ਤਰੀਕਿਆਂ ਨਾਲ ਪੜ੍ਹਾਇਆ ਜਾਵੇਗਾ। 'ਆਪ' ਸਰਕਾਰ ਸਾਡੇ ਸਰਕਾਰੀ ਅਧਿਆਪਕਾਂ ਲਈ ਨਵੀਨਤਮ ਸਿਖਲਾਈ ਜਾਰੀ ਰੱਖੇਗੀ। ਮੈਂ ਇਸ ਉਦੇਸ਼ ਲਈ ਵਿੱਤੀ ਸਾਲ 2023-24 ਵਿੱਚ 20 ਕਰੋੜ ਰੁਪਏ ਦੇ ਬਜਟ ਦਾ ਪ੍ਰਸਤਾਵ ਰੱਖਦਾ ਹਾਂ।

### ਸਕੂਲਜ਼ ਆਫ਼ ਐਮੀਨੈਂਸ

63. ਮੈਨੂੰ ਇਹ ਦੱਸਦੇ ਹੋਏ ਫ਼ਖ਼ਰ ਮਹਿਸੂਸ ਹੋ ਰਿਹਾ ਹੈ ਕਿ ਕੀਤੇ ਗਏ ਵਾਅਦੇ ਅਨੁਸਾਰ, "ਸਕੂਲਜ਼ ਆਫ਼ ਐਮੀਨੈਂਸ" ਵਜੋਂ ਅਪਗ੍ਰੇਡ ਕਰਨ ਲਈ 117 ਸਕੂਲਾਂ ਦੀ ਪਛਾਣ ਕੀਤੀ ਗਈ ਹੈ। ਇਨ੍ਹਾਂ ਸਕੂਲਾਂ ਵਿੱਚੋਂ ਜ਼ਿਲ੍ਹਾ ਅੰਮ੍ਰਿਤਸਰ ਦੇ 04 ਸਕੂਲਾਂ ਵਿੱਚ ਪਾਇਲਟ ਆਧਾਰ 'ਤੇ ਅਪਗ੍ਰੇਡ ਕਰਨ ਦਾ ਕੰਮ ਸ਼ੁਰੂ ਹੋ ਚੁੱਕਾ ਹੈ। ਇਨ੍ਹਾਂ ਨੂੰ ਹੱਬ ਅਤੇ ਸਪੋਕ ਮਾਡਲ 'ਤੇ ਚਾਲੂ ਕੀਤਾ ਜਾ ਰਿਹਾ ਹੈ, ਕਲੱਸਟਰ ਦੇ ਦੂਜੇ ਸਕੂਲਾਂ ਨੂੰ ਸਕੂਲ ਆਫ਼ ਐਮੀਨੈਂਸ ਨਾਲ ਜੋੜਿਆ ਜਾਵੇਗਾ। ਮੈਂ ਦੇਖ ਸਕਦਾ ਹਾਂ ਕਿ ਇਹ ਸਕੂਲ ਆਫ਼ ਐਮੀਨੈਂਸ ਸਿੱਖਿਆ ਦੇ "ਵਿਕਾਸ ਬਿੰਦੂ" ਬਣਕੇ ਉਭਰਣਗੇ। ਉਹਨਾਂ ਕੋਲ ਸਭ ਤੋਂ ਵਧੀਆ ਬੁਨਿਆਦੀ ਸਹੂਲਤਾਂ, ਸਾਰੇ ਵਿਸ਼ੇ, ਸਿਖਲਾਈ ਪ੍ਰਾਪਤ ਫੈਕਲਟੀ, ਖੇਡਾਂ ਅਤੇ ਹੋਰ ਵਾਧੂ ਗਤੀਵਿਧੀਆਂ, ਕਰੀਅਰ ਕਾਉਂਸਲਿੰਗ ਅਤੇ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਸਾਰੀਆਂ ਗਤੀਵਿਧੀਆਂ ਇਕੋ ਛੱਤ ਹੇਠ ਉਪਲਬਧ ਹੋਣਗੀਆਂ। ਮੈਂ ਸਕੂਲਾਂ ਨੂੰ ਸਕੂਲਜ਼ ਆਫ਼ ਐਮੀਨੈਂਸ ਵਿੱਚ ਅਪਗ੍ਰੇਡ ਕਰਨ ਲਈ ਵਿੱਤੀ ਸਾਲ 2023-24 ਵਿੱਚ 200 ਕਰੋੜ ਰੁਪਏ ਦੇ ਸ਼ੁਰੂਆਤੀ ਬਜਟ ਦਾ ਪ੍ਰਸਤਾਵ ਰੱਖਦਾ ਹਾਂ।

### ਪ੍ਰੀ-ਮੈਟ੍ਰਿਕ ਸਕਾਲਰਸ਼ਿਪ ਸਕੀਮ

64. ਮੈਨੂੰ ਇਸ ਅਜ਼ੀਮ ਸਦਨ ਨੂੰ ਦੱਸਦੇ ਹੋਏ ਖੁਸ਼ੀ ਹੋ ਰਹੀ ਹੈ ਕਿ ਵਿੱਤੀ ਸਾਲ 2022-23 ਦੌਰਾਨ, ਸਾਡੀ ਸਰਕਾਰ ਵੱਲੋਂ ਪਿਛਲੇ ਸਾਲਾਂ ਤੋਂ ਰੁਕੀ ਪਈ 140 ਕਰੋੜ ਰੁਪਏ ਦੀ ਵਜ਼ੀਫ਼ਾ ਰਾਸ਼ੀ, ਓ.ਬੀ.ਸੀ. ਵਿਦਿਆਰਥੀਆਂ ਅਤੇ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਨੂੰ ਜਾਰੀ ਕੀਤੀ ਗਈ। ਮੈਂ ਵਿੱਤੀ ਸਾਲ

2023-24 ਵਿੱਚ ਓ.ਬੀ.ਸੀ. ਵਿਦਿਆਰਥੀਆਂ ਅਤੇ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਲਈ ਕ੍ਰਮਵਾਰ 18 ਕਰੋੜ ਰੁਪਏ ਅਤੇ 60 ਕਰੋੜ ਰੁਪਏ ਦੇ ਬਜਟ ਦੀ ਤਜਵੀਜ਼ ਰੱਖਦਾ ਹਾਂ।

65. ਮੈਂ ਹੁਣ ਸਿੱਖਿਆ ਖੇਤਰ ਵਿੱਚ ਵੱਖ-ਵੱਖ ਸਕੀਮਾਂ ਅਧੀਨ ਪ੍ਰਸਤਾਵਿਤ ਵੰਡ ਦਾ ਸੰਖੇਪ ਜ਼ਿਕਰ ਕਰਾਂਗਾ:-

i. ਪੰਜਾਬ ਯੁਵਾ ਇੰਟਰਪ੍ਰਨਿਊਰ ਪ੍ਰੋਗਰਾਮ ਰਾਹੀਂ ਵਿਦਿਆਰਥੀਆਂ ਵਿੱਚ ਵਿੱਤੀ ਅਤੇ ਲੀਡਰਸ਼ਿਪ ਹੁਨਰ ਪੈਦਾ ਕਰਨ ਦੇ ਉਦੇਸ਼ ਨਾਲ ਸ਼ੁਰੂ ਕੀਤਾ ਗਿਆ ਹੈ। ਇਸ ਸਟਾਰਟਅੱਪ ਪ੍ਰੋਗਰਾਮ ਤਹਿਤ, ਸਰਕਾਰ 11ਵੀਂ ਦੇ ਵਿਦਿਆਰਥੀਆਂ ਵਿੱਚ ਆਪਣੇ ਕਾਰੋਬਾਰੀ ਵਿਚਾਰਾਂ ਨੂੰ ਪ੍ਰਸਤਾਵਿਤ ਕਰਨ ਲਈ ਪ੍ਰਤੀ-ਵਿਦਿਆਰਥੀ 2,000 ਰੁਪਏ ਦੇ ਹਿਸਾਬ ਨਾਲ ਸੀਡ ਮਨੀ ਪ੍ਰਦਾਨ ਕਰਕੇ ਸਹਾਇਤਾ ਕਰਦੀ ਹੈ ਅਤੇ ਇਸ ਲਈ 30 ਕਰੋੜ ਰੁਪਏ ਦੀ ਤਜਵੀਜ਼ ਰੱਖਦਾ ਹਾਂ।

ii. ਸਰਕਾਰੀ ਸਕੂਲਾਂ ਵਿੱਚ ਰੂਫ-ਟਾਪ ਸੋਲਰ ਪੈਨਲ ਸਿਸਟਮ ਦੀ ਸਥਾਪਨਾ- 100 ਕਰੋੜ ਰੁਪਏ;

iii. ਸਰਕਾਰੀ ਸਕੂਲਾਂ ਵਿੱਚ ਚਾਰਦੀਵਾਰੀ ਸਮੇਤ ਬੁਨਿਆਦੀ ਢਾਂਚੇ ਦਾ ਅਪਗ੍ਰੇਡੇਸ਼ਨ- 324 ਕਰੋੜ ਰੁਪਏ;

iv. 16.35 ਲੱਖ ਵਿਦਿਆਰਥੀਆਂ ਨੂੰ ਮਿਡ-ਡੇ-ਮੀਲ ਪ੍ਰਦਾਨ ਕਰਨ ਲਈ - 456 ਕਰੋੜ ਰੁਪਏ;

v. ਸਮਗਰ ਸਿੱਖਿਆ ਅਭਿਆਨ ਦੇ ਤਹਿਤ - 1,425 ਕਰੋੜ ਰੁਪਏ;

vi. ਪ੍ਰੀ-ਪ੍ਰਾਇਮਰੀ ਜਮਾਤ ਦੇ ਵਿਦਿਆਰਥੀਆਂ ਨੂੰ ਵਰਦੀਆਂ ਪ੍ਰਦਾਨ ਕਰਨ ਲਈ- 25 ਕਰੋੜ ਰੁਪਏ, ਅਤੇ

vii. ਮੁਫਤ ਕਿਤਾਬਾਂ, ਮੁਰੰਮਤ ਅਤੇ ਰੱਖ-ਰਖਾਅ ਪ੍ਰਦਾਨ ਕਰਨ ਲਈ - 90 ਕਰੋੜ ਰੁਪਏ ਦਾ ਪ੍ਰਸਤਾਵ ਰੱਖਦਾ ਹਾਂ।

## ਉਚੇਰੀ ਸਿੱਖਿਆ

66. ਇਹ ਹਕੀਕਤ ਹੈ ਕਿ ਜਦੋਂ ਤੱਕ ਉਚੇਰੀ ਸਿੱਖਿਆ ਆਧੁਨਿਕ ਅਤੇ ਢੁਕਵੀਂ ਨਹੀਂ ਹੁੰਦੀ, ਸਾਡੀਆਂ ਉਚੇਰੀ ਸਿੱਖਿਆ ਸੰਸਥਾਵਾਂ ਤੋਂ ਪਾਸ ਹੋਣ ਵਾਲੇ ਵਿਦਿਆਰਥੀ ਰੁਜ਼ਗਾਰ ਦੇ ਯੋਗ ਨਹੀਂ ਹੋਣਗੇ। ਇਸ ਨੂੰ ਧਿਆਨ ਵਿੱਚ ਰੱਖਦੇ ਹੋਏ ਵਿੱਤੀ ਸਾਲ 2023-24 ਦੌਰਾਨ ਰਾਜ ਵੱਲੋਂ ਹੇਠ ਲਿਖੀਆਂ ਪਹਿਲਕਦਮੀਆਂ ਕਰਨ ਦੀ ਤਜਵੀਜ਼ ਹੈ:

ਰੁਜ਼ਗਾਰ ਲਈ ਕੋਚਿੰਗ

67. ਮੈਂ ਵਿੱਤੀ ਸਾਲ 2023-24 ਦੌਰਾਨ 2 ਨਵੀਆਂ ਸਕੀਮਾਂ ਭਾਵ ਰੁਜ਼ਗਾਰ ਲਈ ਪੇਸ਼ੇਵਰ ਸਿਖਲਾਈ ਅਤੇ ਸੌਫਟ ਸਕਿੱਲ ਐਂਡ ਕਮਿਊਨੀਕੇਸ਼ਨ ਟਰੇਨਿੰਗ ਦੀ ਤਜਵੀਜ਼ ਕਰਦਾ ਹਾਂ ਅਤੇ ਇਸ ਲਈ ਢੁਕਵੇਂ ਉਪਬੰਧ ਕਰ ਦਿੱਤੇ ਜਾਣਗੇ। ਇਨ੍ਹਾਂ ਸਕੀਮਾਂ ਦੇ ਤਹਿਤ ਸਰਕਾਰੀ ਕਾਲਜਾਂ ਵਿੱਚ ਸਮਰਪਿਤ ਰੁਜ਼ਗਾਰ ਯੋਗਤਾ ਕੋਚਿੰਗ ਸੈਂਟਰ ਡਿਜ਼ਾਈਨ ਕਰਕੇ ਵਿਦਿਆਰਥੀਆਂ ਨੂੰ ਪੇਸ਼ੇਵਰ ਲੀਹਾਂ 'ਤੇ ਕੋਚਿੰਗ ਮੁਹੱਈਆ ਕਰਵਾਈ ਜਾਵੇਗੀ।

ਬੁਨਿਆਦੀ ਢਾਂਚੇ ਲਈ ਉਪਬੰਧ

68. ਵਿੱਤੀ ਸਾਲ 2022-23 ਦੌਰਾਨ ਰਾਜ ਵਿੱਚ 11 ਨਵੇਂ ਕਾਲਜਾਂ ਦੀ ਉਸਾਰੀ ਲਈ ਪਹਿਲਾਂ ਹੀ 36 ਕਰੋੜ ਰੁਪਏ ਜਾਰੀ ਕੀਤੇ ਜਾ ਚੁੱਕੇ ਹਨ। ਰਾਜ ਦੇ ਸਰਕਾਰੀ ਕਾਲਜਾਂ ਵਿੱਚ ਬੁਨਿਆਦੀ ਢਾਂਚੇ ਦੇ ਵਿਕਾਸ, ਬੁਨਿਆਦੀ ਢਾਂਚੇ ਵਿੱਚ ਸੁਧਾਰ ਅਤੇ ਲਾਇਬ੍ਰੇਰੀਆਂ ਦੀ ਸਥਾਪਨਾ ਲਈ 68 ਕਰੋੜ ਰੁਪਏ ਦਾ ਬਜਟ ਪ੍ਰਸਤਾਵਿਤ ਹੈ।

ਰਾਸ਼ਟਰੀ ਉਚਤਰ ਸਿੱਖਿਆ ਅਭਿਆਨ

69. ਰਾਸ਼ਟਰੀ ਉਚਤਰ ਸਿੱਖਿਆ ਅਭਿਆਨ ਦੇ ਫੇਜ਼ 2 ਦੇ ਤਹਿਤ, ਰਾਜ ਸਰਕਾਰ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੀ ਅਗਵਾਈ ਅਧੀਨ 70 ਕਰੋੜ ਰੁਪਏ ਦੀ ਲਾਗਤ ਨਾਲ ਕੁਆਲਟੀ ਅਤੇ ਐਕਸੀਲੈਂਸ ਵਧਾਉਣ ਲਈ ਵਿੱਤੀ ਸਾਲ 2023-24 ਦੌਰਾਨ 6 ਕੇਂਦਰਾਂ ਦੀ ਸਥਾਪਨਾ ਕਰ ਰਹੀ ਹੈ। ਮੈਨੂੰ ਇਹ ਸਾਂਝਾ ਕਰਦੇ ਹੋਏ ਖੁਸ਼ੀ ਹੋ ਰਹੀ ਹੈ ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਅਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਦੇਸ਼ੀ ਯੂਨੀਵਰਸਿਟੀਆਂ ਅਤੇ ਰਾਸ਼ਟਰੀ ਮਹੱਤਵ ਵਾਲੀਆਂ ਸੰਸਥਾਵਾਂ ਦੇ ਨਾਲ ਸਾਂਝੇਦਾਰੀ ਵਿੱਚ ਐਂਟਰਪ੍ਰੀਨਿਊਰਸ਼ਿਪ ਹੱਬ ਸਥਾਪਿਤ ਕਰ ਰਹੀਆਂ ਹਨ, ਜੋ ਸਮਾਜਿਕ ਅਤੇ ਉਦਯੋਗਿਕ ਤੌਰ 'ਤੇ ਸਬੰਧਿਤ ਖੋਜ ਪ੍ਰੋਜੈਕਟਾਂ ਅਤੇ ਪੇਟੈਂਟਾਂ ਦੇ ਪ੍ਰਕਾਸ਼ਨ ਵਿੱਚ ਮਦਦ ਕਰਨਗੇ। ਵਿੱਤੀ ਸਾਲ 2023-24 ਵਿੱਚ ਇਸ ਮੰਤਵ ਲਈ 116 ਕਰੋੜ ਰੁਪਏ ਦੀ ਵੰਡ ਦਾ ਪ੍ਰਸਤਾਵ ਹੈ।

70. ਸਾਡੀ ਸਰਕਾਰ ਰਾਜ ਦੀਆਂ ਰਿਵਾਇਤੀ ਭਾਸ਼ਾਵਾਂ ਦੀ ਵਰਤੋਂ ਨੂੰ ਸਹਾਇਤਾ ਦੇਣਾ ਅਤੇ ਪ੍ਰੋਤਸਾਹਿਤ ਕਰਨਾ ਜਾਰੀ ਰੱਖੇਗੀ। ਉਰਦੂ ਅਕਾਦਮੀ, ਮਲੇਰਕੋਟਲਾ ਦੇ ਮਜ਼ਬੂਤੀਕਰਨ ਅਤੇ ਨਵੀਨੀਕਰਨ ਲਈ ਵਿੱਤੀ

ਸਾਲ 2023-24 ਲਈ 2 ਕਰੋੜ ਰੁਪਏ ਦਾ ਪ੍ਰਸਤਾਵ ਰੱਖਦਾ ਹਾਂ।

## ਤਕਨੀਕੀ ਸਿੱਖਿਆ

ਸਪੀਕਰ ਸਾਹਿਬ,

71. ਮੈਂ ਸਾਡੀਆਂ ਤਕਨੀਕੀ ਸਿੱਖਿਆ ਸੰਸਥਾਵਾਂ ਦੀ ਤਕਨੀਕੀ ਸਮਰੱਥਾ ਨੂੰ ਸੁਧਾਰਨ ਲਈ ਵਿੱਤੀ ਸਾਲ 2023-24 ਵਿੱਚ 615 ਕਰੋੜ ਰੁਪਏ ਦੀ ਵੰਡ ਦਾ ਪ੍ਰਸਤਾਵ ਕਰਦਾ ਹਾਂ ਜੋ ਕਿ ਵਿੱਤੀ ਸਾਲ 2022-23 (ਸੋਧੇ ਅਨੁਮਾਨ) ਨਾਲੋਂ ਲਗਭਗ 6% ਵੱਧ ਹੈ। ਮੈਨੂੰ ਭਰੋਸਾ ਹੈ ਕਿ ਇਹ ਅਦਾਰੇ ਕਾਬਲ ਅਤੇ ਰੁਜ਼ਗਾਰਯੋਗ ਇੰਜੀਨੀਅਰ ਅਤੇ ਤਕਨੀਸ਼ੀਅਨ ਤਿਆਰ ਕਰਨਗੇ। ਇਸ ਨਾਲ ਸਾਡੇ ਰਾਜ ਨੂੰ ਖੁਸ਼ਹਾਲ ਬਣਨ ਵਿੱਚ ਮਦਦ ਮਿਲੇਗੀ ਕਿਉਂਕਿ ਤਰੱਕੀ ਅਤੇ ਵਿਕਾਸ ਲਈ ਲੋੜੀਂਦੀ ਤਕਨੀਕੀ ਮੁਹਾਰਤ ਬਹੁਤ ਮਹੱਤਵਪੂਰਨ ਹੁੰਦੀ ਹੈ।

72. ਮੈਂ ਆਪਣੀ ਸਰਕਾਰ ਨੂੰ ਵਧਾਈ ਦਿੰਦਾ ਹਾਂ ਕਿ 13 ਸਾਲਾਂ ਦੇ ਵਕਫ਼ੇ ਤੋਂ ਬਾਅਦ ਸਰਕਾਰੀ ਬਹੁ-ਤਕਨੀਕੀ ਕਾਲਜ ਲੜਕੀਆਂ, ਰੋਪੜ ਜੋ ਕਿ 2009 ਤੋਂ ਬੰਦ ਸੀ, ਉਸ ਨੂੰ ਸਾਲ 2022 ਵਿੱਚ ਮੁੜ ਚਾਲੂ ਕੀਤਾ ਗਿਆ ਹੈ। ਸਰਕਾਰ ਇਸ ਕਾਲਜ ਨੂੰ ਵਿੱਤੀ ਸਾਲ 2023-24 ਤੋਂ ਕੋ-ਐਜੂਕੇਸ਼ਨ ਕਾਲਜ ਵਜੋਂ ਚਲਾਉਣ ਦੀ ਸੰਭਾਵਨਾ ਤੇ ਵਿਚਾਰ ਕਰ ਰਹੀ ਹੈ।

73. ਮੈਨੂੰ ਖੁਸ਼ੀ ਹੈ ਕਿ ਇੰਸਟ੍ਰਕਟਰਾਂ ਦੀ ਸਿਖਲਾਈ ਲਈ 10 ਕਰੋੜ ਰੁਪਏ ਦੀ ਲਾਗਤ ਨਾਲ ਲਾਲੜੂ ਵਿਖੇ ਇੰਸਟੀਚਿਊਟ ਆਫ਼ ਟਰੇਨਿੰਗ ਆਫ਼ ਟ੍ਰੇਨਰਜ਼ (ਆਈ.ਟੀ.ਓ.ਟੀ) ਦੀ ਸਥਾਪਨਾ ਕੀਤੀ ਗਈ ਹੈ। ਵਿੱਤੀ ਸਾਲ 2022-23 ਵਿੱਚ 137 ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾਵਾਂ ਵਿੱਚ 28,607 ਸਿਖਿਆਰਥੀਆਂ ਨੂੰ ਦਾਖਲ ਕੀਤਾ ਗਿਆ ਹੈ। ਸਰਕਾਰ ਨੇ ਇਨ੍ਹਾਂ ਸਿਖਿਆਰਥੀਆਂ ਨੂੰ ਆੱਨਲਾਈਨ ਜਾੱਬ ਟਰੇਨਿੰਗ ਮੁਹੱਈਆਂ ਕਰਵਾਉਣ ਲਈ ਵੱਖ-ਵੱਖ ਉੱਘੇ ਉਦਯੋਗਾਂ ਜਿਵੇਂ ਕਿ ਮਹਿੰਦਰਾ ਐਂਡ ਮਹਿੰਦਰਾ ਲਿਮਟਿਡ, ਗੋਦਰੇਜ ਅਤੇ ਬੌਇਸ ਮੈਨੂਫੈਕਚਰਿੰਗ ਕੰਪਨੀ ਲਿਮਟਿਡ, ਹੀਰੋ ਸਾਈਕਲਜ਼ ਲਿਮਟਿਡ ਅਤੇ ਕਈ ਹੋਰਾਂ ਨਾਲ 236 ਸਮਝੌਤਿਆਂ 'ਤੇ ਹਸਤਾਖਰ ਕੀਤੇ ਹਨ।

74. ਮੌਜੂਦਾ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾਵਾਂ (ਆਈ.ਟੀ.ਆਈਜ਼) ਦੇ ਬੁਨਿਆਦੀ ਢਾਂਚੇ ਅਤੇ ਮਸ਼ੀਨਰੀ ਉਪਕਰਨ ਦਾ ਨਵੀਨੀਕਰਨ ਅਤੇ ਨਵੀਆਂ ਇਮਾਰਤਾਂ ਦੀ ਉਸਾਰੀ ਲਈ; ਨਵੀਆਂ ਆਈ.ਟੀ.ਆਈਜ਼ ਅਤੇ ਪੌਲੀਟੈਕਨਿਕ ਕਾਲਜਾਂ ਨੂੰ ਮੁਕੰਮਲ ਕਰਨ ਲਈ ਵਿੱਤੀ ਸਾਲ 2023-24 ਵਿੱਚ 63 ਕਰੋੜ ਰੁਪਏ ਦੀ ਵੰਡ ਦਾ ਪ੍ਰਸਤਾਵ ਰੱਖਦਾ ਹਾਂ।

75. ਇੰਡੀਸਟਰੀਅਲ ਵੈਲਿਊ ਇਨਹਾਂਸਮੈਂਟ ਲਈ ਹੁਨਰ ਦੀ ਮਜ਼ਬੂਤੀ ਵੋਕੇਸ਼ਨਲ ਸਿਖਲਾਈ ਵਿੱਚ ਸੁਧਾਰ ਅਤੇ ਅਪ੍ਰੈਂਟਿਸਸ਼ਿਪ ਸਿਖਲਾਈ ਪ੍ਰੋਗਰਾਮਾਂ ਦੇ ਪ੍ਰਸਾਰ ਲਈ ਵਿੱਤੀ ਸਾਲ 2023-24 ਵਿੱਚ 40 ਕਰੋੜ ਰੁਪਏ ਦੇ ਬਜਟ ਖਰਚੇ ਦਾ ਪ੍ਰਸਤਾਵ ਰੱਖਦਾ ਹਾਂ।

## ਖੇਡਾਂ ਅਤੇ ਯੁਵਾ ਸੇਵਾਵਾਂ

76. ਇਹ ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਅਨੁਸ਼ਾਸਿਤ ਅਤੇ ਤੰਦਰੁਸਤ ਆਗੂਆਂ ਦੀ ਪੀੜ੍ਹੀ ਸਿਰਜਨ ਲਈ ਆਪਣੇ ਨੌਜਵਾਨਾਂ ਨੂੰ ਖੇਡਾਂ ਵੱਲ ਵਾਪਸ ਲਿਆਈਏ। ਪੰਜਾਬੀ ਨੌਜਵਾਨਾਂ ਨੂੰ ਵੱਖ-ਵੱਖ ਸਮਾਜਿਕ ਗਤੀਵਿਧੀਆਂ ਵਿੱਚ ਸ਼ਾਮਲ ਕਰਨ ਲਈ ਸੂਬੇ ਵਿੱਚ 14,500 ਤੋਂ ਵੱਧ ਯੂਥ ਕਲੱਬਾਂ ਨੂੰ ਮੁੜ ਸਰਗਰਮ ਕਰਨ ਲਈ ਵੀ ਸੁਹਿਰਦ ਯਤਨ ਕੀਤੇ ਜਾ ਰਹੇ ਹਨ। ਇਸ ਦੇ ਨਾਲ ਹੀ, ਪੰਜਾਬ ਨੂੰ ਦੇਸ਼ ਦਾ ਮੋਹਰੀ ਸੂਬਾ ਬਣਾਉਣ ਦੇ ਉਦੇਸ਼ ਨਾਲ ਸਾਡੀ ਸਰਕਾਰ ਇੱਕ ਨਵੀ ਖੇਡ ਪਾਲਿਸੀ ਤਿਆਰ ਕਰ ਰਹੀ ਹੈ ਜੋ ਖਿਡਾਰੀਆਂ ਨੂੰ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਪੱਧਰ ਦੇ ਮੁਕਾਬਲਿਆਂ ਲਈ ਤਿਆਰ ਕਰਨ ਵਿੱਚ ਮੱਦਦ ਕਰੇਗੀ। ਖੇਡਾਂ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਅਤੇ ਵੱਖ-ਵੱਖ ਪਹਿਲਕਦਮੀਆਂ ਕਰਨ ਲਈ, 258 ਕਰੋੜ ਰੁਪਏ ਦੀ ਵੰਡ ਵਿੱਤੀ ਸਾਲ 2023-24 ਲਈ ਰਾਖਵੀਂ ਕਰਨ ਦੀ ਤਜਵੀਜ਼ ਰੱਖਦਾ ਹਾਂ, ਜੋ ਕਿ ਵਿੱਤੀ ਸਾਲ (ਸੋਧੇ ਅਨੁਮਾਨ) 2022-23 ਦੇ ਮੁਕਾਬਲੇ 55 ਪ੍ਰਤੀਸ਼ਤ ਵੱਧ ਹੈ।

77. ਸਾਡੀ ਸਰਕਾਰ ਨੇ ਨੌਜਵਾਨਾਂ ਅਤੇ ਪ੍ਰਤਿਭਾਸ਼ਾਲੀ ਖਿਡਾਰੀਆਂ ਦੇ ਮਨੋਬਲ ਨੂੰ ਵਧਾਉਣ ਲਈ ਆਪਣੀ ਪਹੁੰਚ ਨੂੰ ਬਦਲਿਆ ਹੈ। ਜਿਸ ਦੀ ਸ਼ੁਰੂਆਤ ਕਰਦਿਆਂ ਬਲਾਕ ਪੱਧਰ ਤੋਂ ਲੈ ਕੇ ਰਾਜ ਪੱਧਰ ਤੱਕ ਦੇ ਖੇਡ ਟੂਰਨਾਮੈਂਟ "ਖੇਡਾਂ ਵਤਨ ਪੰਜਾਬ ਦੀਆਂ- 2022" ਦਾ ਆਯੋਜਨ ਕੀਤਾ ਗਿਆ। ਇਨ੍ਹਾਂ ਖੇਡਾਂ ਵਿੱਚ ਲਗਭਗ 3 ਲੱਖ ਖਿਡਾਰੀਆਂ ਨੇ ਭਾਗ ਲਿਆ ਅਤੇ 9,961 ਜੇਤੂ ਖਿਡਾਰੀਆਂ ਨੂੰ 7 ਕਰੋੜ ਰੁਪਏ ਦੀ ਇਨਾਮੀ ਰਾਸ਼ੀ ਵੰਡੀ ਗਈ।

78. ਸਾਡੀ ਸਰਕਾਰ ਨੇ ਵੱਕਾਰੀ 'ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਰਾਜ ਯੁਵਾ ਪੁਰਸਕਾਰ' ਨੂੰ ਮੁੜ ਸੁਰਜੀਤ ਕੀਤਾ ਹੈ ਅਤੇ ਇਸ ਤਹਿਤ ਹਰੇਕ ਜ਼ਿਲ੍ਹੇ ਵਿੱਚੋਂ ਦੋ ਨੌਜਵਾਨਾਂ ਨੂੰ ਚੁਣਿਆ ਜਾਵੇਗਾ ਅਤੇ ਇੱਕ ਮੈਡਲ, 51,000 ਰੁਪਏ ਦੀ ਰਾਸ਼ੀ ਅਤੇ ਇੱਕ ਸਰਟੀਫਿਕੇਟ ਨਾਲ ਸਨਮਾਨਿਤ ਕੀਤਾ ਜਾਵੇਗਾ। ਇਸ ਨਾਲ ਯਕੀਨੀ ਤੌਰ 'ਤੇ ਇੱਕ ਸਕਾਰਾਤਮਕ ਸੰਦੇਸ਼ ਜਾਵੇਗਾ ਜੋ ਨੌਜਵਾਨਾਂ ਨੂੰ ਖੇਡਾਂ ਵੱਲ ਉਤਸ਼ਾਹਿਤ ਕਰੇਗਾ।

79. ਜ਼ਿਲ੍ਹਾ ਪੱਧਰ ਅਤੇ ਸਬ-ਡਵੀਜ਼ਨ ਪੱਧਰ 'ਤੇ ਬਹੁ-ਮੰਤਵੀ ਖੇਡ ਮੈਦਾਨ ਬਣਾਏ ਜਾ ਰਹੇ ਹਨ ਅਤੇ

46 ਕਰੋੜ ਰੁਪਏ ਦੇ 32 ਪ੍ਰੋਜੈਕਟਾਂ ਵਿੱਚੋਂ 33 ਕਰੋੜ ਰੁਪਏ ਦੇ 22 ਪ੍ਰੋਜੈਕਟ ਪੂਰੇ ਹੋ ਚੁੱਕੇ ਹਨ ਅਤੇ ਬਾਕੀ ਦੇ ਜਲਦੀ ਹੀ ਮੁਕੰਮਲ ਕੀਤੇ ਜਾਣਗੇ। ਵਿੱਤੀ ਸਾਲ 2023-24 ਵਿੱਚ ਖੇਡ ਬੁਨਿਆਦੀ ਢਾਂਚੇ ਦੇ ਨਿਰਮਾਣ, ਅਪਗ੍ਰੇਡੇਸ਼ਨ ਅਤੇ ਮਜ਼ਬੂਤੀਕਰਨ ਲਈ 35 ਕਰੋੜ ਰੁਪਏ ਦੀ ਰਾਸ਼ੀ ਦਾ ਪ੍ਰਸਤਾਵ ਰੱਖਦਾ ਹਾਂ। ਇਸ ਦੇ ਨਾਲ ਹੀ 10 ਖੇਡ ਬੁਨਿਆਦੀ ਪ੍ਰੋਜੈਕਟਾਂ ਦੀ ਸਨਾਖ਼ਤ ਕੀਤੀ ਗਈ ਹੈ, ਜਿਨ੍ਹਾਂ ਨੂੰ ਪੀ.ਪੀ.ਪੀ. ਮੋਡ ਅਧੀਨ ਵਿਕਸਿਤ ਕੀਤਾ ਜਾਵੇਗਾ।

80. ਵਿੱਤੀ ਸਾਲ 2022-23 ਵਿੱਚ ਵੱਖ-ਵੱਖ ਕੋਚਿੰਗ ਕੇਂਦਰਾਂ, ਅਕੈਡਮੀਆਂ ਅਤੇ ਖੇਡ ਵਿੰਗਾਂ ਵਿੱਚ ਕੋਚਿੰਗ ਲੈਣ ਵਾਲੇ ਖਿਡਾਰੀਆਂ ਲਈ ਖੇਡ ਸਾਜ਼ੋ-ਸਾਮਾਨ ਦੀ ਖਰੀਦ ਦੀ ਪ੍ਰਕਿਰਿਆ ਸ਼ੁਰੂ ਕੀਤੀ ਗਈ ਹੈ। ਮੈਂ ਵਿੱਤੀ ਸਾਲ 2023-24 ਦੌਰਾਨ ਖੇਡਾਂ ਦੇ ਸਾਮਾਨ ਦੀ ਖਰੀਦ ਲਈ 3 ਕਰੋੜ ਰੁਪਏ ਦੇ ਸ਼ੁਰੂਆਤੀ ਬਜਟ ਦੀ ਤਜਵੀਜ਼ ਰੱਖਦਾ ਹਾਂ।

81. ਪਟਿਆਲਾ ਵਿਖੇ ਸਪੋਰਟਸ ਯੂਨੀਵਰਸਿਟੀ ਤੋਂ ਵਿਸ਼ੇਸ਼ ਖੇਤਰਾਂ ਵਿੱਚ ਖੇਡ ਸਿੱਖਿਆ ਨੂੰ ਉਤਸ਼ਾਹਿਤ ਕਰਨ ਦੀ ਉਮੀਦ ਹੈ। ਮੈਂ ਯੂਨੀਵਰਸਿਟੀ ਲਈ ਵਿੱਤੀ ਸਾਲ 2023-24 ਵਿੱਚ ਕੈਂਪਸ ਦੇ ਬੁਨਿਆਦੀ ਢਾਂਚੇ ਅਤੇ ਇਸਦੇ ਸੰਘਟਕ ਕਾਲਜਾਂ ਦੇ ਖਰਚਿਆਂ ਨਾਲ ਸਬੰਧਿਤ ਕੰਮਾਂ ਦੇ ਦੂਜੇ ਪੜਾਅ ਲਈ 53 ਕਰੋੜ ਰੁਪਏ ਦਾ ਉਪਬੰਧ ਕਰਨ ਦੀ ਤਜਵੀਜ਼ ਰੱਖਦਾ ਹਾਂ।

## ਮੈਡੀਕਲ ਸਿੱਖਿਆ ਅਤੇ ਖੋਜ

ਮਾਣਯੋਗ ਸਪੀਕਰ ਸਾਹਿਬ,

82. ਪੂਰੀ ਦੁਨੀਆ ਵਿਚ ਮਿਆਰੀ ਸਿਹਤ ਸੰਭਾਲ ਚੰਗੀ ਡਾਕਟਰੀ ਸਿੱਖਿਆ 'ਤੇ ਨਿਰਭਰ ਕਰਦੀ ਹੈ, ਜੋ ਮਰੀਜ਼ਾਂ ਦੀ ਸੇਵਾ ਅਤੇ ਇਲਾਜ ਕਰਨ ਲਈ ਸਮਰੱਥ ਡਾਕਟਰ, ਨਰਸਾਂ ਅਤੇ ਮੈਡੀਕਲ ਸਟਾਫ਼ ਪ੍ਰਦਾਨ ਕਰਦੀ ਹੈ। ਮੈਂ ਮੈਡੀਕਲ ਸਿੱਖਿਆ ਅਤੇ ਖੋਜ ਲਈ ਵਿੱਤੀ ਸਾਲ 2023-24 ਵਿੱਚ 1,015 ਕਰੋੜ ਰੁਪਏ ਦੇ ਬਜਟੀ ਉਪਬੰਧ ਦਾ ਪ੍ਰਸਤਾਵ ਰੱਖਦਾ ਹਾਂ।

83. ਮੈਨੂੰ ਇਹ ਦੱਸਦੇ ਹੋਏ ਖੁਸ਼ੀ ਹੋ ਰਹੀ ਹੈ ਕਿ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵਿਖੇ ਜੋ ਡਾ: ਬੀ.ਆਰ. ਅੰਬੇਡਕਰ ਸਟੇਟ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਜ਼ ਅਤੇ ਸਰਕਾਰੀ ਮੈਡੀਕਲ ਕਾਲਜ ਖੋਲ੍ਹਿਆ ਗਿਆ ਸੀ, ਉਸ ਵਿਚ 100 ਐਮ.ਬੀ.ਬੀ.ਐਸ. ਵਿਦਿਆਰਥੀਆਂ ਦੇ ਦੋ ਬੈਚਾਂ ਦਾ ਦਾਖਲਾ ਹੋ ਚੁੱਕਾ

ਹੈ ਅਤੇ ਤੀਜੇ ਬੈਚ ਦਾ ਦਾਖਲਾ ਵਿੱਤੀ ਸਾਲ 2023-24 ਵਿਚ ਹੋ ਜਾਵੇਗਾ।

84. ਮੈਡੀਕਲ ਸੰਸਥਾਵਾਂ ਵਿੱਚ ਸਟਾਫ਼ ਦੀ ਘਾਟ ਨੂੰ ਪੂਰਾ ਕਰਨ ਲਈ 880 ਸਟਾਫ ਨਰਸਾਂ ਅਤੇ 81 ਪੈਰਾ ਮੈਡੀਕਲ ਸਟਾਫ਼ ਦੀ ਭਰਤੀ ਕੀਤੀ ਗਈ ਹੈ। ਇਸ ਦੇ ਨਾਲ ਹੀ ਸੀਨੀਅਰ ਰੈਜ਼ੀਡੈਂਟਸ ਦੀ ਨਿਯੁਕਤੀ ਲਈ ਨਵੀਂ ਨੀਤੀ ਤਹਿਤ ਸਰਕਾਰੀ ਮੈਡੀਕਲ ਕਾਲਜਾਂ ਵਿੱਚ 300 ਮਾਹਿਰ ਡਾਕਟਰਾਂ ਦੀ ਨਿਯੁਕਤੀ ਕੀਤੀ ਹੈ।

85. ਦੋ ਨਵੇਂ ਮੈਡੀਕਲ ਕਾਲਜ ਕਪੂਰਥਲਾ ਅਤੇ ਹੁਸ਼ਿਆਰਪੁਰ ਵਿਖੇ 100 ਐਮ.ਬੀ.ਬੀ.ਐਸ. ਸੀਟਾਂ ਪ੍ਰਤੀ ਕਾਲਜ, ਕ੍ਰਮਵਾਰ 422 ਕਰੋੜ ਰੁਪਏ ਅਤੇ 412 ਕਰੋੜ ਰੁਪਏ ਦੀ ਲਾਗਤ ਨਾਲ ਡਿਜ਼ਾਈਨ ਕੀਤੇ ਜਾ ਰਹੇ ਹਨ, ਜਿਨ੍ਹਾਂ ਦੇ ਡਿਜ਼ਾਇਨ ਮਨਜ਼ੂਰ ਕਰ ਦਿੱਤੇ ਗਏ ਹਨ ਅਤੇ ਜਲਦ ਹੀ ਸ਼ੁਰੂ ਹੋ ਜਾਣਗੇ।

86. ਕੈਂਸਰ ਦੇ ਮਰੀਜ਼ਾਂ ਲਈ ਸਰਕਾਰੀ ਮੈਡੀਕਲ ਕਾਲਜ, ਅੰਮ੍ਰਿਤਸਰ ਵਿਖੇ 119 ਕਰੋੜ ਰੁਪਏ ਦੀ ਲਾਗਤ ਨਾਲ ਸਟੇਟ ਕੈਂਸਰ ਇੰਸਟੀਚਿਊਟ ਅਤੇ ਫਾਜ਼ਿਲਕਾ ਵਿਖੇ 46 ਕਰੋੜ ਰੁਪਏ ਦੀ ਲਾਗਤ ਨਾਲ ਕੈਂਸਰ ਕੇਅਰ ਸੈਂਟਰ ਜਲਦੀ ਸ਼ੁਰੂ ਹੋਣ ਦੀ ਉਮੀਦ ਹੈ।

87. ਮੈਂ ਵਿੱਤੀ ਸਾਲ 2023-24 ਵਿੱਚ ਕੁੱਲ 100 ਕਰੋੜ ਰੁਪਏ ਦੀ ਲਾਗਤ ਨਾਲ ਸਰਕਾਰੀ ਮੈਡੀਕਲ ਕਾਲਜ, ਅੰਮ੍ਰਿਤਸਰ ਅਤੇ ਰਾਜਿੰਦਰਾ ਹਸਪਤਾਲ, ਪਟਿਆਲਾ ਵਿੱਚ ਟਰੌਮਾ ਸੈਂਟਰ ਅਤੇ ਪਿੰਡ ਠੀਕਰੀਵਾਲ, ਜ਼ਿਲ੍ਹਾ ਬਰਨਾਲਾ ਵਿਖੇ ਇੱਕ ਨਵਾਂ ਨਰਸਿੰਗ ਕਾਲਜ ਡਿਜ਼ਾਈਨ ਕਰਨ ਦੀ ਤਜਵੀਜ਼ ਰੱਖਦਾ ਹਾਂ।

### ਪੰਜਾਬ ਸਟੇਟ ਇੰਸਟੀਚਿਊਟ ਆਫ ਲਿਵਰ ਐਂਡ ਬਿਲੀਰੀ ਸਾਇੰਸਜ਼

88. ਰਾਜ ਵਿੱਚ ਲਿਵਰ ਨਾਲ ਸਬੰਧਿਤ ਬਿਮਾਰੀਆਂ ਵੱਧ ਰਹੀਆਂ ਹਨ ਅਤੇ ਜ਼ਿਆਦਾਤਰ ਮਰੀਜ਼ਾਂ ਨੂੰ ਮਾਹਰ ਦੇਖਭਾਲ ਦੀ ਲੋੜ ਹੁੰਦੀ ਹੈ। ਪੰਜਾਬ ਦੇ ਖੇਤਰ ਵਿੱਚ, ਸਿਰਫ਼ ਪੀ.ਜੀ.ਆਈ. ਹਸਪਤਾਲ, ਚੰਡੀਗੜ੍ਹ, ਜੋ ਅਜਿਹੇ ਕੇਸਾਂ ਵਿੱਚ ਇਲਾਜ ਮੁਹੱਈਆ ਕਰਨ ਵਿੱਚ ਮਾਹਰ ਹੈ। ਸਾਡੀ ਸਰਕਾਰ ਵੱਲੋਂ ਕੀਤੇ ਵਾਅਦੇ ਅਨੁਸਾਰ ਸਾਹਿਬਜ਼ਾਦਾ ਅਜੀਤ ਸਿੰਘ (ਐਸ.ਏ.ਐਸ) ਨਗਰ ਵਿਖੇ "ਪੰਜਾਬ ਸਟੇਟ ਇੰਸਟੀਚਿਊਟ ਆਫ ਲਿਵਰ ਐਂਡ ਬਿਲੀਰੀ ਸਾਇੰਸਜ਼" ਦੀ ਸਥਾਪਨਾ ਕੀਤੀ ਜਾ ਚੁੱਕੀ ਹੈ ਅਤੇ ਵਿੱਤੀ ਸਾਲ 2023-24 ਵਿੱਚ ਪੂਰੀ ਤਰ੍ਹਾਂ ਕਾਰਜਸ਼ੀਲ ਹੋ ਜਾਵੇਗਾ। ਇਹ ਦੇਸ਼ ਦਾ ਦੂਜਾ ਅਜਿਹਾ ਇੰਸਟੀਚਿਊਟ ਹੋਵੇਗਾ ਜੋ ਵਿਆਪਕ ਜਾਂਚ ਅਤੇ ਇਲਾਜ ਦੀ ਸਹੂਲਤ, ਐਡਵਾਂਸ ਕਲੀਨਿਕਲ ਰਿਸਰਚ ਅਤੇ ਜਿਗਰ ਦੀਆਂ ਬਿਮਾਰੀਆਂ ਦੇ ਰੋਕਥਾਮ

ਲਈ ਕੰਮ ਕਰੇਗਾ ਅਤੇ ਇਸ ਇੰਸਟੀਟੀਊਟ ਵਿੱਚ ਇਲਾਜ ਕਰਨ ਲਈ ਮਾਹਿਰ ਡਾਕਟਰ ਵੀ ਤਾਇਨਾਤ ਕੀਤੇ ਜਾਣਗੇ। ਇਸ ਇੰਸਟੀਟੀਊਟ ਲਈ ਸਾਲ 2023-24 ਵਿੱਚ 25 ਕਰੋੜ ਰੁਪਏ ਦੀ ਤਜਵੀਜ਼ ਰੱਖਦਾ ਹਾਂ।

### ਯੂਨੀਵਰਸਿਟੀਆਂ ਨੂੰ ਗ੍ਰਾਂਟ-ਇਨ-ਏਡ

89. ਵਿੱਤੀ ਸਾਲ 2023-24 ਵਿੱਚ 990 ਕਰੋੜ ਰੁਪਏ, ਵੱਖ-ਵੱਖ ਰਾਜ ਯੂਨੀਵਰਸਿਟੀਆਂ ਅਤੇ ਇਸ ਦੇ ਸੰਘੀ ਕਾਲਜਾਂ ਜਿਵੇਂ ਕਿ ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੀਏਯੂ, ਗਡਵਾਸੂ, ਸ੍ਰੀ ਗੁਰੂ ਤੇਗ ਬਹਾਦਰ ਸਟੇਟ ਯੂਨੀਵਰਸਿਟੀ ਆਫ਼ ਲਾਅ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, ਆਦਿ ਅਤੇ ਉਨ੍ਹਾਂ ਦੀ ਸੰਘੀ ਕਾਲਜਾਂ ਅਤੇ ਹੋਰਾਂ ਨੂੰ ਸਹਾਇਤਾ ਪ੍ਰਦਾਨ ਕਰਨ ਲਈ ਤਜਵੀਜ਼ ਰੱਖਦਾ ਹਾਂ।

### **ਸਿਹਤ ਅਤੇ ਪਰਿਵਾਰ ਭਲਾਈ**

90. 'ਆਪ' ਸਰਕਾਰ ਸੂਬੇ ਵਿੱਚ ਸਿਹਤ ਪ੍ਰਣਾਲੀਆਂ ਨੂੰ ਮਜ਼ਬੂਤ ਕਰਨ ਲਈ ਲਗਾਤਾਰ ਕੰਮ ਕਰ ਰਹੀ ਹੈ। ਪਿਛਲੇ ਸਾਲ ਦਰਸਾਈ ਦਿਸ਼ਾ ਅਨੁਸਾਰ ਅਸੀਂ ਇਹ ਯਕੀਨੀ ਬਣਾਵਾਂਗੇ ਕਿ ਬੁਨਿਆਦੀ ਸਿਹਤ ਸਹੂਲਤਾਂ, ਦਵਾਈਆਂ, ਡਾਇਗਨੌਸਟਿਕਸ, ਸਮਾਜ ਦੇ ਹਰੇਕ ਵਰਗ ਤੱਕ ਪਹੁੰਚ ਸਕਣ। ਸਾਡਾ ਮੰਨਣਾ ਹੈ ਕਿ ਸਿਹਤਮੰਦ ਆਬਾਦੀ ਵਾਲਾ ਪੰਜਾਬ ਹੀ ਨਿਰੰਤਰ ਵਿਕਾਸ ਵੱਲ ਜਾ ਸਕਦਾ ਹੈ। ਮੈਂ ਵਿੱਤੀ ਸਾਲ 2023-24 ਵਿੱਚ ਸਿਹਤ ਅਤੇ ਪਰਿਵਾਰ ਭਲਾਈ ਲਈ 4,781 ਕਰੋੜ ਰੁਪਏ ਦਾ ਬਜਟ ਉਪਬੰਧ ਕਰਨ ਦਾ ਪ੍ਰਸਤਾਵ ਰੱਖਦਾ ਹਾਂ ਜੋ ਕਿ ਪਿਛਲੇ ਸਾਲ 2022-23 (ਸੋਧੇ ਅਨੁਮਾਨ) ਦੇ ਮੁਕਾਬਲੇ 11% ਵੱਧ ਹੈ।

91. ਮੈਂ ਇਸ ਅਜ਼ੀਮ ਸਦਨ ਨੂੰ ਇਹ ਦੱਸਣਾ ਚਾਹੁੰਦਾ ਹਾਂ ਕਿ ਸਿਹਤ ਸੰਸਥਾਵਾਂ ਦੇ ਸੁਚਾਰੂ ਕੰਮਕਾਜ ਲਈ, ਵਿੱਤੀ ਸਾਲ 2022-23 ਵਿੱਚ ਵੱਖ-ਵੱਖ ਸ਼੍ਰੇਣੀਆਂ ਦੇ ਤਹਿਤ 1,353 ਕਰਮਚਾਰੀਆਂ/ਮੈਡੀਕਲ ਸਟਾਫ ਦੀ ਭਰਤੀ ਕੀਤੀ ਗਈ ਹੈ, ਜਿਨ੍ਹਾਂ ਵਿੱਚੋਂ 271 ਸਪੈਸ਼ਲਿਸਟ ਮੈਡੀਕਲ ਅਫਸਰ, 3 ਫਾਰਮੇਸੀ ਅਫਸਰ, 53 ਸਟਾਫ ਨਰਸਾਂ, 520 ਮਲਟੀ-ਪਰਪਜ਼ ਹੈਲਥ ਵਰਕਰ, 480 ਵਾਰਡ ਅਟੈਂਡੈਂਟ ਆਦਿ ਸ਼ਾਮਲ ਹਨ।

### ਆਮ ਆਦਮੀ ਕਲੀਨਿਕ (ਏ.ਏ.ਸੀ.ਐੱਸ.)

92. ਮੈਨੂੰ ਇਸ ਅਜ਼ੀਮ ਸਦਨ ਸਾਹਮਣੇ ਇਹ ਦੱਸਦਿਆਂ ਮਾਣ ਮਹਿਸੂਸ ਹੋ ਰਿਹਾ ਹੈ ਕਿ 117 ਆਮ

ਆਦਮੀ ਕਲੀਨਿਕਾਂ ਦੀ ਸਥਾਪਨਾ ਦੇ ਸ਼ੁਰੂਆਤੀ ਟੀਚੇ ਦੇ ਮੁਕਾਬਲੇ, ਸਾਡੀ ਸਰਕਾਰ ਨੇ ਹੁਣ ਤੱਕ 504 ਆਮ ਆਦਮੀ ਕਲੀਨਿਕ ਸਥਾਪਿਤ ਕਰ ਦਿੱਤੇ ਹਨ। ਹੋਰ 142 ਆਮ ਆਦਮੀ ਕਲੀਨਿਕ ਤਿਆਰੀ ਅਧੀਨ ਹਨ ਅਤੇ ਅਗਲੇ ਕੁਝ ਦਿਨਾਂ ਵਿੱਚ ਇਹ ਸ਼ੁਰੂ ਹੋ ਜਾਣਗੇ । ਇਨ੍ਹਾਂ ਆਮ ਆਦਮੀ ਕਲੀਨਿਕਾਂ ਵਿੱਚ 80 ਤਰ੍ਹਾਂ ਦੀਆਂ ਮੁਫਤ ਦਵਾਈਆਂ ਅਤੇ 41 ਡਾਇਗਨੌਸਟਿਕ ਟੈੱਸਟ ਮੁਫਤ ਕੀਤੇ ਜਾ ਰਹੇ ਹਨ ਅਤੇ ਹੁਣ ਤੱਕ 10.50 ਲੱਖ ਤੋਂ ਵੱਧ ਮਰੀਜ਼ ਮੁਫ਼ਤ ਓ.ਪੀ.ਡੀ ਦੀ ਸੁਵਿਧਾ ਦਾ ਲਾਭ ਲੈ ਚੁੱਕੇ ਹਨ ਅਤੇ ਇਨ੍ਹਾਂ ਆਮ ਆਦਮੀ ਕਲੀਨਿਕਾਂ ਵਿੱਚ 1 ਲੱਖ ਤੋਂ ਵੱਧ ਲੈਬ ਟੈੱਸਟ ਕੀਤੇ ਜਾ ਚੁੱਕੇ ਹਨ।

### ਸੈਕੰਡਰੀ ਸਿਹਤ ਸੰਭਾਲ ਸੰਸਥਾਵਾਂ ਨੂੰ ਮਜ਼ਬੂਤ ਕਰਨਾ

93. ਸਾਡੀ ਸਰਕਾਰ ਨੇ ਰਾਜ ਵਿੱਚ ਸਾਰੀਆਂ ਸੈਕੰਡਰੀ ਸਿਹਤ ਸੰਭਾਲ ਸੰਸਥਾਵਾਂ - ਕਮਿਊਨਿਟੀ ਹੈਲਥ ਸੈਂਟਰਾਂ, ਸਬ-ਡਵੀਜ਼ਨਲ ਹਸਪਤਾਲਾਂ ਅਤੇ ਜ਼ਿਲ੍ਹਾ ਹਸਪਤਾਲਾਂ ਨੂੰ ਮਜ਼ਬੂਤ ਕਰਨ ਲਈ ਇੱਕ ਵਿਸ਼ੇਸ਼ ਪ੍ਰੋਜੈਕਟ ਸ਼ੁਰੂ ਕਰਨ ਦਾ ਪ੍ਰਸਤਾਵ ਰੱਖਿਆ ਹੈ। ਇਨ੍ਹਾਂ ਹਸਪਤਾਲਾਂ ਨੂੰ ਨਾ ਸਿਰਫ਼ ਵੱਡੇ ਪੱਧਰ ਤੇ ਪੁਨਰ-ਸਿਰਜਿਤ ਕੀਤਾ ਜਾਵੇਗਾ ਸਗੋਂ ਮੈਡੀਕਲ ਅਫ਼ਸਰਾਂ (ਸਪੈਸ਼ਲਿਸਟ) ਦੀਆਂ 363 ਅਤੇ ਮੈਡੀਕਲ ਅਫ਼ਸਰ (ਜਨਰਲ) ਦੀਆਂ 470 ਖਾਲੀ ਅਸਾਮੀਆਂ ਨੂੰ ਭਰਨ ਲਈ ਇੱਕ ਵਿਸ਼ੇਸ਼ ਭਰਤੀ ਮੁਹਿੰਮ ਵੀ ਚਲਾਈ ਜਾਵੇਗੀ। ਵਿੱਤੀ ਸਾਲ 2023-24 ਦੌਰਾਨ ਮੈਂ ਇਨ੍ਹਾਂ ਅਤੇ ਹੋਰ ਸਿਹਤ ਕੇਂਦਰਾਂ ਦੀ ਮਜ਼ਬੂਤੀ ਲਈ 39 ਕਰੋੜ ਰੁਪਏ ਦੇ ਸ਼ੁਰੂਆਤੀ ਖਰਚੇ ਦਾ ਪ੍ਰਸਤਾਵ ਰੱਖਦਾ ਹਾਂ।

### ਜੱਚਾ ਅਤੇ ਬੱਚਾ ਸਿਹਤ (ਐਮ.ਸੀ.ਐਚ)

94. ਸਾਡੇ ਮਾਣਯੋਗ ਮੁੱਖ ਮੰਤਰੀ, ਸਰਦਾਰ ਭਗਵੰਤ ਸਿੰਘ ਮਾਨ ਜੀ ਦੁਆਰਾ ਫਗਵਾੜਾ ਅਤੇ ਜਗਰਾਉਂ ਵਿਖੇ ਨਵੇਂ ਮੈਟਰਨਲ ਅਤੇ ਚਾਈਲਡ ਹੈਲਥ ਹਸਪਤਾਲਾਂ ਦਾ ਉਦਘਾਟਨ ਪਹਿਲਾਂ ਹੀ ਕੀਤਾ ਜਾ ਚੁੱਕਾ ਹੈ ਅਤੇ 3 ਮੈਟਰਨਲ ਅਤੇ ਚਾਈਲਡ ਹੈਲਥ ਵਿੰਗਾਂ ਜਿਵੇਂ ਕਿ ਸਬ-ਡਵੀਜ਼ਨਲ ਹਸਪਤਾਲ ਨਕੋਦਰ, ਸਬ-ਡਵੀਜ਼ਨਲ ਹਸਪਤਾਲ ਖਰੜ ਅਤੇ ਸਬ-ਡਵੀਜ਼ਨਲ ਹਸਪਤਾਲ ਬੁਢਲਾਡਾ ਦਾ ਨਿਰਮਾਣ ਹੁਣ ਪੂਰਾ ਹੋ ਚੁਕਾ ਹੈ ਅਤੇ ਇਨ੍ਹਾਂ ਨੂੰ ਜਲਦੀ ਹੀ ਸ਼ੁਰੂ ਕਰ ਦਿੱਤਾ ਜਾਵੇਗਾ। ਸਰਕਾਰ ਨੇ 43 ਕਰੋੜ ਰੁਪਏ ਦੀ ਲਾਗਤ ਨਾਲ 7 ਨਵੇਂ ਮੈਟਰਨਲ ਅਤੇ ਚਾਈਲਡ ਹੈਲਥ ਹਸਪਤਾਲਾਂ ਦੀ ਸਥਾਪਨਾ ਅਤੇ 37 ਕਰੋੜ ਰੁਪਏ ਦੀ ਲਾਗਤ ਨਾਲ 5 ਪੁਰਾਣੇ ਮੈਟਰਨਲ ਅਤੇ ਚਾਈਲਡ ਹੈਲਥ ਵਿੰਗਾਂ ਨੂੰ ਅਪਗ੍ਰੇਡ ਕਰਨ ਲਈ ਪ੍ਰਵਾਨਗੀ ਪਹਿਲਾਂ ਹੀ ਦੇ ਦਿੱਤੀ ਹੈ। ਇਸ ਮੰਤਵ ਲਈ, ਮੈਂ ਵਿੱਤੀ ਸਾਲ 2023-24 ਲਈ 16 ਕਰੋੜ ਰੁਪਏ ਦੇ ਵੰਡ ਦੀ ਤਜਵੀਜ਼ ਰੱਖਦਾ

ਹਾਂ।

ਆਯੂਸ਼

95. ਦਿਆਲਪੁਰ ਸੋਢੀਆਂ, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਅਤੇ ਦੁੱਨੇ ਕੇ (ਮੋਗਾ) ਵਿਖੇ 50 ਬਿਸਤਰਿਆਂ ਵਾਲੇ ਏਕੀਕ੍ਰਿਤ ਆਯੂਸ਼ ਹਸਪਤਾਲ ਬਣਾਏ ਜਾ ਰਹੇ ਹਨ। ਦੁੱਨੇ ਕੇ (ਮੋਗਾ) ਵਿਖੇ ਉਸਾਰੀ ਦਾ ਕੰਮ ਮੁਕੰਮਲ ਹੋ ਗਿਆ ਹੈ ਅਤੇ ਦਿਆਲਪੁਰ ਸੋਢੀਆਂ, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਦਾ ਨਿਰਮਾਣ ਕਾਰਜ ਮੁਕੰਮਲ ਹੋਣ ਦੇ ਨੇੜੇ ਹੈ ਅਤੇ ਜਲਦੀ ਹੀ ਸੇਵਾਵਾਂ ਸ਼ੁਰੂ ਹੋਣ ਦੀ ਉਮੀਦ ਹੈ। ਇਸ ਮੰਤਵ ਲਈ ਵਿੱਤੀ ਸਾਲ 2023-24 ਦੌਰਾਨ 18 ਕਰੋੜ ਰੁਪਏ ਰਾਖਵੇਂ ਕੀਤੇ ਜਾਣ ਦੀ ਤਜਵੀਜ਼ ਰੱਖਦਾ ਹਾਂ।

ਕੈਂਸਰ ਸਕ੍ਰੀਨਿੰਗ ਮਿਸ਼ਨ

96. ਕੈਂਸਰ ਨੇ ਸਾਡੇ ਰਾਜ ਵਿਚ ਅਣਗਿਣਤ ਜ਼ਿੰਦਗੀਆਂ ਅਤੇ ਪਰਿਵਾਰ ਤਬਾਹ ਕੀਤੇ ਹਨ। ਮੈਨੂੰ ਯਾਦ ਹੈ ਕਿ ਇੱਕ ਰੇਲਗੱਡੀ ਜੋ ਪੰਜਾਬੀਆਂ ਨੂੰ ਬੀਕਾਨੇਰ ਦੇ ਇੱਕ ਕੈਂਸਰ ਹਸਪਤਾਲ ਲੈ ਕੇ ਜਾਂਦੀ ਸੀ, ਨੂੰ ਕੈਂਸਰ ਐਕਸਪ੍ਰੈਸ ਵਰਗਾ ਮਾੜਾ ਨਾਂ ਦੇ ਦਿੱਤਾ ਗਿਆ ਸੀ। ਸਾਡੀ ਸਰਕਾਰ ਪੰਜਾਬ ਵਿਚ ਸਥਿਤ ਕੈਂਸਰ ਦੇ ਇਲਾਜ ਦੇ ਬੁਨਿਆਦੀ ਢਾਂਚੇ ਦੀ ਸਹਾਇਤਾ ਕਰਨ ਲਈ ਵੱਚਨਬੱਧ ਹੈ ਅਤੇ ਸਮੁੱਚੇ ਰਾਜ ਵਿਚ ਇਕ ਮਿਸ਼ਨ ਦੇ ਤੌਰ 'ਤੇ ਬ੍ਰੈਸਟ ਕੈਂਸਰ ਅਤੇ ਸਰਵਾਈਕਲ ਕੈਂਸਰ ਦੀ ਸਕ੍ਰੀਨਿੰਗ ਕੀਤੀ ਜਾਵੇਗੀ। ਇਸ ਦਾ ਮੰਤਵ ਇਸ ਭਿਆਨਕ ਬਿਮਾਰੀ ਬਾਰੇ ਸ਼ੁਰੂਆਤੀ ਪੱਧਰ 'ਤੇ ਪਤਾ ਕਰਨਾ ਹੈ ਤਾਂ ਕਿ ਇਸ ਦਾ ਇਲਾਜ ਸਫਲਤਾਪੂਰਵਕ ਹੋ ਸਕੇ।

97. ਉਪਰੋਕਤ ਤੋਂ ਇਲਾਵਾ, ਮੈਂ ਵਿੱਤੀ ਸਾਲ 2023-24 ਵਿੱਚ ਕੀਤੀਆਂ ਜਾਣ ਵਾਲੀਆਂ ਕੁਝ ਤਜਵੀਜ਼ਤ ਪਹਿਲਕਦਮੀਆਂ ਦੀ ਇੱਕ ਝਲਕ ਦਿਖਾਉਣਾ ਚਾਹਾਂਗਾ।

i. ਡਰੱਗ ਪ੍ਰਬੰਧਨ ਸਹੂਲਤਾਂ ਅਤੇ ਕੇਂਦਰਾਂ ਨੂੰ ਚਲਾਉਣਾ ਅਤੇ ਅਪਗ੍ਰੇਡ ਕਰਨਾ - 40 ਕਰੋੜ ਰੁਪਏ;

ii. ਹੋਮੀ ਭਾਭਾ ਕੈਂਸਰ ਸੈਂਟਰ ਲਈ ਪੈਟ ਸਕੈਨ ਅਤੇ ਸਪੈਕਟ ਸੀਟੀ ਮਸ਼ੀਨਾਂ ਦੀ ਖਰੀਦ- 17 ਕਰੋੜ ਰੁਪਏ; ਅਤੇ

iii. 24 ਘੰਟੇ ਐਮਰਜੈਂਸੀ ਰਿਸਪਾਂਸ ਸੇਵਾਵਾਂ - 61 ਕਰੋੜ ਰੁਪਏ ਦੇ ਉਪਬੰਧ ਦਾ ਪ੍ਰਸਤਾਵ ਰੱਖਦਾ ਹਾਂ।

## ਰੁਜ਼ਗਾਰ ਸਿਰਜਣ ਅਤੇ ਹੁਨਰ ਵਿਕਾਸ

ਸਪੀਕਰ ਸਾਹਿਬ,

98. ਮੈਂ ਇਥੇ ਦੁਹਰਾਉਣਾ ਚਾਹਾਂਗਾ ਕਿ ਸਾਡੀ ਸਰਕਾਰ ਨੇ ਪਹਿਲੇ ਸਾਲ ਦੌਰਾਨ ਹੀ ਪੰਜਾਬ ਰਾਜ ਦੇ 26,797 ਨੌਜਵਾਨਾਂ ਨੂੰ ਰੁਜ਼ਗਾਰ ਮੁਹੱਈਆ ਕਰਵਾਇਆ ਹੈ ਅਤੇ 22,594 ਅਸਾਮੀਆਂ ਭਰਨ ਲਈ ਪਹਿਲਾਂ ਹੀ ਇਸ਼ਤਿਹਾਰ ਜਾਰੀ ਕੀਤੇ ਜਾ ਚੁੱਕੇ ਹਨ। ਸਾਡੇ ਭੈਣਾਂ ਅਤੇ ਭਰਾਵਾਂ ਦੀ ਚਿਰੋਕਣੀ ਮੰਗ ਵੀ ਸਾਡੀ ਸਰਕਾਰ ਵੱਲੋਂ ਵਾਅਦੇ ਅਨੁਸਾਰ ਪੂਰੀ ਕੀਤੀ ਜਾ ਰਹੀ ਹੈ, ਠੇਕੇ 'ਤੇ ਰੱਖੇ, ਐਡਹਾਕ ਅਤੇ ਵਰਕ ਚਾਰਜ ਵਾਲੇ ਮੁਲਾਜ਼ਮਾਂ ਨੂੰ ਰੈਗੂਲਰ ਕਰਨ ਦੀ ਨੀਤੀ ਨੂੰ ਮਨਜ਼ੂਰੀ ਦੇ ਦਿੱਤੀ ਗਈ ਹੈ ਅਤੇ ਜਲਦੀ ਹੀ ਇਸ ਸਬੰਧੀ ਪ੍ਰਕਿਰਿਆ ਸ਼ੁਰੂ ਹੋ ਜਾਵੇਗੀ। ਮੈਂ ਵਿੱਤੀ ਸਾਲ 2023-24 ਵਿੱਚ ਰੁਜ਼ਗਾਰ ਸਿਰਜਣ ਅਤੇ ਹੁਨਰ ਵਿਕਾਸ ਲਈ 231 ਕਰੋੜ ਰੁਪਏ ਦੇ ਬਜਟ ਦੀ ਤਜਵੀਜ਼ ਰੱਖਦਾ ਹਾਂ ਜੋ ਕਿ ਪਿਛਲੇ ਵਿੱਤੀ ਸਾਲ 2022-23 (ਬਜਟ ਅਨੁਮਾਨ) ਦੇ ਮੁਕਾਬਲੇ 36% ਵੱਧ ਹੈ।

## ਹੁਨਰ ਵਿਕਾਸ

99. ਅਸੀਂ ਸਾਰੇ ਇਸ ਗੱਲ ਨਾਲ ਸਹਿਮਤ ਹੋਵਾਂਗੇ ਕਿ ਸਿਖਲਾਈ, ਨਵੇਂ ਹੁਨਰ ਤੇ ਤਕਨੀਕਾਂ ਨੂੰ ਸਿੱਖਣ, ਕਰੀਅਰ ਦੀ ਤਰੱਕੀ ਅਤੇ ਨੌਜਵਾਨਾਂ ਲਈ ਮੌਕਿਆਂ ਨੂੰ ਉਤਸ਼ਾਹਿਤ ਕਰਨ ਦਾ ਅਵਸਰ ਪ੍ਰਦਾਨ ਕਰਦੀ ਹੈ। ਉਦਯੋਗ ਅਤੇ ਹੁਨਰ ਦੇ ਪਾੜੇ ਨੂੰ ਪੂਰਾ ਕਰਨ ਲਈ, ਸਰਕਾਰ ਨੇ ਵੱਖ-ਵੱਖ ਏਜੰਸੀਆਂ ਨਾਲ ਸਮਝੌਤੇ ਤੇ ਹਸਤਾਖਰ ਕੀਤੇ ਹਨ ਜੋ ਵਿੱਤੀ ਸਾਲ 2023-24 ਵਿੱਚ ਲਗਭਗ 5,000 ਉਮੀਦਵਾਰਾਂ ਨੂੰ ਸਿਖਲਾਈ ਪ੍ਰਦਾਨ ਕਰਨ ਵਿੱਚ ਮਦਦ ਕਰਨਗੇ।

100. ਦੀਨ ਦਿਆਲ ਉਪਾਧਿਆਏ ਗ੍ਰਾਮੀਣ ਕੌਸ਼ਲ ਯੋਜਨਾ ਅਤੇ ਪ੍ਰਧਾਨ ਮੰਤਰੀ ਕੌਸ਼ਲ ਵਿਕਾਸ ਯੋਜਨਾ ਆਦਿ ਵਰਗੀਆਂ ਸਿਖਲਾਈ ਅਤੇ ਹੁਨਰ ਵਿਕਾਸ ਲਈ ਵਿਭਿੰਨ ਯੋਜਨਾਵਾਂ ਨੂੰ ਲਾਗੂ ਕਰਨ ਲਈ ਵਿੱਤੀ ਸਾਲ 2023-24 ਵਿੱਚ 163 ਕਰੋੜ ਰੁਪਏ ਦੇ ਉਪਬੰਧ ਦਾ ਪ੍ਰਸਤਾਵ ਰੱਖਦਾ ਹਾਂ।

## ਉਦਯੋਗ ਅਤੇ ਵਣਜ

ਸਪੀਕਰ ਸਾਹਿਬ,

101. ਮੈਂ ਸਾਡੇ ਮਾਣਯੋਗ ਮੁੱਖ ਮੰਤਰੀ ਜੀ ਨੂੰ ਵਧਾਈ ਦਿੰਦਾ ਹਾਂ, ਕਿ ਪਿਛਲੇ 11 ਮਹੀਨਿਆਂ ਦੌਰਾਨ ਉਨ੍ਹਾਂ ਦੇ ਯਤਨਾਂ ਸਦਕਾ, ਪੰਜਾਬ ਨੂੰ ਲਗਭਗ 41,043 ਕਰੋੜ ਰੁਪਏ ਦੇ 2,295 ਨਿਵੇਸ਼ ਪ੍ਰਸਤਾਵ ਪ੍ਰਾਪਤ ਹੋਏ ਹਨ। ਉਮੀਦ ਕੀਤੀ ਜਾਂਦੀ ਹੈ ਕਿ ਨਵਾਂ ਨਿਵੇਸ਼ ਆਉਣ ਵਾਲੇ ਸਮੇਂ ਵਿਚ ਲਗਭਗ 2.5 ਲੱਖ ਲੋਕਾਂ ਲਈ ਨੌਕਰੀ ਦੇ ਰਸਤੇ ਖੋਲੇਗਾ।

102. ਇਸ ਦੇ ਨਾਲ ਹੀ, ਪ੍ਰੋਗਰੈਸਿਵ ਪੰਜਾਬ ਇਨਵੈਸਟਰਜ਼ ਸਮਿਟ ਨੂੰ 1,500 ਤੋਂ ਵੱਧ ਡੈਲੀਗੇਟਾਂ, ਰਾਸ਼ਟਰੀ ਅਤੇ ਵਿਦੇਸ਼ੀ ਕਾਰੋਬਾਰੀ ਆਗੂਆਂ ਵੱਲੋਂ ਭਰਵਾਂ ਹੁੰਗਾਰਾ ਮਿਲਿਆ, ਜਿਨ੍ਹਾਂ ਨੇ ਪੰਜਾਬ ਅਤੇ ਇਸ ਦੇ ਸੁਨਿਹਰੇ ਭਵਿੱਖ ਵਿੱਚ ਪੂਰੀ ਦਿਲਚਸਪੀ ਦਿਖਾਈ। ਸਾਡੀ ਸਰਕਾਰ ਨੇ ਵੱਖ-ਵੱਖ ਖੇਤਰਾਂ ਲਈ ਕਾਨੂੰਨੀ ਢਾਂਚਾ ਅਤੇ ਪ੍ਰੋਤਸਾਹਨ ਪ੍ਰਦਾਨ ਕਰਨ ਦੇ ਸਾਡੀ ਸਰਕਾਰ ਦੇ ਸੰਕਲਪ ਨੂੰ ਦਰਸਾਉਣ ਲਈ 5 ਨੀਤੀਆਂ- ਉਦਯੋਗਿਕ ਅਤੇ ਕਾਰੋਬਾਰੀ ਵਿਕਾਸ ਨੀਤੀ, ਪੰਜਾਬ ਇਲੈਕਟਰਿਕ ਵਾਹਨ ਨੀਤੀ, ਲੌਜਿਸਟਿਕਸ ਅਤੇ ਲੌਜਿਸਟਿਕ ਪਾਰਕਸ ਨੀਤੀ, ਜਲ ਸੈਰ-ਸਪਾਟਾ ਨੀਤੀ ਅਤੇ ਅਡਵੈਂਚਰ ਸੈਰ-ਸਪਾਟਾ ਦੀ ਨੀਤੀ ਨੂੰ ਲਾਗੂ ਕੀਤਾ ਹੈ। ਅਸੀਂ 5 ਨਵੀਆਂ ਪਾਲਿਸੀਆਂ ਲੈ ਕੇ ਆਏ ਹਾਂ ਤਾਂ ਕਿ ਪੰਜਾਬ ਵਿੱਚ ਵੱਡੀ ਪੱਧਰ ਤੇ ਨਿਵੇਸ਼ ਹੋਵੇ। (ਥੰਪਿੰਗ) ਪੰਜਾਬ ਦੀ ਜਵਾਨੀ ਨੂੰ ਰੋਜ਼ਗਾਰ ਦੇ ਅਵਸਰ ਮਿਲਣ।

103. ਅਗਲੇ 5 ਸਾਲਾਂ ਵਿੱਚ ਮਜ਼ਬੂਤ ਨਿਵੇਸ਼ ਆਕਰਸ਼ਿਤ ਕਰਨ ਅਤੇ ਵੱਧ ਤੋਂ ਵੱਧ ਰੁਜ਼ਗਾਰ ਪੈਦਾ ਕਰਨ ਦੇ ਉਦੇਸ਼ ਨਾਲ ਵਿਆਪਕ ਹਿੱਸੇਦਾਰਾਂ ਦੇ ਨਾਲ ਸਲਾਹ-ਮਸ਼ਵਰੇ ਤੋਂ ਬਾਅਦ ਨਵੀਂ ਉਦਯੋਗਿਕ ਅਤੇ ਕਾਰੋਬਾਰੀ ਵਿਕਾਸ ਨੀਤੀ, 2022 ਨੂੰ ਮਿਤੀ 08.02.2023 ਨੂੰ ਨੋਟੀਫਾਈ ਕੀਤਾ ਗਿਆ ਹੈ। ਸਾਡੀ ਸਰਕਾਰ ਐਮ.ਐਸ.ਐਮ.ਈ ਦੇ ਵਿਕਾਸ ਨੂੰ ਤੇਜ਼ ਕਰਨ ਲਈ 20 ਪੇਂਡੂ ਉਦਯੋਗਿਕ ਕਲੱਸਟਰ, 15 ਉਦਯੋਗਿਕ ਪਾਰਕਾਂ ਨੂੰ ਵਿਕਸਤ ਕਰਨ ਦਾ ਇਰਾਦਾ ਰੱਖਦੀ ਹੈ ਅਤੇ ਰਾਜ ਵਿੱਚ ਈਜ਼ ਆਫ ਡੂਇੰਗ ਬਿਜ਼ਨਸ ਲਈ ਸਰਵੋਤਮ ਮਾਹੌਲ ਪ੍ਰਦਾਨ ਕਰਕੇ ਸਟਾਰਟ-ਅੱਪ ਅਤੇ ਨਵੀਨਤਾ 'ਤੇ ਵੀ ਜ਼ੋਰ ਦੇਵੇਗੀ।

104. ਉੱਚ ਵਿੱਤੀ ਪ੍ਰੋਤਸਾਹਨ ਦੇ ਉਦੇਸ਼ ਲਈ "ਥ੍ਰਸਟ ਸੈਕਟਰ" ਦੀ ਸ਼੍ਰੇਣੀ ਵਿੱਚ ਇਲੈਕਟ੍ਰਿਕ ਵਹੀਕਲ ਸਮੇਤ ਆਟੋ/ਆਟੋ ਪੁਰਜਿਆਂ ਦਾ ਨਿਰਮਾਣ , ਫਿਟਨੈਸ ਸਾਜ਼ੋ-ਸਾਮਾਨ ਸਮੇਤ ਖੇਡਾਂ ਦੇ ਸਮਾਨ, ਪਾਵਰ ਟੂਲਜ਼ ਅਤੇ ਮਸ਼ੀਨ ਟੂਲਜ਼ ਸਮੇਤ ਹੈਂਡ ਟੂਲਜ਼, ਖੇਤੀਬਾੜੀ ਮਸ਼ੀਨਰੀ ਅਤੇ ਉਪਕਰਣ, ਕਾਗਜ਼ ਆਧਾਰਿਤ ਪੈਕੇਜਿੰਗ ਯੂਨਿਟ, ਸ਼ਰੇਡਿੰਗ ਆਧਾਰਿਤ ਪ੍ਰਬੰਧਨ ਇਕਾਈਆਂ ਅਤੇ ਵੰਨ ਡਿਸਟ੍ਰਿਕ ਵੰਨ ਪ੍ਰੋਡਕਟ ਸ਼ਾਮਲ ਕੀਤੇ ਗਏ ਹਨ। ਇਸ ਤੋਂ ਇਲਾਵਾ, ਪਾਲਿਸੀ ਵਿੱਚ ਫਿਊਲ ਵਜੋਂ ਝੋਨੇ ਦੀ ਪਰਾਲੀ ਦੀ ਵਰਤੋਂ ਨੂੰ ਉਤਸ਼ਾਹਿਤ ਕੀਤਾ ਗਿਆ ਹੈ।

ਵਿੱਤੀ ਪ੍ਰੋਤਸਾਹਨ

105. ਸਾਡੀ ਸਰਕਾਰ ਉਦਯੋਗਾਂ ਨੂੰ ਸਹਿਯੋਗ ਜਾਰੀ ਰੱਖੇਗੀ, ਜਿਨ੍ਹਾਂ ਲਈ ਵਿੱਤੀ ਸਾਲ 2023-24 ਵਿੱਚ 3,751 ਕਰੋੜ ਰੁਪਏ ਦਾ ਉਪਬੰਧ ਕਰਨ ਦੀ ਤਜਵੀਜ਼ ਹੈ ਜੋ ਕਿ ਵਿੱਤੀ ਸਾਲ 2022-23 (ਬਜਟ ਅਨੁਮਾਨ) ਨਾਲੋਂ 19% ਵੱਧ ਹੈ। ਵਿੱਤੀ ਸਾਲ 2023-24 ਵਿੱਚ ਉਦਯੋਗਿਕ ਇਕਾਈਆਂ ਨੂੰ ਪੂੰਜੀ ਸਬਸਿਡੀ ਲਈ 75 ਕਰੋੜ ਰੁਪਏ ਅਤੇ ਇੰਡਸਟ੍ਰੀਅਲ ਫੋਕਲ ਪੁਆਇੰਟਾਂ ਲਈ ਸ਼ੁਰੂਆਤੀ ਰਕਮ 50 ਕਰੋੜ ਰੁਪਏ ਦੇ ਉਪਬੰਧਾਂ ਦਾ ਪ੍ਰਸਤਾਵ ਰੱਖਦਾ ਹਾਂ।

106. ਵਿੱਤੀ ਪ੍ਰੋਤਸਾਹਨ ਦੇ ਰੂਪ ਵਿੱਚ 895 ਕਰੋੜ ਰੁਪਏ ਵੱਖ-ਵੱਖ ਉਦਯੋਗਿਕ ਇਕਾਈਆਂ ਨੂੰ 100% ਬਿਜਲੀ ਡਿਊਟੀ ਛੋਟ, 26 ਉਦਯੋਗਿਕ ਇਕਾਈਆਂ ਨੂੰ ਐਸ.ਜੀ.ਐਸ.ਟੀ ਦੀ ਅਦਾਇਗੀ ਅਤੇ 7 ਉਦਯੋਗਿਕ ਇਕਾਈਆਂ ਨੂੰ ਵਿੱਤੀ ਪ੍ਰੋਤਸਾਹਨ ਪ੍ਰਾਪਤ ਕਰਨ ਲਈ ਯੋਗਤਾ ਸਰਟੀਫਿਕੇਟ (ਈਸੀ) ਵਜੋਂ ਪ੍ਰਦਾਨ ਕੀਤੇ ਗਏ ਹਨ।

107. ਰਾਜ ਵਿੱਚ ਸਥਿਤ ਉਦਯੋਗਿਕ ਇਕਾਈਆਂ ਨੂੰ ਸਬਸਿਡੀ ਵਾਲੀ ਬਿਜਲੀ ਮੁਹੱਈਆ ਕਰਨ ਲਈ ਸਰਕਾਰ ਦੁਆਰਾ 2,700 ਕਰੋੜ ਰੁਪਏ ਦੀ ਰਕਮ ਅਦਾ ਕੀਤੀ ਗਈ ਹੈ ਅਤੇ ਵਿੱਤੀ ਸਾਲ 2023-24 ਵਿੱਚ ਕੁੱਲ 3,133 ਕਰੋੜ ਰੁਪਏ ਦੇ ਉਪਬੰਧ ਦਾ ਪ੍ਰਸਤਾਵ ਰੱਖਦਾ ਹਾਂ।

ਪ੍ਰਸ਼ਾਸਨਿਕ ਸੁਧਾਰ

108. ਸਾਡੀ ਸਰਕਾਰ ਦਾ ਮੰਤਵ ਇਕ ਸੁਚੱਜਾ ਸਾਸ਼ਨ ਦੇਣਾ ਹੈ। ਈ-ਗਵਰਨੈਂਸ ਰਾਹੀਂ ਕੁਸ਼ਲ, ਪਾਰਦਰਸ਼ੀ ਅਤੇ ਪਹੁੰਚਯੋਗ ਪ੍ਰਸ਼ਾਸਨ ਲਈ ਮਾਹੌਲ ਬਣਾਉਣ ਦਾ ਕੰਮ ਪਹਿਲਾਂ ਹੀ ਸ਼ੁਰੂ ਹੋ ਗਿਆ ਹੈ। ਸਾਡੀ ਸਰਕਾਰ ਨੇ ਰਾਜ ਭਰ ਵਿੱਚ ਚੱਲ ਰਹੇ 535 ਸੇਵਾ ਕੇਂਦਰਾਂ ਰਾਹੀਂ 110 ਨਵੀਆਂ ਸੇਵਾਵਾਂ ਸ਼ੁਰੂ ਕੀਤੀਆਂ ਹਨ। ਫਲੈਗਸ਼ਿਪ ਪ੍ਰੋਗਰਾਮ "ਸਰਕਾਰ ਤੁਹਾਡੇ ਦੁਆਰ" ਜਿਸ ਵਿੱਚ ਨਾਗਰਿਕ ਕੇਂਦਰਿਤ ਸੇਵਾਵਾਂ ਨੂੰ ਘਰ-ਘਰ ਪਹੁੰਚਾਉਣ ਲਈ 'ਆਪ' ਸਰਕਾਰ ਲਗਾਤਾਰ ਕੰਮ ਕਰ ਰਹੀ ਹੈ।

109. ਸਟੇਟ ਡਾਟਾ ਪਾਲਿਸੀ ਨੂੰ ਅਜਿਹੇ ਪਲੇਟਫਾਰਮਾਂ ਦੇ ਸਮਰੱਥ ਬਣਾਉਣ ਲਈ ਕਾਰਜਸ਼ੀਲ ਬਣਾਇਆ ਜਾ ਰਿਹਾ ਹੈ ਜਿਸ ਨਾਲ ਵਿਭਾਗਾਂ ਕੋਲ ਉਪਲਬਧ ਡਾਟਾ ਦੀ ਅੰਤਰ-ਕਾਰਜਸ਼ੀਲਤਾ ਵਧਾ ਕੇ ਨਾਗਰਿਕਾਂ ਨੂੰ ਬਿਹਤਰ ਸੇਵਾਵਾਂ ਪ੍ਰਦਾਨ ਕੀਤੀਆਂ ਜਾ ਸਕਣਗੀਆਂ।

110. ਵੱਖ-ਵੱਖ ਈ-ਗਵਰਨੈਂਸ ਪ੍ਰੋਜੈਕਟਾਂ ਲਈ ਵਿੱਤੀ ਸਾਲ 2023-24 ਵਿੱਚ 77 ਕਰੋੜ ਰੁਪਏ ਦੇ ਉਪਬੰਧ ਦਾ ਪ੍ਰਸਤਾਵ ਰੱਖਦਾ ਹਾਂ। ਜਿਸ ਵਿਚ ਆਈ.ਸੀ.ਟੀ ਬੁਨਿਆਦੀ ਢਾਂਚੇ ਲਈ ਅਤੇ ਈ-ਗਵਰਨੈਂਸ ਪ੍ਰੋਜੈਕਟਾਂ ਲਈ 40 ਕਰੋੜ ਰੁਪਏ ਸ਼ਾਮਲ ਹਨ।

## ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ

111. ਸਾਉਣੀ ਦੇ ਮੰਡੀਕਰਨ ਸੀਜ਼ਨ 2022-23 ਦੌਰਾਨ, ਸਾਡੀ ਸਰਕਾਰ ਨੇ ਝੋਨੇ ਦੀ ਨਿਰਵਿਘਨ ਖਰੀਦ ਨੂੰ ਯਕੀਨੀ ਬਣਾਉਣ ਲਈ ਸਾਰੇ ਪ੍ਰਬੰਧ ਕੀਤੇ। ਸਰਕਾਰੀ ਖਰੀਦ ਏਜੰਸੀਆਂ ਨੇ 182.11 ਲੱਖ ਮੀਟਰਕ ਟਨ ਝੋਨੇ ਦੀ ਖਰੀਦ ਕੀਤੀ ਅਤੇ 37,514 ਕਰੋੜ ਰੁਪਏ ਦਾ ਘੱਟੋ-ਘੱਟ ਸਮਰਥਨ ਮੁੱਲ ਲਗਭਗ 8 ਲੱਖ ਕਿਸਾਨਾਂ ਦੇ ਖਾਤੇ ਵਿੱਚ ਪਾਰਦਰਸ਼ੀ ਢੰਗ ਨਾਲ ਜਮ੍ਹਾਂ ਕਰ ਦਿੱਤਾ ਗਿਆ।

112. ਸਾਲ 2022 ਵਿੱਚ ਸਾਡੀ ਸਰਕਾਰ ਨੇ ਨੈਸ਼ਨਲ ਫੂਡ ਸਿਕਿਉਰਟੀ ਐਕਟ, 2013 ਅਧੀਨ 1.48 ਕਰੋੜ ਲਾਭਪਾਤਰੀਆਂ ਨੂੰ 4.61 ਲੱਖ ਮੀਟ੍ਰਿਕ ਟਨ ਕਣਕ ਵੰਡੀ। ਆਯੋਗ ਲਾਭਪਾਤਰੀਆਂ ਦੀ ਪਛਾਣ ਕਰਨ ਦੀ ਪ੍ਰਕਿਰਿਆ ਸ਼ੁਰੂ ਕੀਤੀ ਗਈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਸਿਰਫ ਯੋਗ ਅਤੇ ਗਰੀਬ ਪਰਿਵਾਰ ਨੂੰ ਹੀ ਲਾਭ ਮਿਲੇ।

113. ਸਾਡੀ ਸਰਕਾਰ ਨੇ ਡਿਫਾਲਟਰ ਰਾਈਸ ਮਿੱਲਰਾਂ ਦੇ ਬਕਾਇਆ ਕੇਸਾਂ ਦਾ ਨਿਪਟਾਰਾ ਕਰਨ ਲਈ ਯਕਮੁਸ਼ਤ ਨਿਪਟਾਰਾ ਯੋਜਨਾ ਸ਼ੁਰੂ ਕਰਨ ਦਾ ਪ੍ਰਸਤਾਵ ਰੱਖਿਆ ਹੈ। ਇਸ ਸਕੀਮ ਰਾਹੀਂ ਮਿੱਲ ਮਾਲਕਾਂ ਵਲੋਂ ਘੱਟ ਵਿਆਜ ਅਤੇ ਘੱਟ ਵਸੂਲੀਯੋਗ ਰਕਮ ਦੇਣ ਤੇ, ਬੰਦ ਪਈਆਂ ਮਿੱਲਾਂ ਨੂੰ ਮੁੜ ਸ਼ੁਰੂ ਕਰਨ ਦਾ ਮੌਕਾ ਮਿਲੇਗਾ। ਅਲਾਟਮੈਂਟ ਪ੍ਰਕਿਰਿਆ ਵਿਚ ਹੋਰ ਪਾਰਦਰਸ਼ਤਾ ਲਿਆਉਣ ਲਈ, ਸਰਕਾਰ ਅਗਲੀ ਸਾਉਣੀ ਦੇ ਮੰਡੀਕਰਨ ਸੀਜ਼ਨ ਤੋਂ ਚੌਲ ਮਿੱਲਾਂ ਨਾਲ ਮੰਡੀਆਂ ਨੂੰ ਆੱਨਲਾਈਨ ਲਿੰਕ ਕਰਨ ਦੀ ਵੀ ਯੋਜਨਾ ਬਣਾ ਰਹੀ ਹੈ।

## ਮਾਲ, ਪੁਨਰਵਾਸ ਅਤੇ ਆਪਦਾ ਪ੍ਰਬੰਧਨ

114. ਸਾਡੀ ਸਰਕਾਰ ਨੇ ਮਾਣਯੋਗ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਅਗਵਾਈ ਹੇਠ ਕਾਰਜ ਪ੍ਰਣਾਲੀਆਂ ਵਿੱਚ ਕੁਸ਼ਲਤਾ ਅਤੇ ਪਾਰਦਰਸ਼ਤਾ ਲਿਆਉਣ ਲਈ ਕਈ ਉਪਰਾਲੇ ਕੀਤੇ ਹਨ। ਈ-ਗਵਰਨੈਂਸ ਇਨੀਸ਼ਿਏਟਿਵ ਜਿਵੇਂ ਕਿ ਈ-ਸਟੈਂਪਿੰਗ; ਪੁਰਾਣੇ/ਪ੍ਰਾਈਵੇਟ ਪਾਰਟੀਸ਼ਨ ਨੂੰ ਸੁਚਾਰੂ ਬਣਾਉਣ

ਲਈ ਇੱਕ ਵੈਬਸਾਈਟ; ਖਸਰਾ ਗਿਰਦਾਵਰੀ (ਈ ਗਿਰਦਾਵਰੀ) ਦੀ ਆਨਲਾਈਨ ਰਿਕਾਰਡਿੰਗ; ਰਾਜ ਦੀਆਂ ਮਾਲੀਆ ਅਦਾਲਤਾਂ ਵਿੱਚ ਆਨਲਾਈਨ ਮਾਲੀਆ ਕੋਰਟ ਸਿਸਟਮ ਅਤੇ ਹੋਰ ਕਦਮ।

115. ਕੁਦਰਤੀ ਆਫ਼ਤਾਂ ਕਾਰਨ ਦਰਪੇਸ਼ ਮੁਸ਼ਕਲਾਂ ਦੇ ਸਮੇਂ ਕਿਸਾਨਾਂ ਨੂੰ ਨਿਯਮਤ ਸਹਾਇਤਾ ਦਿੱਤੀ ਗਈ, ਇਸ ਸਬੰਧ ਵਿੱਚ ਫਸਲਾਂ/ਪਸ਼ੂਆਂ ਦੇ ਨੁਕਸਾਨ ਮਕਾਨ ਆਦਿ ਨੁਕਸਾਨ ਲਈ ਵਿੱਤੀ ਸਾਲ 2022-23 ਵਿੱਚ 125 ਕਰੋੜ ਰੁਪਏ ਦਾ ਮੁਆਵਜ਼ਾ ਮੁਹੱਈਆ ਕਰਵਾਇਆ ਜਾ ਚੁੱਕਾ ਹੈ।

116. ਸਾਡੀ ਸਰਕਾਰ ਸਾਡੇ ਨਾਗਰਿਕਾਂ ਲਈ ਭ੍ਰਿਸ਼ਟਾਚਾਰ ਮੁਕਤ ਅਤੇ ਪਾਰਦਰਸ਼ਤਾ ਨੂੰ ਯਕੀਨੀ ਬਣਾਉਣ ਲਈ ਮਾਲੀਆ ਵਿਭਾਗ ਨਾਲ ਸਬੰਧਿਤ ਸੇਵਾਵਾਂ ਨੂੰ ਮਜ਼ਬੂਤ ਕਰਨਾ ਜਾਰੀ ਰੱਖੇਗੀ। ਵਿੱਤੀ ਸਾਲ 2023-24 ਵਿੱਚ ਇਸ ਵਿਭਾਗ ਲਈ 1,834 ਕਰੋੜ ਰੁਪਏ ਦੀ ਤਜਵੀਜ਼ ਰੱਖਦਾ ਹਾਂ।

### ਐਨ.ਆਰ.ਆਈ. ਮਾਮਲੇ

117. ਸਾਡੀ ਸਰਕਾਰ ਦੇ ਪ੍ਰਵਾਸੀ ਭਾਰਤੀਆਂ ਨੂੰ ਖੁੱਲਦਿਲੀ ਨਾਲ ਸ਼ਾਮਲ ਕਰਨ ਅਤੇ ਉਹਨਾਂ ਨੂੰ ਆਹਮੋ-ਸਾਹਮਣੇ ਮਿਲਣ ਲਈ, ਵਿਲੱਖਣ ਪਹਿਲਕਦਮੀ "ਐਨ.ਆਰ.ਆਈ. ਪੰਜਾਬੀਆਂ ਨਾਲ ਮਿਲਣੀ" ਪ੍ਰੋਗਰਾਮ ਨੂੰ ਬਹੁਤ ਸਫਲਤਾ ਮਿਲੀ ਹੈ। ਪ੍ਰਵਾਸੀ ਭਾਰਤੀਆਂ ਨੇ ਪਹਿਲੀ ਵਾਰ ਮਹਿਸੂਸ ਕੀਤਾ ਹੈ ਕਿ ਪੰਜਾਬ ਵਿੱਚ ਪ੍ਰਤੱਖ ਸਰਕਾਰ ਹੈ, ਜੋ ਉਨ੍ਹਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਸੰਜੀਦਾ ਹੈ। ਮੈਂ ਇਸ ਅਜ਼ੀਮ ਸਦਨ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਸ ਮਿਲਣੀਆਂ ਦੇ ਸਦਕੇ ਕਈ ਐਨ.ਆਰ.ਆਈ. ਦੀਆਂ ਜਮੀਨਾਂ ਨੂੰ ਨਜਾਇਜ਼ ਕਬਜੇ ਤੋਂ ਛੁੜਾਇਆ ਗਿਆ। ਉਦਾਹਰਣ ਦੇ ਤੌਰ ਤੇ ਜਿਲ੍ਹਾ ਮੋਗੇ ਦੇ ਪਿੰਡ ਰੋਡੇ ਦੀ ਸਫਲਤਾ ਦਾ ਮਾਮਲਾ ਜਿਸ ਵਿੱਚ 17.5 ਏਕੜ ਜ਼ਮੀਨ ਯੂਕੇ ਬੇਸਡ ਐਨ.ਆਰ.ਆਈ. ਨੂੰ ਵਾਪਿਸ ਦਵਾਈ ਗਈ, ਸੁਰਖੀਆਂ ਵਿੱਚ ਵੀ ਰਿਹਾ। ਐਨ.ਆਰ.ਆਈ. ਲੋਕਾਂ ਦੀਆਂ ਜ਼ਮੀਨਾਂ ਤੇ ਵੱਡੇ ਵੱਡੇ ਲੋਕਾਂ ਨੇ, ਪੁਲੀਟੀਕਲ ਵਿਅਕਤੀਆਂ ਦੀ ਸਹਾਇਤਾ ਜਾਂ ਹੋਰਨਾਂ ਵਿਅਕਤੀਆਂ ਦੀ ਸਹਾਇਤਾ ਨਾਲ ਕਬਜ਼ੇ ਕੀਤੇ ਸਨ, ਉਹ ਕਬਜ਼ੇ ਛੁਡਾਏ ਗਏ ਹਨ।

118. ਸਾਡੀ ਸਰਕਾਰ ਨੇ "ਪੰਜਾਬ ਸਿੱਖਿਆ ਤੇ ਸਿਹਤ ਫੰਡ" ਸਥਾਪਿਤ ਕਰਨ ਦਾ ਵਾਅਦਾ ਕੀਤਾ ਸੀ। ਮੈਨੂੰ ਇਹ ਘੋਸ਼ਣਾ ਕਰਦੇ ਹੋਏ ਖੁਸ਼ੀ ਹੋ ਰਹੀ ਹੈ ਕਿ ਪੰਜਾਬ ਸਿੱਖਿਆ ਤੇ ਸਿਹਤ ਫੰਡ ਟ੍ਰਸਟ ਰਜਿਸਟਰ ਹੋ ਗਿਆ ਹੈ। ਭਾਰਤ ਸਰਕਾਰ ਤੋਂ ਕਾਨੂੰਨ ਦੇ ਅਨੁਸਾਰ ਅਗਲੀਆਂ ਜ਼ਰੂਰੀ ਮਨਜ਼ੂਰੀਆਂ ਲਈਆਂ ਜਾ ਰਹੀਆਂ ਹਨ ਅਤੇ ਮੈਨੂੰ ਵਿਸ਼ਵਾਸ ਹੈ ਕਿ ਵਿੱਤੀ ਸਾਲ 2023-24 ਵਿਚ ਟ੍ਰਸਟ ਕ੍ਰਿਆਸ਼ੀਲ ਹੋ ਜਾਵੇਗਾ ਅਤੇ ਮੇਰੇ

ਐਨ.ਆਰ.ਆਈ. ਭੈਣ-ਭਰਾ ਆਪਣੀ ਮਾਤ-ਭੂਮੀ ਦੇ ਵਿਕਾਸ ਵਿੱਚ ਸਿੱਧਾ ਯੋਗਦਾਨ ਪਾ ਸਕਣਗੇ।

## ਰੱਖਿਆ ਸੇਵਾਵਾਂ ਭਲਾਈ

119। ਇਸ ਦੇਸ਼ ਦੀ ਰੱਖਿਆ ਅਤੇ ਸੁਰੱਖਿਆ ਵਿਚ ਪੰਜਾਬ ਦੇ ਯੋਗਦਾਨ ਨੂੰ ਭੁਲਾਇਆ ਨਹੀਂ ਜਾ ਸਕਦਾ। ਇਹ ਸਾਡਾ ਕਰਤੱਵ ਹੈ ਕਿ ਆਪਣੇ ਸੈਨਿਕਾਂ ਦੇ ਪਰਿਵਾਰਾਂ ਦੀ ਦੇਖਭਾਲ ਕਰੀਏ, ਜਿਨ੍ਹਾਂ ਨੇ ਇਸ ਮਹਾਨ ਦੇਸ਼ ਲਈ ਲੜਾਈ ਲੜੀ ਅਤੇ ਆਪਣੇ ਪ੍ਰਾਣ ਤਿਆਗ ਦਿੱਤੇ। ਮੈਂ ਇਸ ਉਦੇਸ਼ ਲਈ ਵਿੱਤੀ ਸਾਲ 2023-24 ਵਿਚ 84 ਕਰੋੜ ਰੁਪਏ ਦੀ ਵੰਡ ਦੀ ਤਜਵੀਜ਼ ਰੱਖਦਾ ਹਾਂ। ਜਿਵੇਂ ਕਿ ਸਾਡੀ ਗਾਰੰਟੀ ਸੀ, ਸਾਡਾ ਵਾਅਦਾ ਸੀ ਕਿ ਜੇਕਰ ਸਾਡਾ ਕੋਈ ਭਰਾ ਸਰਹੱਦ ਤੇ ਜਾਂ ਪੰਜਾਬ ਅੰਦਰ ਕਿਤੇ ਵੀ ਦੇਸ਼ ਦੀ ਰੱਖਿਆ ਕਰਦਾ ਹੋਇਆ ਸ਼ਹਾਦਤ ਦਾ ਜਾਮ ਪੀ ਜਾਂਦਾ ਹੈ ਤਾਂ ਅਸੀਂ ਉਸ ਲਈ 1 ਕਰੋੜ ਸਹਾਇਤਾ ਰਾਸ਼ੀ ਦੇਵਾਂਗੇ। ਅਸੀਂ ਇਹ ਵਾਅਦਾ ਪੂਰਾ ਕੀਤਾ ਹੈ। ਅਸੀਂ ਸਾਡੇ ਸੈਨਿਕ ਭਰਾਵਾਂ ਨਾਲ, ਸਾਡੇ ਵੀਰਾਂ ਨਾਲ ਖੜ੍ਹੇ ਹਾਂ। ਸਾਡੀਆਂ ਭਵਿੱਖੀ ਪੀੜ੍ਹੀਆਂ ਨੂੰ ਸਾਡੇ ਸਨਮਾਨਿਤ ਸੈਨਿਕਾਂ ਦੁਆਰਾ ਦਿੱਤੇ ਗਏ ਬਲੀਦਾਨਾਂ ਤੋਂ ਸਿੱਖਣਾ ਅਤੇ ਪ੍ਰੇਰਿਤ ਹੋਣਾ ਚਾਹੀਦਾ ਹੈ, ਇਸ ਲਈ ਮੈਂ ਵਿੱਤੀ ਸਾਲ 2023-24 ਦੌਰਾਨ ਅੰਮ੍ਰਿਤਸਰ ਵਿਚ ਯੁੱਧ ਸਮਾਰਕ ਮੈਦਾਨ ਦੀਆਂ ਦੋ ਨਵੀਆਂ ਗੈਲਰੀਆਂ ਦੀ ਅਪ-ਗ੍ਰੇਡੇਸ਼ਨ ਅਤੇ ਸਥਾਪਨਾ ਲਈ 15 ਕਰੋੜ ਰੁਪਏ ਦੇ ਖਰਚੇ ਦੀ ਤਜਵੀਜ਼ ਰੱਖਦਾ ਹਾਂ।

120। ਇਸ ਦੇ ਨਾਲ ਹੀ, ਸੈਨਿਕ ਸਕੂਲ, ਕਪੂਰਥਲਾ ਦੇ ਰੱਖ-ਰਖਾਵ ਲਈ 3 ਕਰੋੜ ਰੁਪਏ ਦੇ ਉਪਬੰਧ ਕਰਨ ਦਾ ਪ੍ਰਸਤਾਵ ਰੱਖਦਾ ਹਾਂ।

## ਸੈਰ ਸਪਾਟਾ ਅਤੇ ਸਭਿਆਚਾਰਕ ਮਾਮਲੇ

121. ਪੰਜਾਬ ਨੂੰ ਸੈਰ ਸਪਾਟਾ ਮਾਨਚਿੱਤਰ ਤੇ ਸਥਾਪਿਤ ਕਰਨ ਅਤੇ ਇਸ ਨੂੰ ਪਸੰਦੀਦਾ ਟੂਰਿਸਟ ਡੈਸਟੀਨੇਸ਼ਨ ਬਣਾਉਣ ਦੇ ਯਤਨ ਪਹਿਲਾਂ ਹੀ ਸ਼ੁਰੂ ਹੋ ਚੁੱਕੇ ਹਨ। ਸਾਡੀ ਸਰਕਾਰ ਨੇ ਇਸ ਖੇਤਰ ਵਿਚ ਢਾਂਚਾਗਤ ਵਿਕਾਸ ਨੂੰ ਗਤੀ ਦਿੱਤੀ ਹੈ। ਮੈਂ ਇਸ ਖੇਤਰ ਲਈ 281 ਕਰੋੜ ਰੁਪਏ ਦੇ ਬਜਟ ਉਪਬੰਧ ਦੀ ਤਜਵੀਜ਼ ਰੱਖਦਾ ਹਾਂ ਜੋ ਕਿ ਵਿੱਤੀ ਸਾਲ 2022-23 (ਬਜਟ ਅਨੁਮਾਨ) ਨਾਲੋਂ 8% ਵੱਧ ਹੈ।

122. ਰਾਜ ਦੇ ਸੈਰ ਸਪਾਟੇ ਸਬੰਧੀ ਕਈ ਸੰਪਤੀਆਂ ਦੇ ਸੰਚਾਲਨ ਅਤੇ ਰੱਖ-ਰਖਾਵ ਲਈ 9 ਪ੍ਰਾਈਵੇਟ ਪਾਰਟੀਆਂ ਨਾਲ ਇਕਰਾਰਨਾਮਾ ਕੀਤਾ ਗਿਆ ਹੈ। ਖਟਕੜ ਕਲਾਂ ਵਿਚ ਸ਼ਹੀਦ ਭਗਤ ਸਿੰਘ ਮਿਊਜ਼ੀਅਮ ਦੇ

ਨਵੀਨੀਕਰਨ ਦਾ ਕਾਰਜ ਚੱਲ ਰਿਹਾ ਹੈ; ਇਤਿਹਾਸਕ-ਸੈਨਿਕ ਸੈਰ ਸਪਾਟੇ ਨੂੰ ਉਤਸ਼ਾਹ ਦੇਣ ਲਈ ਐਂਗਲੋ-ਸਿਖ ਵਾਰ ਸਰਕਟ ਵਿਕਸਿਤ ਕੀਤਾ ਜਾਵੇਗਾ ਅਤੇ ਸੁਲਤਾਨਪੁਰ ਲੋਧੀ, ਜ਼ਿਲਾ ਕਪੂਰਥਲਾ ਵਿਚ ਵਿਰਾਸਤ ਮੈਦਾਨ "ਪਿੰਡ ਬਾਬੇ ਨਾਨਕ ਦਾ" ਵਿਕਸਿਤ ਕੀਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਸੈਰ ਸਪਾਟੇ ਦੀ ਸੰਭਾਵਨਾ ਵਾਲੇ ਕਈ ਹੋਰ ਸਥਾਨਾਂ ਦੀ ਪਛਾਣ ਕੀਤੀ ਜਾ ਚੁੱਕੀ ਹੈ ਜਿਨ੍ਹਾਂ ਨੂੰ ਪੀ.ਪੀ.ਪੀ. ਮੋਡ ਰਾਹੀਂ ਵਿਕਸਿਤ ਕੀਤਾ ਜਾਵੇਗਾ।

123. ਰਾਜ ਵਿਚ ਵਿਭਿੰਨ ਸਮਾਰਕਾਂ ਦੇ ਨਿਰਮਾਣ, ਰੱਖ-ਰਖਾਵ ਅਤੇ ਪੁਨਰ ਬਹਾਲੀ ਲਈ ਵਿੱਤੀ ਸਾਲ 2023-24 ਵਿਚ 110 ਕਰੋੜ ਰੁਪਏ ਦੀ ਵੰਡ ਦੀ ਤਜਵੀਜ਼ ਹੈ। ਇਸ ਤੋਂ ਇਲਾਵਾ 32 ਕਰੋੜ ਰੁਪਏ ਦੀ ਲਾਗਤ ਨਾਲ ਸ੍ਰੀ ਚਮਕੌਰ ਸਾਹਿਬ ਨੂੰ ਪ੍ਰਸ਼ਾਦ ਸਕੀਮ ਦੇ ਤਹਿਤ ਵਿਕਸਿਤ ਕੀਤਾ ਜਾ ਰਿਹਾ ਹੈ ਅਤੇ ਅਸੀਂ ਇਸ ਯੋਜਨਾ ਦੇ ਅੰਤਰਗਤ ਅੰਮ੍ਰਿਤਸਰ ਸਥਿਤ ਪ੍ਰਸਿੱਧ ਤੀਰਥ "ਦੁਰਗਿਆਣਾ ਮੰਦਿਰ" ਅਤੇ ਸ੍ਰੀ ਅਨੰਦਪੁਰ ਸਾਹਿਬ ਨੂੰ ਸ਼ਾਮਿਲ ਕਰਨ ਲਈ ਭਾਰਤ ਸਰਕਾਰ ਨੂੰ ਬੇਨਤੀ ਕੀਤੀ ਹੈ।

124. ਪੰਜਾਬ ਨੂੰ ਇੱਕ ਟੂਰਿਸਟ ਬ੍ਰੈਂਡ ਬਣਾਉਣ ਲਈ ਅਤੇ ਇਸ ਵਾਸਤੇ ਪ੍ਰਿੰਟ ਅਤੇ ਇਲੈਕਟ੍ਰਾਨਿਕ ਮੀਡੀਆ, ਰੋਡ ਸ਼ੋ, ਸੋਸ਼ਲ ਮੀਡੀਆ ਇਤਿਆਦੀ ਰਾਹੀਂ ਪ੍ਰਚਾਰ ਲਈ, ਮੈਂ 5 ਕਰੋੜ ਰੁਪਏ ਦੇ ਪ੍ਰਸਤਾਵ ਦੀ ਤਜਵੀਜ਼ ਕਰਦਾ ਹਾਂ।

### ਪੁਲਿਸ ਅਤੇ ਕਾਨੂੰਨ ਵਿਵਸਥਾ

ਸਪੀਕਰ ਸਾਹਿਬ,

125. ਕੁਝ ਬੁਰੀਆਂ ਤਾਕਤਾਂ ਹਮੇਸ਼ਾਂ ਸਾਡੇ ਸੀਮਾਵਰਤੀ ਰਾਜਾਂ ਵਿਚ ਸ਼ਾਂਤੀ ਅਤੇ ਵਿਵਸਥਾ ਨੂੰ ਵਿਗਾੜਨ ਦੇ ਮੌਕਿਆਂ ਦੀ ਭਾਲ ਵਿਚ ਰਹਿੰਦੀਆਂ ਹਨ। ਬੀਤੇ ਸਮੇਂ ਵਿਚ ਕੀਤੇ ਗਏ ਅਜਿਹੇ ਯਤਨਾਂ ਦਾ ਮੁਕਾਬਲਾ ਸਾਡੇ ਬਹਾਦਰ ਪੁਲਿਸ ਬਲਾਂ ਨੇ ਸਫਲਤਾਪੂਰਵਕ ਕੀਤਾ। ਮੈਂ ਆਪਣੀ ਸਰਕਾਰ ਵੱਲੋਂ ਪੰਜਾਬ ਦੇ ਦੁਸ਼ਮਣਾਂ ਨੂੰ ਚਿਤਾਵਨੀ ਦਿੰਦਾ ਹਾਂ ਕਿ ਉਹ ਕਾਨੂੰਨ ਦੀ ਪਾਲਣਾ ਕਰਨ ਨਹੀਂ ਤਾਂ ਸਾਡੀ ਸਰਕਾਰ ਉਨ੍ਹਾਂ ਨੂੰ ਜੜ੍ਹ ਤੋਂ ਖਤਮ ਕਰ ਦੇਵੇਗੀ। ਕਾਨੂੰਨ ਵਿਵਸਥਾ ਬਣਾਈ ਰੱਖਣ ਲਈ ਮੈਂ 10,523 ਕਰੋੜ ਰੁਪਏ ਦੇ ਉਪਬੰਧ ਦਾ ਪ੍ਰਸਤਾਵ ਰੱਖਦਾ ਹਾਂ ਜੋ ਕਿ ਵਿੱਤੀ ਸਾਲ 2022-23 (ਬਜਟ ਅਨੁਮਾਨ) ਦੇ ਮੁਕਾਬਲੇ 11% ਵੱਧ ਹੈ।

126. ਸਾਡੀ ਸਰਕਾਰ ਸਾਡੀਆਂ ਕਾਨੂੰਨ ਪ੍ਰਵਰਤਕ ਏਜੰਸੀਆਂ ਅਤੇ ਪੁਲਿਸ ਬਲਾਂ ਨੂੰ ਸਾਰੀਆਂ ਮੁਸ਼ਕਲਾਂ

ਲਈ ਤਿਆਰ ਕਰ ਰਹੀ ਹੈ। ਪੰਜਾਬ ਪੁਲਿਸ ਦੇ ਕਾਊਂਟਰ ਇਨਟੈਲੀਜੈਂਸ ਵਿੰਗ ਨੂੰ ਨਵੇਂ ਉਪਕਰਨਾਂ ਅਤੇ ਬੁਨਿਆਦੀ ਢਾਂਚੇ ਦੇ ਨਾਲ ਮਜ਼ਬੂਤ ਬਣਾਇਆ ਜਾ ਰਿਹਾ ਹੈ। ਵਿੱਤੀ ਸਾਲ 2023-24 ਵਿਚ 40 ਕਰੋੜ ਰੁਪਏ ਦੇ ਖਰਚੇ ਦੀ ਤਜਵੀਜ਼ ਹੈ।

127. ਗੈਂਗਸਟਰ ਕਲਚਰ ਦਾ ਪ੍ਰਭਾਵੀ ਢੰਗ ਨਾਲ ਮੁਕਾਬਲਾ ਕਰਨ ਅਤੇ ਕਾਨੂੰਨ ਵਿਵਸਥਾ ਤੰਤਰ ਵਿਚ ਲੋਕਾਂ ਦੇ ਵਿਸ਼ਵਾਸ ਨੂੰ ਬਹਾਲ ਕਰਨ ਲਈ, ਐਂਟੀ-ਗੈਂਗਸਟਰ ਟਾਸਕ ਫੋਰਸ (ਏ.ਜੀ.ਟੀ.ਐਫ.) ਨੇ ਰਾਜ ਵਿਚ ਗੈਂਗਸਟਰਾਂ ਅਤੇ ਅਪਰਾਧੀਆਂ ਦੇ ਖਿਲਾਫ ਸਮਰਪਿਤ ਮੁਹਿੰਮਾਂ ਚਲਾਈਆਂ ਹਨ। ਫਰਵਰੀ, 2023 ਦੇ ਅੰਤ ਤੱਕ, ਏ.ਜੀ.ਟੀ.ਐਫ. ਨੇ 567 ਗੈਂਗਸਟਰਾਂ / ਅਪਰਾਧੀਆਂ ਨੂੰ ਗ੍ਰਿਫਤਾਰ ਕੀਤਾ, 5 ਗੈਂਗਸਟਰਾਂ ਨੂੰ ਖਤਮ ਕੀਤਾ, 156 ਗੈਂਗਸਟਰ / ਅਪਰਾਧਿਕ ਮਾਡਿਊਲਾਂ ਦਾ ਪਰਦਾਫਾਸ਼ ਕੀਤਾ ਅਤੇ ਅਪਰਾਧਿਕ ਗਤੀਵਿਧੀਆਂ ਵਿੱਚ ਵਰਤੇ ਜਾਂਦੇ 563 ਹਥਿਆਰ ਅਤੇ 125 ਵਾਹਨ ਬਰਾਮਦ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ। ਅਪਰਾਧਾਂ ਨਾਲ ਨਜਿੱਠਣ ਅਤੇ ਕਾਨੂੰਨ ਵਿਵਸਥਾ ਕਾਇਮ ਰੱਖਣ ਅਤੇ ਰਾਜ ਵਿਚ ਅਮਨ-ਸ਼ਾਂਤੀ ਬਣਾਈ ਰੱਖਣ ਲਈ ਪੁਲਿਸ ਬਲਾਂ ਨੂੰ ਮਜਬੂਤ ਕਰਨ ਲਈ ਵਿੱਤੀ ਸਾਲ 2023-24 ਵਿਚ ਪੁਲਿਸ ਬਲਾਂ ਦੇ ਆਧੁਨਿਕੀਕਰਣ ਲਈ 64 ਕਰੋੜ ਰੁਪਏ ਦੀ ਤਜਵੀਜ਼ ਹੈ।

128. ਰਾਜ ਦੇ ਸਰਹੱਦੀ ਜ਼ਿਲ੍ਹਿਆਂ ਵਿਚ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਵਿੱਤੀ ਸਾਲ 2023-24 ਵਿਚ 40 ਕਰੋੜ ਰੁਪਏ ਦੇ ਸ਼ੁਰੂਆਤੀ ਬਜਟ ਦਾ ਪ੍ਰਸਤਾਵ ਰੱਖਦਾ ਹਾਂ, ਜਿਸ ਨਾਲ ਅੰਤਰ ਰਾਸ਼ਟਰੀ ਸਰਹੱਦ ਦੇ ਨੇੜਲੇ ਇਲਾਕਿਆਂ ਵਿਚ ਸੀ.ਸੀ.ਟੀ.ਵੀ. ਕੈਮਰੇ ਲਗਾਉਣ; ਰੌਸ਼ਨੀ ਦੇ ਚੰਗੇ ਪ੍ਰਬੰਧ ਕਰਨ; ਆਉਣ-ਜਾਣ ਲਈ ਅਤਿ-ਆਧੁਨਿਕ ਗੱਡੀਆਂ ਖਰੀਦਣ ਵਰਗੇ ਕਾਰਜ ਕੀਤੇ ਜਾਣਗੇ।

129. ਅੱਜ ਦੁਨੀਆ ਸਾਈਬਰ ਯੁੱਧ ਅਤੇ ਸਾਈਬਰ ਕਰਾਈਮ ਵਰਗੇ ਨਵੇਂ ਅਤੇ ਆਧੁਨਿਕ ਖਤਰਿਆਂ ਦਾ ਸਾਹਮਣਾ ਕਰ ਰਹੀ ਹੈ। ਸਾਡੀ ਸਰਕਾਰ ਸਾਈਬਰ ਕਰਾਈਮ ਸੈੱਟਅੱਪ ਨੂੰ ਆਧੁਨਿਕ ਕਰੇਗੀ ਅਤੇ ਇਸ ਦੀਆਂ ਸਮਰੱਥਾਵਾਂ ਨੂੰ ਵਧਾਏਗੀ; ਮੈਂ ਵਿੱਤੀ ਸਾਲ 2023-24 ਵਿਚ ਸਾਈਬਰ ਅਪਰਾਧ ਨਾਲ ਪ੍ਰਭਾਵੀ ਢੰਗ ਨਾਲ ਨਿਪਟਣ ਵਿਚ ਉਨ੍ਹਾਂ ਦੀ ਮਦਦ ਕਰਨ ਲਈ 30 ਕਰੋੜ ਰੁਪਏ ਦੀ ਵੰਡ ਦੀ ਤਜਵੀਜ਼ ਕਰਦਾ ਹਾਂ।

130. ਮੈਂ ਵਿੱਤੀ ਸਾਲ 2023-24 ਵਿੱਚ ਪੁਲਿਸ ਲਾਈਨ, ਪੁਲਿਸ ਸਟੇਸ਼ਨਾਂ ਅਤੇ ਹੋਰ ਪੁਲਿਸ ਦਫ਼ਤਰਾਂ ਲਈ ਜ਼ਮੀਨ ਦੀ ਖਰੀਦ ਲਈ 33 ਕਰੋੜ ਰੁਪਏ ਅਤੇ ਪੁਲਿਸ ਕੰਪਲੈਕਸਾਂ ਅਤੇ ਇਮਾਰਤਾਂ ਦੇ ਨਿਰਮਾਣ ਅਤੇ ਨਵੀਨੀਕਰਨ ਲਈ 10 ਕਰੋੜ ਰੁਪਏ ਦੀ ਵੰਡ ਦੀ ਤਜਵੀਜ਼ ਰੱਖਦਾ ਹਾਂ।

131. ਇਸ ਤੋਂ ਇਲਾਵਾ ਹੁਡਕੋ ਤੋਂ ਲਏ ਕਰਜ਼ੇ ਦੀ ਅਦਾਇਗੀ ਲਈ ਪੁਲਿਸ ਹਾਊਸਿੰਗ ਕਾਰਪੋਰੇਸ਼ਨ ਦੀ ਸਹਾਇਤਾ ਲਈ ਵਿੱਤੀ ਸਾਲ 2023-24 ਵਿੱਚ 26 ਕਰੋੜ ਰੁਪਏ ਦੀ ਵਿਸ਼ੇਸ਼ ਸਹਾਇਤਾ ਦਾ ਪ੍ਰਬੰਧ ਕੀਤਾ ਗਿਆ ਹੈ।

### ਸਮਾਜਿਕ ਭਲਾਈ ਅਤੇ ਸਮਾਜਿਕ ਨਿਆਂ

132. ਸਮਾਜਿਕ ਭਲਾਈ ਪ੍ਰੋਗਰਾਮਾਂ ਅਤੇ ਨੀਤੀਆਂ ਨੂੰ ਜ਼ਰੂਰਤਮੰਦ ਵਿਅਕਤੀਆਂ ਅਤੇ ਪਰਿਵਾਰਾਂ ਨੂੰ ਆਰਥਿਕ ਅਤੇ ਸਮਾਜਿਕ ਸਹਾਇਤਾ ਪ੍ਰਦਾਨ ਕਰਨ ਲਈ ਡਿਜ਼ਾਈਨ ਕੀਤਾ ਗਿਆ ਹੈ ਤਾਂ ਕਿ ਉਹ ਇੱਜ਼ਤ ਦੀ ਜ਼ਿੰਦਗੀ ਜੀ ਸਕਣ। ਸਾਡੀ ਸਰਕਾਰ ਵਿਭਿੰਨ ਭਲਾਈ ਯੋਜਨਾਵਾਂ ਦਾ ਸਮਰਥਨ ਕਰਦੀ ਰਹੇਗੀ, ਜਿਸ ਲਈ ਮੈਂ ਵਿੱਤੀ ਸਾਲ 2023-24 ਵਿਚ 8,678 ਕਰੋੜ ਰੁਪਏ ਦੇ ਬਜਟੀ ਖਰਚੇ ਦੀ ਤਜਵੀਜ਼ ਰੱਖਦਾ ਹਾਂ ਜੋ ਕਿ ਵਿੱਤੀ ਸਾਲ 2022-23 (ਬਜਟ ਅਨੁਮਾਨ) ਦੀ ਤੁਲਨਾ ਵਿਚ 17% ਦਾ ਵਾਧਾ ਹੈ।

### ਸਮਾਜਿਕ ਸੁਰੱਖਿਆ ਪੈਨਸ਼ਨ

133. ਰਾਜ ਦੇ 31.59 ਲੱਖ ਬਜ਼ੁਰਗਾਂ, ਵਿਧਵਾਵਾਂ ਅਤੇ ਬੇਆਸਰਾ ਔਰਤਾਂ, ਅਨਾਥ ਬੱਚਿਆਂ ਅਤੇ ਅਪਾਹਜ ਵਿਅਕਤੀਆਂ ਨੂੰ ਪ੍ਰਤੀ ਮਹੀਨਾ 1,500 ਰੁਪਏ ਦੀ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਜਾ ਰਹੀ ਹੈ। ਮੈਂ ਇਹ ਦੱਸਣਾ ਚਾਹਾਂਗਾ ਕਿ ਜੁਲਾਈ 2022 ਵਿਚ ਇਕ ਸਰਵੇ ਕੀਤਾ ਗਿਆ ਸੀ, ਜਿਸ ਦੇ ਮੁਤਾਬਿਕ 90,248 ਲਾਭਪਾਤਰੀ ਮ੍ਰਿਤਕ ਪਾਏ ਗਏ ਸਨ। 83,372 ਲਾਭਪਾਤਰੀਆਂ ਦੇ ਵਾਰਸਾਂ ਤੋਂ 24 ਕਰੋੜ ਰੁਪਏ ਦੀ ਰਾਸ਼ੀ ਵਸੂਲੀ ਜਾ ਚੁੱਕੀ ਹੈ ਅਤੇ ਬਾਕੀ ਦੀ ਵਸੂਲੀ ਪ੍ਰਕ੍ਰਿਆ ਅਧੀਨ ਹੈ। ਮੈਂ 33.26 ਲੱਖ ਲਾਭਪਾਤਰੀਆਂ ਨੂੰ ਲਾਭ ਪ੍ਰਦਾਨ ਕਰਨ ਲਈ ਵਿੱਤੀ ਸਾਲ 2023-24 ਵਿਚ 5,650 ਕਰੋੜ ਰੁਪਏ ਦੀ ਵੰਡ ਦੀ ਤਜਵੀਜ਼ ਰੱਖਦਾ ਹਾਂ ਜੋ ਕਿ ਵਿੱਤੀ ਸਾਲ 2022-23 (ਬਜਟ ਅਨੁਮਾਨ) ਤੋਂ 1,002 ਕਰੋੜ ਰੁਪਏ ਅਤੇ 22% ਵੱਧ ਹੈ।

134. ਵਿੱਤੀ ਸਾਲ 2023-24 ਵਿੱਚ ਵੱਖ-ਵੱਖ ਹੋਰ ਭਲਾਈ ਸਕੀਮਾਂ ਜਿਵੇਂ ਕਿ ਪੋਸ਼ਣ ਅਭਿਆਨ; ਪ੍ਰਧਾਨ ਮੰਤਰੀ ਮਾਤਰੁ ਵੰਦਨਾ ਯੋਜਨਾ; ਪਹੁੰਚ ਯੋਗ ਭਾਰਤ ਮੁਹਿੰਮ ਆਦਿ ਲਈ 175 ਕਰੋੜ ਰੁਪਏ ਦੇ ਬਜਟ ਦਾ ਉਪਬੰਧ ਕਰਨ ਦੀ ਤਜਵੀਜ਼ ਹੈ । ਇਸ ਤੋਂ ਇਲਾਵਾ, ਔਰਤਾਂ ਨੂੰ ਮੁਫਤ ਯਾਤਰਾ ਦੀ ਸਹੂਲਤ ਪ੍ਰਦਾਨ ਕਰਨ ਲਈ 497 ਕਰੋੜ ਰੁਪਏ ਦਾ ਪ੍ਰਸਤਾਵ ਪੇਸ਼ ਕੀਤਾ ਜਾਂਦਾ ਹੈ।

135. ਇਸ ਤੋਂ ਇਲਾਵਾ ਵਿੱਤੀ ਸਾਲ 2023-24 ਵਿਚ ਪੋਸਟ ਮੈਟ੍ਰਿਕ ਵਜੀਫਾ ਯੋਜਨਾ, ਅਸ਼ੀਰਵਾਦ ਯੋਜਨਾ ਅਤੇ ਪ੍ਰਧਾਨ ਮੰਤਰੀ ਆਦਰਸ਼ ਗਰਾਮ ਯੋਜਨਾ ਲਈ 850 ਕਰੋੜ ਰੁਪਏ ਪ੍ਰਦਾਨ ਕਰਨ ਦਾ ਪ੍ਰਸਤਾਵ ਪੇਸ਼ ਕੀਤਾ ਜਾਂਦਾ ਹੈ।

136. ਸਾਡੀ ਸਰਕਾਰ ਅਨੁਸੂਚਿਤ ਜਾਤਾਂ, ਪੱਛੜੇ ਵਰਗਾਂ, ਘੱਟ ਗਿਣਤੀਆਂ ਅਤੇ ਸਮਾਜ ਦੇ ਸਾਰੇ ਕਮਜ਼ੋਰ ਵਰਗਾਂ ਦੇ ਸ਼ਸ਼ਕਤੀਕਰਣ, ਨਿਗਰਾਨੀ ਅਤੇ ਸਮੁੱਚੇ ਵਿਕਾਸ ਲਈ ਪ੍ਰਤੀਬੱਧ ਹੈ। ਮੈਂ ਵਿੱਤੀ ਸਾਲ 2023-24 ਦੌਰਾਨ ਅਨੁਸੂਚਿਤ ਜਾਤੀ ਸਬ-ਪਲਾਨ ਲਈ 13,878 ਕਰੋੜ ਰੁਪਏ ਦੀ ਤਜਵੀਜ਼ ਰੱਖਦਾ ਹਾਂ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ:** ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ।

**ਮਾਨਯੋਗ ਸਪੀਕਰ:** ਰਾਜਾ ਜੀ, ਕੰਪਲੀਟ ਹੋ ਜਾਵੇਗਾ। ਤੁਸੀਂ ਬਹਿਸ ਤੇ ਸਾਰੀ ਪਰਾਪਰ ਗੱਲ ਕਰ ਲੈਣਾ। ਇਵੇਂ ਚੁੰਝ ਜਿਹੀ ਮਾਰਨ ਦਾ ਕੋਈ ਫਾਇਦਾ ਨਹੀਂ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ:** ਸਰ, ਪਹਿਲਾਂ ਵੀ ਬਜਟ ਤੇ ਪੁਆਇੰਟ ਆਫ ਆਰਡਰ ਮੰਗਦੇ ਰਹੇ ਹਨ।

**Mr. Speaker:** Let him complete.

**ਵਿੱਤ ਮੰਤਰੀ:** ਕੱਲ੍ਹ ਨੂੰ ਪੂਰਾ ਦਿਨ ਦੇਵਾਂਗੇ ਜੀ।

**ਮਾਨਯੋਗ ਸਪੀਕਰ:** ਮੰਤਰੀ ਜੀ, ਤੁਸੀਂ ਕਟੀਨਿਊ ਕਰੋ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ:** ** **

**Mr. Speaker:** No point of order, no point of order.

ਬੁਨਿਆਦੀ ਢਾਂਚਾ

ਸਪੀਕਰ ਸਾਹਿਬ,

137. ਜਿਵੇਂ ਕਿ ਸ਼ੁਰੂ ਵਿੱਚ ਜ਼ਿਕਰ ਕੀਤਾ ਗਿਆ ਹੈ, ਇਸ ਸਾਲ ਦੇ ਮੁੱਖ ਫੋਕਸ ਸੈਕਟਰ ਵਿੱਚੋਂ ਇੱਕ ਵਿਵੇਕਸ਼ੀਲ ਪੂੰਜੀ ਖਰਚ ਦੁਆਰਾ ਬੁਨਿਆਦੀ ਢਾਂਚੇ ਦੇ ਵਿਕਾਸ ਨੂੰ ਤਰਜੀਹ ਦੇਣਾ ਹੋਵੇਗਾ। ਇਹ ਸੱਚ ਹੈ ਕਿ

ਕੋਈ ਵੀ ਦੇਸ਼ ਜਾਂ ਖੇਤਰ ਲੰਬੇ ਸਮੇਂ ਵਿੱਚ ਕਾਰਜਸ਼ੀਲ ਬੁਨਿਆਦੀ ਢਾਂਚੇ ਦੇ ਮਜ਼ਬੂਤ ਨੈਟਵਰਕ ਤੋਂ ਬਿਨਾਂ ਸਫਲ ਨਹੀਂ ਹੋਇਆ ਹੈ। ਸਾਡੀ ਸਰਕਾਰ ਨੇ ਆਉਣ ਵਾਲੇ ਸਾਲ ਵਿੱਚ ਪੂੰਜੀ ਖਰਚ ਲਈ ਇਕ ਰਣਨੀਤੀ ਤਿਆਰ ਕੀਤੀ ਹੈ। ਰਾਜ ਦੇ ਬੁਨਿਆਦੀ ਢਾਂਚੇ ਦੇ ਨਵੀਨੀਕਰਨ ਅਤੇ ਅਪਗੇਡੇਸ਼ਨ ਦੇ ਨਾਲ ਸਬੰਧਿਤ ਅਦਾਰਿਆਂ ਲਈ ਕੁੱਲ 26,295 ਕਰੋੜ ਰੁਪਏ ਦੇ ਉਪਬੰਧ ਦੀ ਤਜਵੀਜ਼ ਰੱਖਦਾ ਹਾਂ। ਇਹ ਉਪਬੰਧ ਪਿਛਲੇ ਵਿੱਤੀ ਸਾਲ 2022-23 (ਬਜਟ ਅਨੁਮਾਨ) ਦੇ ਮੁਕਾਬਲੇ 13% ਵੱਧ ਹੈ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਤੋਂ ਲਗਾਤਾਰ ਬੋਲ ਰਹੇ ਸਨ।)

**ਮਾਨਯੋਗ ਸਪੀਕਰ:** ਵਿੱਤ ਮੰਤਰੀ ਜੀ, ਇੱਕ ਮਿੰਟ। ਮਾਨਯੋਗ ਵਿਧਾਇਕ ਸਾਹਿਬਾਨ, ਇਹ ਬਜਟ ਸਿਰਫ ਪੜ੍ਹ ਰਹੇ ਹਨ। ਤੁਸੀਂ ਡਿਸਕਸ਼ਨ ਕਰਨੀ ਹੈ, ਇਹ ਕੋਈ ਤਰੀਕਾ ਨਹੀਂ ਹੈ। Let him complete, ਤੁਸੀਂ ਨੋਟ ਕਰੋ। ਤੁਸੀਂ ਪੰਜ ਮਿੰਟ ਇਸੇ ਪੁਆਇੰਟ ਤੇ ਲਗਾ ਲੈਣਾ। ਮੈਂ ਤੁਹਾਨੂੰ ਤੁਹਾਡੇ ਬਣਦੇ ਟਾਈਮ ਨਾਲੋਂ ਪੰਜ ਮਿੰਟ ਵੱਧ ਦੇਵਾਂਗਾ। ਇਸੇ ਪੁਆਇੰਟ ਤੇ ਲਗਾ ਲੈਣਾ, let him complete his speech.

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ:** ਸਰ, ਪੁਆਇੰਟ ਆਫ ਆਰਡਰ।

**Mr. Speaker:** No point of order, no point of order. (ਵਿਘਨ) (ਸ਼ੋਰ) ਐਫ.ਐਮ. ਸਾਹਿਬ, ਤੁਸੀਂ ਬੋਲੋ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ:** **

**Mr. Speaker:** No point of order, no point of order.

## ਸੜਕਾਂ ਅਤੇ ਪੁਲ

138. ਅਸੀਂ ਵਿੱਤੀ ਸਾਲ 2023-24 ਵਿੱਚ ਸੜਕਾਂ, ਪੁਲਾਂ ਅਤੇ ਇਮਾਰਤਾਂ ਦੇ ਨਿਰਮਾਣ ਅਤੇ ਰੱਖ-ਰਖਾਅ ਦਾ ਕੰਮ ਕਰਾਂਗੇ, ਜਿਸ ਲਈ ਵਿੱਤੀ ਸਾਲ 2022-23 (ਸੋਧੇ ਅਨੁਮਾਨ) 1,495 ਕਰੋੜ ਰੁਪਏ ਦੇ ਮੁਕਾਬਲੇ ਬਜਟ ਵੰਡ ਨੂੰ ਵਧਾ ਕੇ 3,297 ਕਰੋੜ ਰੁਪਏ ਕਰਨ ਦਾ ਪ੍ਰਸਤਾਵ ਰੱਖਦਾ ਹਾਂ। ਵਿੱਤੀ ਸਾਲ 2023-24 ਵਿੱਚ ਕੀਤੀਆਂ ਜਾਣ ਵਾਲੀਆਂ ਕੁੱਝ ਗਤੀਵਿਧੀਆਂ ਹੇਠ ਅਨੁਸਾਰ ਹਨ:-

i. ਸੜਕਾਂ ਅਤੇ ਪੁਲਾਂ ਦੇ ਨਵੀਨੀਕਰਨ, ਨਿਰਮਾਣ ਅਤੇ ਮੁਰੰਮਤ ਲਈ 1,101 ਕਰੋੜ ਰੁਪਏ;

ii. ਪ੍ਰਧਾਨ ਮੰਤਰੀ ਗ੍ਰਾਮ ਸੜਕ ਯੋਜਨਾ-III ਦੇ ਤਹਿਤ 1,278 ਕਿਲੋਮੀਟਰ ਲੰਬਾਈ ਦੀਆਂ ਸੜਕਾਂ ਨੂੰ ਅਪਗ੍ਰੇਡ ਕਰਨ ਲਈ 600 ਕਰੋੜ ਰੁਪਏ; ਅਤੇ

iii. ਕੇਂਦਰੀ ਸੜਕ ਫੰਡ ਯੋਜਨਾ ਦੇ ਤਹਿਤ 454 ਕਿਲੋਮੀਟਰ ਸੜਕਾਂ ਨੂੰ ਕਵਰ ਕਰਨ ਵਾਲੇ ਕੰਮਾਂ ਲਈ 190 ਕਰੋੜ ਰੁਪਏ ਦੇ ਉਪਬੰਧ ਦਾ ਪ੍ਰਸਤਾਵ ਰੱਖਦਾ ਹਾਂ।

140. ਮੈਂ ਵਿੱਤੀ ਸਾਲ 2023-24 ਵਿਚ 12,897 ਕਿਲੋਮੀਟਰ ਲੰਬੀਆਂ ਲਿੰਕ ਸੜਕਾਂ ਦੀ ਮੁਰੰਮਤ ਲਈ ਵੀ ਇਕ ਵਿਸ਼ੇਸ਼ ਪ੍ਰੋਗਰਾਮ ਚਲਾਉਣ ਦੀ ਤਜਵੀਜ਼ ਰੱਖਦਾ ਹਾਂ, ਜਿਸ ਦਾ ਅਨੁਮਾਨਤ ਖਰਚਾ 1,992 ਕਰੋੜ ਰੁਪਏ ਹੋਵੇਗਾ। ਇਨ੍ਹਾਂ ਸੜਕਾਂ ਦੀ ਮੁਰੰਮਤ ਪਿਛਲੇ 6 ਸਾਲਾਂ ਤੋਂ ਲੰਬਿਤ ਹੈ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ, ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਤੋਂ ਉੱਚੀ-ਉੱਚੀ ਬੋਲ ਰਹੇ ਸਨ।)

**ਮਾਨਯੋਗ ਸਪੀਕਰ:** ਇੱਕ ਮਿੰਟ ਵਿੱਤ ਮੰਤਰੀ ਜੀ। ਇਨ੍ਹਾਂ ਨੂੰ (ਵਿੱਤ ਮੰਤਰੀ, ਸਰਦਾਰ ਹਰਪਾਲ ਸਿੰਘ ਚੀਮਾ ਵੱਲ ਇਸ਼ਾਰਾ) ਆਪਣੀ ਗੱਲ ਰੱਖਣ ਦਿਉ। ਤੁਹਾਡਾ ਜਿਹੜਾ ਪੁਆਇੰਟ ਆਫ ਆਰਡਰ ਹੈ, ਉਸ ਲਈ ਤੁਹਾਨੂੰ ਪੰਜ ਮਿੰਟ ਵੱਖਰੇ ਮਿਲਣਗੇ ਪਰ ਸਿਰਫ ਖਬਰ ਲਗਵਾਉਣ ਲਈ, ਸਿਰਫ ਹਾਜ਼ਰੀ ਲਗਵਾਉਣ ਲਈ ਹਾਊਸ ਵਿੱਚ ਡਿਸਟਰਬ ਕਰਨਾ, ਇਹ ਕੋਈ ਗੱਲ ਨਹੀਂ ਹੈ। ਤੁਹਾਡੀ ਖਬਰ ਲੱਗ ਗਈ ਹੈ। ਮੰਤਰੀ ਜੀ, ਕੰਟੀਨਿਊ ਕਰੋ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ ਬੋਲਣ ਲਈ ਸਮਾਂ ਨਾ ਦੇਣ ਦੇ ਰੋਸ ਵਜੋਂ ਵੈੱਲ ਆਫ ਦਿ ਹਾਊਸ ਵਿੱਚ ਆ ਗਏ।)

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ:** **

**Mr. Speaker:** No point of order.

## ਪੇਂਡੂ ਵਿਕਾਸ ਅਤੇ ਪੰਚਾਇਤਾਂ

141. ਸਾਡੀ ਸਰਕਾਰ ਵੱਲੋਂ ਚਲਾਈ ਗਈ ਵਿਸ਼ੇਸ਼ ਮੁਹਿੰਮ ਤਹਿਤ 9447 ਏਕੜ ਸ਼ਾਮਲਾਤ ਜ਼ਮੀਨ ਨੂੰ

ਨਾਜਾਇਜ਼ ਕਬਜ਼ਿਆਂ ਤੋਂ ਮੁਕਤ ਕਰਵਾਇਆ ਜਾ ਚੁੱਕਾ ਹੈ। ਇਸ ਮੁਕਤ ਕਰਵਾਈ ਜ਼ਮੀਨ ਦੀ ਵਰਤੋਂ ਹੁਣ ਸਬੰਧਿਤ ਗ੍ਰਾਮ ਪੰਚਾਇਤਾਂ ਵੱਲੋਂ ਪਿੰਡਾਂ ਵਿੱਚ ਵਿਕਾਸ ਕਾਰਜਾਂ ਅਤੇ ਮਾਲੀਆ ਕਮਾਉਣ ਲਈ ਕੀਤੀ ਜਾ ਸਕੇਗੀ।

142. ਪੰਜਾਬ ਦੇ ਪੇਂਡੂ ਖੇਤਰਾਂ ਦੇ ਸੰਪੂਰਨ ਅਤੇ ਵਿਆਪਕ ਵਿਕਾਸ ਦੇ ਸਾਡੇ ਵਾਅਦੇ 'ਤੇ ਅੱਗੇ ਵਧਦੇ ਹੋਏ, ਮੈਂ ਵਿੱਤੀ ਸਾਲ 2023-24 ਵਿੱਚ 3,319 ਕਰੋੜ ਰੁਪਏ ਅਲਾਟ ਕਰਨ ਦਾ ਪ੍ਰਸਤਾਵ ਰੱਖਦਾ ਹਾਂ ਜੋ ਕਿ ਵਿੱਤੀ ਸਾਲ 2022-23 (ਬਜਟ ਅਨੁਮਾਨ) ਦੇ ਮੁਕਾਬਲੇ 11% ਦਾ ਵਾਧਾ ਹੈ। ਸਮਾਰਟ ਵਿਲੇਜ ਕੈਂਪੇਨ ਅਧੀਨ ਕੁੱਲ 77,986 ਕੰਮਾਂ ਵਿੱਚੋਂ, 68,825 ਕੰਮ 4,092 ਕਰੋੜ ਰੁਪਏ ਦੇ ਨਿਵੇਸ਼ ਨਾਲ ਪੂਰੇ ਕੀਤੇ ਜਾ ਚੁੱਕੇ ਹਨ। ਇਸ ਤੋਂ ਇਲਾਵਾ, ਵਿੱਤੀ ਸਾਲ 2022-23 ਵਿੱਚ 8.12 ਲੱਖ ਪਰਿਵਾਰਾਂ ਨੂੰ 285 ਲੱਖ ਦਿਹਾੜੀਆਂ ਦਾ ਰੁਜ਼ਗਾਰ ਮੁਹੱਈਆ ਕਰਵਾਇਆ ਗਿਆ ਹੈ। ਵਿੱਤੀ ਸਾਲ 2023-24 ਦੌਰਾਨ ਪੇਂਡੂ ਵਿਕਾਸ ਲਈ ਵੱਖ-ਵੱਖ ਸਕੀਮਾਂ ਲਈ ਨਿਮਨਲਿਖਤ ਵੰਡ ਦਾ ਪ੍ਰਸਤਾਵ ਰੱਖਿਆ ਜਾਂਦਾ ਹੈ:-

i. ਮਨਰੇਗਾ ਤਹਿਤ ਰੋਜ਼ਗਾਰ ਪ੍ਰਦਾਨ ਕਰਨ ਲਈ 655 ਕਰੋੜ ਰੁਪਏ;

ii. ਪ੍ਰਧਾਨ ਮੰਤਰੀ ਆਵਾਸ ਯੋਜਨਾ - ਗ੍ਰਾਮੀਣ: ਪੇਂਡੂ ਖੇਤਰਾਂ ਵਿੱਚ 10,000 ਘਰਾਂ ਦੀ ਉਸਾਰੀ ਲਈ, 150 ਕਰੋੜ ਰੁਪਏ;

iii. ਸ਼ਿਆਮਾ ਪ੍ਰਸਾਦ ਮੁਖਰਜੀ ਰਰਬਨ ਮਿਸ਼ਨ: 50 ਕਰੋੜ ਰੁਪਏ;

iv. ਪ੍ਰਧਾਨ ਮੰਤਰੀ ਕ੍ਰਿਸ਼ੀ ਸਿੰਚਾਈ ਯੋਜਨਾ ਲਈ 20 ਕਰੋੜ ਰੁਪਏ ਅਤੇ

v. ਰਾਸ਼ਟਰੀ ਗ੍ਰਾਮ ਸਵਰਾਜ ਅਭਿਆਨ: 80 ਕਰੋੜ ਰੁਪਏ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ ਵੈੱਲ ਆਫ ਦਿ ਹਾਊਸ ਵਿੱਚੋਂ ਵਾਪਸ ਜਾ ਕੇ ਆਪਣੀ ਸੀਟ ਤੇ ਬੈਠ ਗਏ ਅਤੇ ਉਨ੍ਹਾਂ ਤੋਂ ਇਲਾਵਾ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਤੋਂ ਬੋਲ ਰਹੇ ਸਨ।)

**ਵਿੱਤ ਮੰਤਰੀ:** ਮੈਂ ਮੈਂਬਰ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਬੈਠ ਕੇ ਸੁਣ ਲਵੋ। ਕੱਲ੍ਹ ਨੂੰ ਜਿੰਨਾ ਮਰਜ਼ੀ ਸਮਾਂ ਲਗਾ ਲੈਣਾ, ਜਿਹੜੇ ਮਰਜ਼ੀ ਟੌਪਿਕ ਤੇ ਬਹਿਸ ਕਰ ਲੈਣਾ, ਮੈਂ ਤੁਹਾਡੀ ਇੱਕ-ਇੱਕ ਗੱਲ ਦਾ ਜਵਾਬ ਦੇਵਾਂਗਾ।

**ਮਾਨਯੋਗ ਸਪੀਕਰ:** ਚੀਮਾ ਸਾਹਿਬ, ਚੇਅਰ ਨੂੰ ਐਡਰੈਸ ਕਰੋ।

**ਵਿੱਤ ਮੰਤਰੀ:** ਬੈਠ ਜਾਓ, ਤੁਹਾਡੀ ਇੱਕ-ਇੱਕ ਗੱਲ ਦਾ ਜਵਾਬ ਦੇਵਾਂਗਾ। ਤੁਸੀਂ ਸੁਣਨ ਦਾ ਮਾਦਾ ਰੱਖੋ।

(ਟਰੇਜ਼ਰੀ ਬੈਂਚਿਜ਼ ਵੱਲੋਂ ਸ਼ੇਮ-ਸ਼ੇਮ ਦੀਆਂ ਅਵਾਜ਼ਾਂ)

-----

## WALK OUT

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਬਜਟ ਸਪੀਚ ਦੌਰਾਨ ਪੁਆਇੰਟ ਆਫ ਆਰਡਰ ਨਾ ਦੇਣ ਦੇ ਰੋਸ ਵਜੋਂ ਸਦਨ ਵਿੱਚੋਂ ਵਾਕ-ਆਊਟ ਕਰ ਗਏ।)

-----

## PRESENTATION OF BUDGET ESTIMATES FOR THE YEAR 2023-24 (RESUMPTION)

**ਵਿੱਤ ਮੰਤਰੀ:** ਸਪੀਕਰ ਸਾਹਿਬ

### ਜਲ ਸਪਲਾਈ ਅਤੇ ਸੈਨੀਟੇਸ਼ਨ

143. ਸਾਡੀ ਸਰਕਾਰ ਨੇ ਭੂਮੀਗਤ ਪਾਣੀ ਤੋਂ ਸਤਹ ਅਧਾਰਤ ਜਲ ਸਪਲਾਈ ਵੱਲ ਜਾਣ ਲਈ ਇੱਕ ਨੀਤੀ ਅਪਣਾਈ ਹੈ। ਭਾਰੀ ਧਾਤਾਂ ਅਤੇ ਆਰਸੈਨਿਕ ਦੀ ਮੌਜੂਦਗੀ ਦੇ ਨਾਲ ਖਰਾਬ ਪਾਣੀ ਦੀ ਗੁਣਵੱਤਾ ਵਾਲੇ ਖੇਤਰ ਅਤੇ ਪਾਣੀ ਦੀ ਘਾਟ ਵਾਲੇ ਖੇਤਰ ਤਰਜੀਹੀ ਸੂਚੀ ਵਿੱਚ ਹਨ। 11,859 ਪਿੰਡਾਂ, 146 ਬਲਾਕਾਂ ਅਤੇ 20 ਜ਼ਿਲ੍ਹਿਆਂ ਵਿੱਚ 100% ਸੈਚੁਰੇਸ਼ਨ ਨੂੰ ਯਕੀਨੀ ਬਣਾਇਆ ਗਿਆ ਹੈ ਅਤੇ 170 ਸਰਹੱਦੀ ਪਿੰਡਾਂ ਦੇ 20,471 ਘਰਾਂ ਨੂੰ ਆਰਸੈਨਿਕ ਹਟਾਉਣ ਲਈ ਘਰੇਲੂ ਪਿਊਰੀਫਾਇਰ ਦਿੱਤੇ ਗਏ ਹਨ।

144. ਮੈਂ ਜਲ ਸਪਲਾਈ ਅਤੇ ਸੈਨੀਟੇਸ਼ਨ ਦੇ ਕੰਮਾਂ ਅਤੇ ਪ੍ਰੋਜੈਕਟਾਂ ਵਾਸਤੇ ਵਿੱਤੀ ਸਾਲ 2023-24 ਵਿੱਚ 1,987 ਕਰੋੜ ਰੁਪਏ ਦੀ ਵੰਡ ਦਾ ਪ੍ਰਸਤਾਵ ਰੱਖਦਾ ਹਾਂ ਜੋ ਕਿ ਵਿੱਤੀ ਸਾਲ 2022-23 (ਸੋਧੇ ਅਨੁਮਾਨ) ਨਾਲੋਂ 27% ਦਾ ਵਾਧਾ ਹੈ। ਨਿਮਨਲਿਖਿਤ ਸਕੀਮਾਂ ਲਈ ਬਜਟ ਪ੍ਰਸਤਾਵ ਹੇਠ ਅਨੁਸਾਰ ਹਨ-

i. ਸਵੱਛ ਭਾਰਤ ਮਿਸ਼ਨ (ਗ੍ਰਾਮੀਣ): 400 ਕਰੋੜ ਰੁਪਏ;

ii. ਜਲ ਜੀਵਨ ਮਿਸ਼ਨ: 200 ਕਰੋੜ ਰੁਪਏ;

iii. ਜਲ-ਸਪਲਾਈ ਨਾਲ ਸਬੰਧਿਤ ਬੁਨਿਆਦੀ ਢਾਂਚੇ ਦੀ ਮੁਰੰਮਤ ਅਤੇ ਰੱਖ-ਰਖਾਅ ਲਈ - 20 ਕਰੋੜ ਰੁਪਏ ਅਤੇ

iv. ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵਿਖੇ 40 ਕਰੋੜ ਰੁਪਏ ਦੇ ਨਿਵੇਸ਼ ਨਾਲ ਜਲ ਭਵਨ ਦੀ ਉਸਾਰੀ।

### ਜਲ ਸਰੋਤ

**145.** ਸਾਡੀ ਸਰਕਾਰ ਨਹਿਰੀ ਪਾਣੀ ਨੂੰ ਨਹਿਰੀ ਪ੍ਰਣਾਲੀ ਦੇ ਆਖਰੀ ਸਿਰੇ ਤੱਕ ਪਹੁੰਚਾਉਣਾ ਯਕੀਨੀ ਬਣਾ ਰਹੀ ਹੈ। ਨਹਿਰਾਂ ਦੀ ਸਫ਼ਾਈ ਅਤੇ ਮਜ਼ਬੂਤੀ ਦਾ ਕੰਮ ਜੰਗੀ ਪੱਧਰ 'ਤੇ ਚੱਲ ਰਿਹਾ ਹੈ। ਮੈਂ ਵਿੱਤੀ ਸਾਲ 2023-24 ਵਿੱਚ ਚੱਲ ਰਹੇ ਕੰਮਾਂ ਅਤੇ ਹੋਰ ਨਵੇਂ ਪ੍ਰੋਜੈਕਟਾਂ ਲਈ 2,630 ਕਰੋੜ ਰੁਪਏ ਜੋ ਕਿ ਵਿੱਤੀ ਸਾਲ 2022-23 (ਸੋਧੇ ਅਨੁਮਾਨ) ਤੋਂ 15% ਵੱਧ ਹੈ, ਦੇ ਖਰਚੇ ਦੀ ਤਜਵੀਜ਼ ਕਰਦਾ ਹਾਂ, ਇਸ ਦੇ ਵੇਰਵਿਆਂ ਦੀ ਰੂਪ-ਰੇਖਾ ਹੇਠਾਂ ਦਿੱਤੇ ਪੈਰ੍ਹਿਆਂ ਵਿੱਚ ਦਿੱਤੀ ਗਈ ਹੈ:

**146.** ਮੈਂ ਇਸ ਅਜ਼ੀਮ ਸਦਨ ਨੂੰ ਇਹ ਦੱਸਣ ਵਿਚ ਖੁਸ਼ੀ ਮਹਿਸੂਸ ਕਰ ਰਿਹਾ ਹਾਂ ਕਿ ਕਿਸਾਨਾਂ ਦੀ ਬੜੇ ਲੰਬੇ ਸਮੇਂ ਤੋਂ ਇਹ ਮੰਗ ਸੀ ਕਿ ਫਿਰੋਜ਼ਪੁਰ, ਮਮਦੋਟ, ਗੁਰੂ ਹਰਿ ਸਹਾਇ, ਜਲਾਲਾਬਾਦ ਅਤੇ ਫਾਜ਼ਿਲਕਾ ਦੇ ਸਰਹੱਦੀ ਇਲਾਕਿਆਂ ਵਿਚ ਚਮੜਾ ਉਦਯੋਗ ਦਾ ਗੰਦਾ ਪਾਣੀ ਪੂਰਬੀ ਨਹਿਰਾਂ-ਸਤਲੁਜ ਦਰਿਆ ਦੇ ਪਾਣੀਆਂ ਵਿਚ ਡਿਗਦਾ ਸੀ, ਜਿਸ ਕਾਰਨ ਇਹ ਪਾਣੀ ਪੀਣ ਜਾਂ ਸਿੰਚਾਈ ਲਈ ਵਰਤਣ ਦੇ ਅਯੋਗ ਸੀ; ਜਨਵਰੀ 2023 ਤੋਂ ਕਿਸਾਨਾਂ ਦੀ ਇਸ ਮੰਗ ਦਾ ਵਿਧੀਵੱਤ ਸਮਾਧਾਨ ਕਰ ਦਿੱਤਾ ਗਿਆ ਹੈ ਅਤੇ ਫੀਡਰ ਰਾਹੀਂ ਪੀਣ ਦੇ ਸਾਫ਼ ਪਾਣੀ ਦੀ ਸਪਲਾਈ ਆਰੰਭ ਹੋ ਗਈ ਹੈ ਅਤੇ ਇਸ ਦੀ ਵਰਤੋਂ ਸਿੰਚਾਈ ਲਈ ਵੀ ਕੀਤੀ ਜਾ ਸਕਦੀ ਹੈ। ਇਸ ਤੋਂ ਇਲਾਵਾ ਇਹ ਨਹਿਰਾਂ ਜੋ ਸਿਰਫ਼ ਸਾਉਣੀ ਦੌਰਾਨ ਹੀ ਚਲਦੀਆਂ ਸਨ, ਹੁਣ ਸਾਰਾ ਸਾਲ ਚਲਦੀਆਂ ਰਹਿਣਗੀਆਂ।

### ਨਹਿਰੀ ਪ੍ਰਬੰਧਨ

**147.** ਸਰਹਿੰਦ ਫੀਡਰ ਅਤੇ ਰਾਜਸਥਾਨ ਫੀਡਰ ਦੀ ਰੀਲਾਈਨਿੰਗ: ਸਾਲ 2019-20 ਤੋਂ ਹੁਣ ਤੱਕ, ਸਰਹਿੰਦ ਫੀਡਰ ਦੇ ਲਗਭਗ 84 ਕਿਲੋਮੀਟਰ ਅਤੇ ਰਾਜਸਥਾਨ ਫੀਡਰ ਦੇ 62 ਕਿਲੋਮੀਟਰ ਦੀ ਰੀਲਾਈਨਿੰਗ ਅਤੇ ਪੱਕੇ ਢਾਂਚੇ ਦਾ ਕੰਮ ਕ੍ਰਮਵਾਰ 500 ਕਰੋੜ ਰੁਪਏ ਅਤੇ 735 ਕਰੋੜ ਰੁਪਏ ਦੀ ਲਾਗਤ ਨਾਲ ਪੂਰਾ ਕਰ ਲਿਆ ਗਿਆ ਹੈ। ਵਿੱਤੀ ਸਾਲ 2023-24 ਦੌਰਾਨ, ਕ੍ਰਮਵਾਰ 16 ਕਿਲੋਮੀਟਰ ਅਤੇ 34 ਕਿਲੋਮੀਟਰ ਦੀ

ਬਾਕੀ ਦੀ ਲੰਬਾਈ ਲਈ ਰੀਲਾਈਨਿੰਗ ਅਤੇ ਪੱਕੇ ਢਾਂਚੇ ਦਾ ਕੰਮ ਕੀਤਾ ਜਾਵੇਗਾ।

**148. ਲਿਫਟ ਸਿੰਚਾਈ ਯੋਜਨਾ:** ਸ੍ਰੀ ਅਨੰਦਪੁਰ ਸਾਹਿਬ ਜ਼ਿਲ੍ਹੇ ਵਿੱਚ ਸਿੰਚਾਈ ਸਹੂਲਤਾਂ ਪ੍ਰਦਾਨ ਕਰਨ ਲਈ 03 ਲਿਫਟ ਸਿੰਚਾਈ ਕਾਰਜਾਂ ਵਿੱਚੋਂ, ਇੱਕ ਮੁਕੰਮਲ ਹੋ ਚੁੱਕਾ ਹੈ ਅਤੇ ਦੂਜਾ ਉਸਾਰੀ ਅਧੀਨ ਹੈ ਅਤੇ ਮਾਰਚ, 2023 ਤੱਕ ਇਸ ਦੇ ਮੁਕੰਮਲ ਹੋਣ ਦੀ ਉਮੀਦ ਹੈ। ਮੈਂ ਵਿੱਤੀ ਸਾਲ 2023-24 ਵਿੱਚ ਤੀਜੇ ਲਿਫਟ ਸਿੰਚਾਈ ਦੇ ਕੰਮ ਲਈ 80 ਕਰੋੜ ਰੁਪਏ ਦੀ ਵੰਡ ਦਾ ਪ੍ਰਸਤਾਵ ਰੱਖਦਾ ਹਾਂ।

**149. ਡਿਸਟਰੀਬਿਊਟਰੀ ਸਿਸਟਮ ਦੀ ਕੰਕਰੀਟ ਲਾਈਨਿੰਗ:** ਮੈਂ, ਵਿੱਤੀ ਸਾਲ 2023-24 ਵਿੱਚ ਅਰਨੌਲੀ ਡਿਸਟਰੀਬਿਊਟਰੀ, ਭਵਾਨੀਗੜ੍ਹ ਡਿਸਟਰੀਬਿਊਟਰੀ, ਖੰਨਾ ਡਿਸਟਰੀਬਿਊਟਰੀ; ਨਵਾਦਾ ਡਿਸਟਰੀਬਿਊਟਰੀ ਸਿਸਟਮ ਦੀ ਕੰਕਰੀਟ ਲਾਈਨਿੰਗ ਸ਼ੁਰੂ ਕਰਨ ਲਈ 309 ਕਰੋੜ ਰੁਪਏ ਦੀ ਵੰਡ ਦੀ ਤਜਵੀਜ਼ ਰੱਖਦਾ ਹਾਂ। ਇਨ੍ਹਾਂ ਤੋਂ ਇਲਾਵਾ, ਵਿੱਤੀ ਸਾਲ 2023-24 ਲਈ ਨਰਾਇਣਗੜ੍ਹ ਮਾਈਨਰ ਦੇ ਆਧੁਨਿਕੀਕਰਨ; ਕੰਗਨਵਾਲ ਡਿਸਟਰੀਬਿਊਟਰੀ ਸਿਸਟਮ ਆਦਿ ਦੇ ਮੁੜ ਵਸੇਬੇ ਆਦਿ ਦੀ ਤਜਵੀਜ਼ ਦਾ ਪ੍ਰਸਤਾਵ ਰੱਖਦਾ ਹਾਂ।

## ਸਥਾਨਕ ਸਰਕਾਰ ਅਤੇ ਸ਼ਹਿਰੀ ਵਿਕਾਸ

150. ਵਧਦੇ ਸ਼ਹਿਰੀਕਰਨ ਦੀ ਸਾਂਭ-ਸੰਭਾਲ ਅਤੇ ਵਿਸ਼ਵ ਪੱਧਰੀ ਯੋਜਨਾਬੱਧ ਸ਼ਹਿਰਾਂ ਨੂੰ ਵਿਕਸਤ ਕਰਨ ਲਈ, ਸ਼ਹਿਰੀ ਵਿਕਾਸ ਅਥਾਰਟੀਆਂ ਨੂੰ ਆਪਣੇ ਅਧਿਕਾਰ ਖੇਤਰ ਅਧੀਨ ਨਵੇਂ ਸ਼ਹਿਰਾਂ ਲਈ ਆਪਣੀਆਂ ਯੋਜਨਾਵਾਂ ਤਿਆਰ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ।

151. ਇਸ ਸਬੰਧ ਵਿੱਚ, ਗ੍ਰੇਟਰ ਮੁਹਾਲੀ ਏਰੀਆ ਡਿਵੈਲਪਮੈਂਟ ਅਥਾਰਟੀ ਦੁਆਰਾ 1,600 ਏਕੜ ਦੇ ਖੇਤਰ ਵਿੱਚ ਇਕ ਰਿਹਾਇਸ਼ੀ, ਵਪਾਰਕ ਅਤੇ ਉਦਯੋਗਿਕ ਪਲਾਟਾਂ ਦੇ ਵਿਕਾਸ ਲਈ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵਿਖੇ ਇੱਕ ਨਵਾਂ ਅਰਬਨ ਅਸਟੇਟ ਵਿਕਸਿਤ ਕੀਤਾ ਜਾ ਰਿਹਾ ਹੈ।

152. ਨਿਊ ਚੰਡੀਗੜ੍ਹ ਵਿੱਚ 1000 ਏਕੜ ਦੇ ਖੇਤਰ ਵਿਚ ਘੱਟ ਘਣਤਾ ਵਾਲੀ ਈਕੋ ਸਿਟੀ-3 ਨਾਮਕ ਅਰਬਨ ਅਸਟੇਟ ਡਿਜ਼ਾਈਨ ਕਰਨ ਲਈ ਜ਼ਮੀਨ ਹਾਸਲ ਕਰਨ ਦਾ ਅਮਲ ਸ਼ੁਰੂ ਕਰ ਦਿੱਤਾ ਹੈ।

153. ਵਿੱਤੀ ਸਾਲ 2023-24 ਵਿੱਚ ਗ੍ਰੇਟਰ ਲੁਧਿਆਣਾ ਏਰੀਆ ਡਿਵੈਲਪਮੈਂਟ ਅਥਾਰਟੀ ਦੁਆਰਾ 1,600 ਏਕੜ ਜ਼ਮੀਨ ਉੱਤੇ ਲੁਧਿਆਣਾ ਵਿੱਚ ਇੱਕ ਅਰਬਨ ਅਸਟੇਟ ਡਿਜ਼ਾਈਨ ਕੀਤਾ ਜਾਵੇਗਾ ਅਤੇ ਬਠਿੰਡਾ

ਡਿਵੈਲਪਮੈਂਟ ਅਥਾਰਟੀ ਦੁਆਰਾ ਬਠਿੰਡਾ ਵਿੱਚ ਵੀ ਲਗਭੱਗ 200 ਏਕੜ ਦੀ ਇੱਕ ਟਾਊਨਸ਼ਿਪ ਵਿਕਸਤ ਕੀਤੀ ਜਾਵੇਗੀ।

154. ਇਹ ਜ਼ਿਕਰਯੋਗ ਹੈ ਕਿ ਸਰਕਾਰ ਨੇ ਭੂਮੀ ਵਰਤੋਂ ਵਿੱਚ ਤਬਦੀਲੀ, ਮੁਕੰਮਲਤਾ ਸਰਟੀਫਿਕੇਟ, ਲੇਅ-ਆਊਟ ਅਤੇ ਬਿਲਡਿੰਗ ਪਲਾਨ ਦੇਣ ਲਈ ਵਿਕਾਸ ਅਥਾਰਟੀਆਂ ਦੇ ਪੱਧਰ ਤੱਕ ਸ਼ਕਤੀਆਂ ਦਾ ਵਿਕੇਂਦਰੀਕਰਨ ਕੀਤਾ ਹੈ। ਪ੍ਰਕਿਰਿਆ ਨੂੰ ਸਰਲ ਬਣਾਉਣ ਲਈ ਅਜਿਹਾ ਇੱਕ ਹੋਰ ਕਦਮ ਚੁੱਕਦੇ ਹੋਏ, ਇਮਾਰਤੀ ਯੋਜਨਾਵਾਂ ਦੀ ਪ੍ਰਵਾਨਗੀ ਅਤੇ ਇਕਹਿਰੇ ਉਦਯੋਗਾਂ ਨੂੰ ਮੁਕੰਮਲਤਾ ਸਰਟੀਫਿਕੇਟ ਦੇਣ ਦਾ ਅਧਿਕਾਰ ਡਾਇਰੈਕਟਰ, ਫੈਕਟਰੀਜ਼ ਨੂੰ ਸੌਂਪਿਆ ਗਿਆ ਹੈ।

155. ਵਰਲਡ ਬੈਂਕ ਦੀ ਤਾਜ਼ਾ ਰਿਪੋਰਟ ਮੁਤਾਬਕ ਜੇਕਰ ਭਾਰਤ ਤੇਜ਼ੀ ਨਾਲ ਵਧ ਰਹੀ ਸ਼ਹਿਰੀ ਆਬਾਦੀ ਦੀਆਂ ਲੋੜਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪੂਰਾ ਕਰਨਾ ਚਾਹੁੰਦਾ ਹੈ ਤਾਂ ਇਸ ਨੂੰ ਅਗਲੇ 15 ਸਾਲਾਂ ਵਿੱਚ ਸ਼ਹਿਰੀ ਬੁਨਿਆਦੀ ਢਾਂਚੇ ਵਿੱਚ 840 ਬਿਲੀਅਨ ਡਾਲਰ ਨਿਵੇਸ਼ ਕਰਨ ਦੀ ਲੋੜ ਹੋਵੇਗੀ। ਇਸ ਹਕੀਕਤ ਨੂੰ ਸਮਝਦੇ ਹੋਏ ਸਾਡੀ ਸਰਕਾਰ ਸ਼ਹਿਰੀ ਵਿਕਾਸ ਅਤੇ ਸਥਾਨਕ ਸੰਸਥਾਵਾਂ ਨੂੰ ਮਜ਼ਬੂਤ ਕਰਨ ’ਤੇ ਧਿਆਨ ਦੇ ਰਹੀ ਹੈ। ਵਿੱਤੀ ਸਾਲ 2023-24 ਵਿੱਚ ਸਥਾਨਕ ਸਰਕਾਰ ਅਤੇ ਸ਼ਹਿਰੀ ਵਿਕਾਸ ਲਈ 6,596 ਕਰੋੜ ਰੁਪਏ ਦੇ ਬਜਟ ਦਾ ਪ੍ਰਸਤਾਵ ਰੱਖਦਾ ਹਾਂ।

156. ਇਸ ਵਿੱਚੋਂ ਅਮਰੁਤ ਸਕੀਮ ਤਹਿਤ 1,149 ਕਰੋੜ ਰੁਪਏ, ਸਵੱਛ ਭਾਰਤ ਮਿਸ਼ਨ (ਸ਼ਹਿਰੀ) ਤਹਿਤ 425 ਕਰੋੜ ਰੁਪਏ ਦਾ ਉਪਬੰਧ ਕਰਨ ਦੀ ਤਜਵੀਜ਼ ਹੈ। ਇਸ ਤੋਂ ਅੱਗੇ ਸਤਹੀ ਜਲ ਸਪਲਾਈ ਲੁਧਿਆਣਾ ਅਤੇ ਅਮ੍ਰਿਤਸਰ ਲਈ 460 ਕਰੋੜ ਰੁਪਏ, ਪ੍ਰਧਾਨ ਮੰਤਰੀ ਅਵਾਸ ਯੋਜਨਾ ਸਹਿਰੀ ਲਈ 412 ਕਰੋੜ ਰੁਪਏ, ਪੰਜਾਬ ਮਿਊਂਸਪਲ ਡਿਵੈਲਪਮੈਂਟ ਫੰਡ ਵਾਸਤੇ 250 ਕਰੋੜ ਰੁਪਏ ਅਤੇ ਬੀ.ਆਰ.ਟੀ.ਐਸ ਅਮ੍ਰਿਤਸਰ ਲਈ ਸ਼ੁਰੂਆਤੀ 5 ਕਰੋੜ ਰੁਪਏ ਦੇ ਉਪਬੰਧ ਦਾ ਪ੍ਰਸਤਾਵ ਰਖਦਾ ਹਾਂ।

## ਮਾਈਨਿੰਗ

157. ਪਹਿਲੀ ਵਾਰ ਸਰਕਾਰ ਨੇ ਜ਼ਿਲ੍ਹਾ ਲੁਧਿਆਣਾ, ਫਾਜ਼ਿਲਕਾ, ਤਰਨਤਾਰਨ, ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਰੂਪਨਗਰ ਅਤੇ ਸ਼ਹੀਦ ਭਗਤ ਸਿੰਘ ਨਗਰ ਵਿੱਚ 33 ਜਨਤਕ ਮਾਈਨਿੰਗ ਸਥਾਨਾਂ ਨੂੰ ਆਮ ਲੋਕਾਂ ਲਈ ਰੇਤੇ ਦੀ ਵਰਤੋਂ ਲਈ ਸ਼ੁਰੂ ਕੀਤਾ ਹੈ ਅਤੇ ਹੋਰ 117 ਜਨਤਕ ਮਾਈਨਿੰਗ ਸਾਈਟਾਂ ਜਲਦ ਹੀ ਸ਼ੁਰੂ ਹੋ ਜਾਣਗੀਆਂ। ਇਸ ਦੇ ਨਾਲ ਹੀ, ਨਿਊ ਪੰਜਾਬ ਸਟੇਟ ਸੈਂਡ ਐਂਡ ਗ੍ਰੇਵਲ ਮਾਈਨਿੰਗ ਪਾਲਿਸੀ, 2023 ਨੂੰ

ਨੋਟੀਫਾਈ ਕੀਤਾ ਗਿਆ ਹੈ ਜਿਸ ਰਾਹੀਂ ਸਰਕਾਰ ਨੇ ਰੇਤੇ ਅਤੇ ਬਜਰੀ ਨੂੰ ਲੋਕਾਂ ਲਈ ਕਿਫਾਇਤੀ ਰੇਟਾਂ ਤੇ ਉਪਲਬੱਧ ਕਰਵਾਉਣ ਲਈ ਪਿਟ ਹੈੱਡ ਰੇਟ 9 ਰੁਪਏ/ਪ੍ਰਤੀ ਘਣ ਫੁੱਟ ਤੋਂ ਘਟਾ ਕੇ 5.5 ਰੁਪਏ/ਪ੍ਰਤੀ ਘਣ ਫੁੱਟ ਕਰ ਦਿੱਤਾ ਹੈ।

158. ਉਪਰੋਕਤ ਤੋਂ ਇਲਾਵਾ, ਰਾਜ ਵਿੱਚ ਸਾਰੇ ਵਾਹਨ ਜਿਹੜੇ ਮਾਈਨਰ ਖਣਿਜ ਅਤੇ ਮਾਈਨਿੰਗ ਗਤੀਵਿਧੀਆਂ ਵਿੱਚ ਸ਼ਾਮਲ ਹਨ, ਨੂੰ ਰਜਿਸਟਰ ਕੀਤਾ ਜਾਵੇਗਾ ਅਤੇ ਹੁਣ ਤੱਕ 4,400 ਤੋਂ ਵੱਧ ਵਾਹਨ ਰਜਿਸਟਰ ਕੀਤੇ ਜਾ ਚੁੱਕੇ ਹਨ। ਦੂਜੇ ਰਾਜਾਂ ਨਾਲ ਸਰਹੱਦਾਂ ਸਾਂਝੀਆਂ ਕਰਨ ਵਾਲੇ ਜ਼ਿਲ੍ਹਿਆਂ ਵਿੱਚ 27 ਅੰਤਰ-ਰਾਜ਼ੀ ਜਾਂਚ ਚੌਕੀਆਂ ਡਿਜ਼ਾਈਨ ਕੀਤੀਆਂ ਗਈਆਂ ਹਨ; ਗੈਰ-ਕਾਨੂੰਨੀ ਮਾਈਨਿੰਗ ਜਾਂ ਵੱਧ ਦਰ ਵਸੂਲਣ ਸਬੰਧਿਤ ਸ਼ਿਕਾਇਤਾਂ ਦਰਜ ਕਰਨ ਲਈ ਇੱਕ ਟੋਲ ਫ੍ਰੀ ਨੰਬਰ ਵੀ ਜਾਰੀ ਕੀਤਾ ਗਿਆ ਹੈ।

## ਟਰਾਂਸਪੋਰਟ

159. ਟਰਾਂਸਪੋਰਟ ਦੇ ਖੇਤਰ ਵਿੱਚ ਵੱਡੇ ਸੁਧਾਰਾਂ ਦੀ ਸ਼ੁਰੂਆਤ ਕੀਤੀ ਗਈ ਹੈ। ਸਾਡੀ ਸਰਕਾਰ ਵੱਲੋਂ ਪੰਜਾਬ ਇਲੈਕਟ੍ਰਿਕ ਵਹੀਕਲ ਪਾਲਿਸੀ ਨੂੰ ਹਾਲ ਹੀ ਵਿਚ ਨੋਟੀਫਾਈ ਕੀਤਾ ਜਾ ਚੁੱਕਾ ਹੈ। ਇਸ ਦਾ ਉਦੇਸ਼ ਇਲੈਕਟ੍ਰਿਕ ਵਾਹਨਾਂ ਦੀ ਵਰਤੋਂ ਨੂੰ ਉਤਸ਼ਾਹਿਤ ਕਰਨਾ ਹੈ। ਸਰਕਾਰ ਨੇ ਪੁਰਾਣੇ ਵਾਹਨਾਂ ਨੂੰ ਸਕ੍ਰੈਪ ਕਰਨ ਲਈ ਰਜਿਸਟਰਡ ਵਾਹਨ ਸਕ੍ਰੈਪਿੰਗ ਸਹੂਲਤ ਲਾਗੂ ਕੀਤੀ ਹੈ। ਸਕ੍ਰੈਪਿੰਗ ਸਹੂਲਤ ਡਿਜ਼ਾਈਨ ਕਰਨ ਲਈ ਸੰਭਾਵਿਤ ਸਥਾਨਾਂ ਦੀ ਪਛਾਣ ਕਰ ਲਈ ਗਈ ਹੈ ਅਤੇ ਵਿੱਤੀ ਸਾਲ 2023-24 ਵਿੱਚ ਇਨ੍ਹਾਂ ਨੂੰ ਕਾਰਜਸ਼ੀਲ ਬਣਾਇਆ ਜਾਵੇਗਾ। ਸਰਕਾਰ ਨੇ ਵਿੱਤੀ ਸਾਲ 2023-24 ਵਿੱਚ ਪੀਆਰਟੀਸੀ ਅਤੇ ਪੰਜਾਬ ਰੋਡਵੇਜ਼ ਦੇ ਸਾਰੇ ਡਿਪੂਆਂ ਵਿੱਚ ਏਕੀਕ੍ਰਿਤ ਡਿਪੂ ਪ੍ਰਬੰਧਨ ਪ੍ਰਣਾਲੀ ਸ਼ੁਰੂ ਕਰਨ ਦਾ ਪ੍ਰਸਤਾਵ ਰੱਖਿਆ ਹੈ।

160. ਵਪਾਰਕ ਵਾਹਨਾਂ ਵਿਚ ਅਤਿ-ਆਧੁਨਿਕ ਉਪਕਰਣਾਂ ਦੀ ਫਿਟਨੈਸ ਦੀ ਜਾਂਚ ਲਈ, ਸਰਕਾਰ ਰਾਜ ਵਿੱਚ ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਪਟਿਆਲਾ, ਬਠਿੰਡਾ, ਲੁਧਿਆਣਾ, ਫਰੀਦਕੋਟ ਅਤੇ ਅੰਮ੍ਰਿਤਸਰ ਵਿਖੇ ਬਿਲਡ, ਓਨ ਐਂਡ ਆਪਰੇਟ ਦੇ ਆਧਾਰ 'ਤੇ 6 ਆਟੋਮੋਟਿਵ ਟੈਸਟਿੰਗ ਸਟੇਸ਼ਨਾਂ ਨੂੰ ਡਿਜ਼ਾਈਨ ਕਰਨ ਦਾ ਪ੍ਰਸਤਾਵ ਰੱਖਦੀ ਹੈ।

161. ਮੈਂ ਟਰਾਂਸਪੋਰਟ ਦੇ ਖੇਤਰ ਲਈ 567 ਕਰੋੜ ਰੁਪਏ ਦੇ ਬਜਟ ਦਾ ਪ੍ਰਸਤਾਵ ਰੱਖਦਾ ਹਾਂ ਜੋ ਵਿੱਤੀ ਸਾਲ 2022-23 (ਬਜਟ ਅਨੁਮਾਨ) ਨਾਲੋਂ 42% ਦਾ ਵਾਧਾ ਹੈ ਜਿਸ ਅਧੀਨ ਰਾਜ ਵਿੱਚ 28 ਬੱਸ ਸਟੈਂਡਾਂ ਦੀ ਪੜਾਅਵਾਰ ਸਥਾਪਨਾ / ਅੱਪਗ੍ਰੇਡੇਸ਼ਨ ਲਈ 35 ਕਰੋੜ ਰੁਪਏ ਅਤੇ ਪੰਜਾਬ ਸਟੇਟ ਰੋਡ ਸੇਫਟੀ ਫੰਡ

ਲਈ 48 ਕਰੋੜ ਰੁਪਏ ਦੇ ਉਪਬੰਧ ਦਾ ਪ੍ਰਸਤਾਵ ਰੱਖਦਾ ਹਾਂ।

ਬਿਜਲੀ

162. ਇਸ ਸਾਲ ਦੇਸ਼ ਵਿਆਪੀ ਕੋਲਾ ਸੰਕਟ ਦੇ ਬਾਵਜੂਦ, ਪੰਜਾਬ ਨੇ ਅਪ੍ਰੈਲ-ਸਤੰਬਰ, 2022 ਦੌਰਾਨ 14,311 ਮੈਗਾਵਾਟ ਦੀ ਆਪਣੀ ਹੁਣ ਤੱਕ ਦੀ ਸਭ ਤੋਂ ਵੱਡੀ ਮੰਗ ਨੂੰ ਪੂਰਾ ਕੀਤਾ ਹੈ, ਜੋ ਕਿ ਪਿਛਲੇ ਸਾਲ ਦੇ ਮੁਕਾਬਲੇ 13% ਦਾ ਵਾਧਾ ਹੈ। ਸਾਡੀ ਸਰਕਾਰ ਨੇ ਪਾਵਰ ਪਲਾਂਟਾਂ ਵਿੱਚ ਕੋਲੇ ਦੀ ਗੰਭੀਰ ਘਾਟ ਦੇ ਬਾਵਜੂਦ, ਖੇਤੀਬਾੜੀ ਖਪਤਕਾਰਾਂ ਨੂੰ ਨਿਯਮਿਤ 8 ਘੰਟੇ ਬਿਜਲੀ ਸਪਲਾਈ ਯਕੀਨੀ ਬਣਾਈ ਹੈ।

163. ਮੈਂ ਇਸ ਅਜ਼ੀਮ ਸਦਨ ਨੂੰ ਦੱਸਣਾ ਚਾਹੁੰਦਾ ਹਾਂ ਕਿ ਸਾਡੀ ਸਰਕਾਰ ਨੇ ਪੀ.ਐਸ.ਪੀ.ਸੀ.ਐਲ. ਨੂੰ ਸਬਸਿਡੀ ਦੀ ਨਿਯਮਤ ਅਦਾਇਗੀ ਕੀਤੀ। ਇਸ ਤੋਂ ਪਹਿਲਾਂ ਪੀ.ਐਸ.ਪੀ.ਸੀ.ਐਲ ਵੱਲੋਂ ਕੀਤੀ ਸਬਸਿਡੀ ਦੀ ਮੰਗ ਕਦੇ ਵੀ ਸਮੇਂ ਸਿਰ ਪੂਰੀ ਨਹੀਂ ਹੁੰਦੀ ਸੀ। ਵਿੱਤੀ ਸਾਲ 2023-24 ਲਈ ਘਰੇਲੂ ਖਪਤਕਾਰਾਂ ਨੂੰ ਬਿਜਲੀ ਸਬਸਿਡੀ ਦੇਣ ਲਈ 7,780 ਕਰੋੜ ਰੁਪਏ ਦੇ ਉਪਬੰਧ ਦਾ ਪ੍ਰਸਤਾਵ ਰੱਖਦਾ ਹਾਂ।

164. ਮਾਣਯੋਗ ਮੁੱਖ ਮੰਤਰੀ, ਸਰਦਾਰ ਭਗਵੰਤ ਸਿੰਘ ਮਾਨ ਜੀ ਦੇ ਯਤਨਾਂ ਸਦਕਾ, ਪੰਜਾਬ ਦੀ ਪਛਵਾੜਾ ਕੋਲ ਖਾਣ, ਜੋ ਕਿ ਪਿਛਲੇ 7 ਸਾਲਾਂ ਤੋਂ ਬੰਦ ਸੀ, ਸੁਰੂ ਹੋ ਗਈ ਹੈ। ਇਸ ਖਾਣ ਦੇ ਸ਼ੁਰੂ ਹੋਣ ਨਾਲ, ਪੀ.ਐਸ.ਪੀ.ਸੀ.ਐਲ. ਲਗਭਗ 250 ਕਰੋੜ ਰੁਪਏ ਪ੍ਰਤੀ ਸਾਲ ਦੀ ਬੱਚਤ ਕਰ ਸਕੇਗਾ।

165. ਪੀ.ਐੱਸ.ਪੀ.ਸੀ.ਐੱਲ. ਨੂੰ ਸੁਧਾਰ-ਅਧਾਰਿਤ ਅਤੇ ਰਿਜ਼ਲਟ-ਲਿੰਕਡ ਰੀਵੈਮਪਡ ਡਿਸਟ੍ਰੀਬਿਊਸ਼ਨ ਸੈਕਟਰ ਸਕੀਮ (ਆਰ.ਡੀ.ਐਸ.ਐਸ.) ਸ਼ੁਰੂ ਕਰਨ ਲਈ ਪ੍ਰਵਾਨਗੀ ਦਿੱਤੀ ਗਈ ਹੈ। ਸਾਡੀ ਸਰਕਾਰ ਅਗਲੇ 5 ਸਾਲਾਂ ਵਿੱਚ ਪੀ.ਐੱਸ.ਪੀ.ਸੀ.ਐੱਲ ਨੂੰ 9,000 ਕਰੋੜ ਰੁਪਏ ਤੋਂ ਵੱਧ ਦੀ ਬਕਾਇਆ ਸਬਸਿਡੀ ਦੀ ਅਦਾਇਗੀ ਨੂੰ ਕਲੀਅਰ ਕਰਨ ਲਈ ਵਚਨਬੱਧ ਹੈ। ਇਹ ਬਕਾਇਆ ਸਿਬਸਿਡੀ ਸੰਨ 2014-15 ਤੋਂ ਇੱਕਠੀ ਹੋ ਰਹੀ ਸੀ। ਆਰ.ਡੀ.ਐਸ.ਐਸ. ਦੇ ਤਹਿਤ, 9,642 ਕਰੋੜ ਰੁਪਏ ਦੀ ਰਕਮ ਨਾਲ ਡਿਸਟ੍ਰੀਬਿਊਸ਼ਨ ਬੁਨਿਆਦੀ ਢਾਂਚੇ ਦੇ ਕੰਮ ਅਤੇ ਮੀਟਰਿੰਗ ਦੇ ਕੰਮ ਜਿਵੇਂ ਕਿ ਮਿਕਸਡ ਫੀਡਰਾਂ ਨੂੰ ਵੱਖ ਕਰਨਾ, ਫੀਡਰਾਂ ਦੀ ਵੰਡ, ਨਵੇਂ ਡਿਸਟ੍ਰੀਬਿਊਸ਼ਨ ਟਰਾਂਸਫਾਰਮਰ (ਡੀ.ਟੀ) ਆਦਿ 5 ਸਾਲਾਂ ਦੀ ਮਿਆਦ ਵਿੱਚ ਕੀਤੇ ਜਾਣਗੇ। ਸਾਡੀ ਸਰਕਾਰ ਵਿੱਤੀ ਸਾਲ 2022-23 ਦੌਰਾਨ ਬਿਜਲੀ ਸਬਸਿਡੀ ਅਤੇ ਉਸ ਉੱਤੇ ਵਿਆਜ ਦੇ ਬਕਾਏ ਕ੍ਰਮਵਾਰ 1,804 ਕਰੋੜ ਰੁਪਏ ਅਤੇ 664 ਕਰੋੜ ਰੁਪਏ ਪਹਿਲਾਂ ਹੀ ਅਦਾ ਕਰ ਚੁੱਕੀ ਹੈ।

ਨਵੇਂ ਅਤੇ ਨਵਿਆਉਣਯੋਗ ਊਰਜਾ ਸਰੋਤ

166. ਮੌਜੂਦਾ ਨਵਿਆਉਣਯੋਗ ਊਰਜਾ ਦੀ ਸਥਾਪਿਤ ਸਮਰੱਥਾ 2,227 ਮੈਗਾਵਾਟ ਹੈ ਜੋ ਕਿ ਰਾਜ ਦੀ ਕੁੱਲ ਸਥਾਪਿਤ ਸਮਰੱਥਾ ਦਾ ਲਗਭਗ 16% ਹੈ। ਸਵੱਛ ਊਰਜਾ ਸਰੋਤਾਂ ਲਈ ਰਾਸ਼ਟਰੀ ਏਜੰਡੇ ਦੇ ਅਨੁਸਾਰ 2030 ਤੱਕ ਨਵਿਆਉਣਯੋਗ ਊਰਜਾ ਸਮਰੱਥਾ ਨੂੰ ਸਥਾਪਿਤ ਸਮਰੱਥਾ ਦੇ 50% ਤੱਕ ਵਧਾਉਣ ਲਈ ਲੋੜੀਂਦੇ ਉਪਾਅ ਕੀਤੇ ਜਾ ਰਹੇ ਹਨ।

167. ਸਾਡੀ ਸਰਕਾਰ ਕੰਪਰੈੱਸਡ ਬਾਇਓਗੈਸ ਪ੍ਰੋਜੈਕਟਾਂ ਦੇ ਵਿਕਾਸ ਲਈ ਤੇਜੀ ਨਾਲ ਅੱਗੇ ਵਧ ਰਹੀ ਹੈ ਜੋ 16.54 ਮਿਲੀਅਨ ਟਨ ਪ੍ਰਤੀ ਸਾਲ ਦੀ ਵਾਧੂ ਝੋਨੇ ਦੀ ਪਰਾਲੀ ਦੀ ਵਰਤੋਂ ਕਰ ਸਕਦੇ ਹਨ। ਸਰਕਾਰ ਦਾ ਟੀਚਾ ਸਾਲ 2030 ਤੱਕ ਸੀ.ਬੀ.ਜੀ. ਪ੍ਰੋਜੈਕਟਾਂ ਵਿੱਚ ਝੋਨੇ ਦੀ ਪਰਾਲੀ ਦੀ ਵਰਤੋਂ ਨੂੰ 5 ਤੋਂ 6 ਮਿਲੀਅਨ ਟਨ ਤੱਕ ਵਧਾਉਣ ਲਈ ਲੋੜੀਂਦੇ ਕਦਮ ਚੁੱਕਣ ਦਾ ਹੈ।

168. 'ਆਪ' ਸਰਕਾਰ 2030 ਤੱਕ ਸੂਬੇ ਦੇ ਸਮੁੱਚੇ ਖੇਤੀ ਪੰਪ ਸੈੱਟਾਂ ਨੂੰ ਸੋਲਰਾਈਜ਼ ਕਰਨ ਦੇ ਮਿਸ਼ਨ ਦੇ ਮੱਦੇਨਜ਼ਰ ਅਗਲੇ ਪੰਜ ਸਾਲਾਂ ਵਿੱਚ ਡੀਜ਼ਲ ਆਧਾਰਿਤ ਸਾਰੇ ਖੇਤੀ ਪੰਪ ਸੈੱਟਾਂ ਨੂੰ ਸੋਲਰਾਈਜ਼ ਕਰਨ ਦਾ ਇਰਾਦਾ ਰੱਖਦੀ ਹੈ।

**ਸਿਵਲ ਏਵੀਏਸ਼ਨ**

169. ਵਿਸ਼ਵ ਪੱਧਰ ਤੇ ਸੰਪਰਕ, ਕਿਸੇ ਵੀ ਰਾਜ ਲਈ ਨਵੇਂ ਰਸਤੇ ਖੋਲਦਾ ਹੈ ਅਤੇ ਨਵੇਂ ਅਵਸਰ ਲਿਆਉਂਦਾ ਹੈ। ਪੰਜਾਬ ਖੁਸ਼ਕਿਸਮਤ ਹੈ ਕਿ ਦੁਨੀਆਂ ਭਰ ਵਿੱਚ ਵੱਡੀ ਗਿਣਤੀ ਵਿੱਚ ਪੰਜਾਬੀ ਭਾਈਚਾਰਾ ਵੱਸਦਾ ਹੈ। ਉਪਰੋਕਤ ਨੂੰ ਧਿਆਨ ਵਿੱਚ ਰੱਖਦੇ ਹੋਏ, ਅਤੇ ਸਾਡੇ ਹਵਾਈ ਅੱਡਿਆਂ 'ਤੇ ਵੱਧ ਰਹੀ ਯਾਤਰੀਆਂ ਦੀ ਗਿਣਤੀ ਨੂੰ ਧਿਆਨ ਵਿੱਚ ਰੱਖਦੇ ਹੋਏ, ਸ਼ਹੀਦ ਭਗਤ ਸਿੰਘ ਅੰਤਰਰਾਸ਼ਟਰੀ ਹਵਾਈ ਅੱਡਾ, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਦੇ ਟਰਮੀਨਲ ਬਿਲਡਿੰਗ ਦੇ ਦੂਜੇ ਪੜਾਅ ਦੇ ਨਿਰਮਾਣ ਤੇ ਸਰਗਰਮੀ ਨਾਲ ਵਿਚਾਰ ਹੋ ਰਿਹਾ ਹੈ। ਸਾਡੀ ਸਰਕਾਰ ਨੇ ਇੰਡੀਅਨ ਏਅਰ ਫੋਰਸ ਸਟੇਸ਼ਨ, ਹਲਵਾਰਾ, ਲੁਧਿਆਣਾ ਵਿਖੇ ਟਰਮੀਨਲ ਬਿਲਡਿੰਗ ਦੇ ਵਿਕਾਸ ਲਈ 57 ਕਰੋੜ ਰੁਪਏ ਦਾ ਯੋਗਦਾਨ ਦੇਣ ਦਾ ਫੈਸਲਾ ਕੀਤਾ ਹੈ ਅਤੇ ਇਹ ਕੰਮ ਮਈ, 2023 ਤੱਕ ਪੂਰਾ ਹੋਣ ਅਤੇ ਦਸੰਬਰ, 2023 ਤੱਕ ਉਡਾਣਾਂ ਸ਼ੁਰੂ ਹੋਣ ਦੀ ਉਮੀਦ ਹੈ।

170. ਸਰਕਾਰ ਨੇ ਸ਼ਹੀਦ ਭਗਤ ਸਿੰਘ ਅੰਤਰਰਾਸ਼ਟਰੀ ਹਵਾਈ ਅੱਡਾ, ਸਾਹਿਬਜ਼ਾਦਾ ਅਜੀਤ ਸਿੰਘ ਨਗਰ

ਵਿਖੇ ਏਅਰ ਕਾਰਗੋ ਸੁਵਿਧਾਵਾਂ ਦਾ ਵਿਸਤਾਰ ਕਰਨ ਅਤੇ ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡਾ, ਅੰਮ੍ਰਿਤਸਰ ਵਿਖੇ ਪੈਰੀਸ਼ੇਬਲ ਕਾਰਗੋ ਕੰਪਲੈਕਸ ਨੂੰ ਸ਼ੁਰੂ ਕਰਨ ਲਈ ਏਅਰਪੋਰਟ ਅਥਾਰਟੀ ਆਫ ਇੰਡੀਆ ਕਾਰਗੋ ਐਂਡ ਲੌਜਿਸਟਿਕ ਅਲਾਈਡ ਸਰਵਿਸਿਜ਼ ਕੰਪਨੀ ਲਿਮਟਿਡ (ਏ.ਏ.ਆਈ.ਸੀ.ਐਲ.ਏ.ਐਸ.) ਨਾਲ ਦੋ ਵੱਖ-ਵੱਖ ਸਮਝੌਤਿਆਂ 'ਤੇ ਹਸਤਾਖਰ ਕੀਤੇ ਹਨ।

ਮਾਲੀਆ ਵਾਧਾ ਅਤੇ ਬਕਾਇਆ ਕਰਜ਼ਾ

ਸਪੀਕਰ ਸਾਹਿਬ

171. ਸਾਡੀ ਸਰਕਾਰ ਦਾ ਇਮਾਨਦਾਰ ਇਰਾਦਾ ਮੌਜੂਦਾ ਸਾਲ ਵਿੱਚ ਰਾਜ ਦੇ ਆਪਣੇ ਕਰ ਅਤੇ ਗੈਰ-ਕਰ ਮਾਲੀਆ ਪ੍ਰਾਪਤੀਆਂ ਵਿੱਚ ਹੋਏ ਵਾਧੇ ਤੋਂ ਸਪੱਸ਼ਟ ਹੁੰਦਾ ਹੈ। ਪਿਛਲੇ ਵਿੱਤੀ ਸਾਲ 2021-22 ਦੇ ਮੁਕਾਬਲੇ ਸਾਲ 2022-23 (ਸੋਧੇ ਅਨੁਮਾਨ) ਵਿਚ, ਰਾਜ ਦੇ ਆਪਣੇ ਕਰ ਅਤੇ ਗੈਰ-ਕਰ ਮਾਲੀਏ ਵਿੱਚ ਜਿਵੇਂ ਕਿ ਰਾਜ ਜੀ.ਐਸ.ਟੀ. 23%, ਰਾਜ ਆਬਕਾਰੀ 45%; ਸਟੈਂਪ ਅਤੇ ਰਜਿਸਟ੍ਰੇਸ਼ਨ 19%, ਵਾਹਨਾਂ 'ਤੇ ਕਰ 12% ਅਤੇ ਗੈਰ-ਕਰ ਮਾਲੀਆ ਵਿਚ 26% ਦਾ ਸ਼ਾਨਦਾਰ ਵਾਧਾ ਹੋਵੇਗਾ।

172. ਵਿੱਤੀ ਸਾਲ 2023-24 ਵਿੱਚ ਰਾਜ ਦੀਆਂ ਕੁੱਲ ਮਾਲੀਆ ਪ੍ਰਾਪਤੀਆਂ 98,852 ਕਰੋੜ ਰੁਪਏ ਹੋਣ ਦਾ ਅਨੁਮਾਨ ਹੈ, ਜਿਸ ਵਿੱਚੋਂ ਆਪਣਾ ਕਰ ਮਾਲੀਆ 51,835 ਕਰੋੜ ਰੁਪਏ ਅਤੇ ਗੈਰ-ਕਰ ਮਾਲੀਆ 7,824 ਕਰੋੜ ਰੁਪਏ ਹੈ। ਇਸ ਤੋਂ ਇਲਾਵਾ, ਵਿੱਤੀ ਸਾਲ 2023-24 ਵਿੱਚ ਕੇਂਦਰੀ ਕਰਾਂ ਦਾ ਹਿੱਸਾ 18,458 ਕਰੋੜ ਰੁਪਏ ਅਤੇ ਕੇਂਦਰ ਤੋਂ 20,735 ਕਰੋੜ ਰੁਪਏ ਦੀ ਗ੍ਰਾਂਟ-ਇਨ-ਏਡ ਦਾ ਅਨੁਮਾਨ ਹੈ।

173. ਵਿੱਤੀ ਲੈਣ-ਦੇਣ ਨੂੰ ਫੌਰਮਾਲਾਈਜ਼ ਕਰਨ ਲਈ, ਗ੍ਰਾਹਕਾਂ ਨੂੰ ਜਾਣੂ ਕਰਵਾਉਣ ਅਤੇ ਜੀਟੈੱਸਟੀ ਮਾਲੀਆ ਇਕੱਠਾ ਕਰਨ ਲਈ, ਮੈਂ ਵਿੱਤੀ ਸਾਲ 2023-24 ਵਿੱਚ "ਬਿਲ ਲਿਆਓ ਇਨਾਮ ਪਾਓ" ਸਕੀਮ ਸ਼ੁਰੂ ਕਰਨ ਦੀ ਤਜਵੀਜ਼ ਰੱਖਦਾ ਹਾਂ। ਇਸ ਸਕੀਮ ਅਧੀਨ ਜੋ ਲੋਕ/ ਗ੍ਰਾਹਕ ਕਰ ਵਿਭਾਗ ਕੋਲ ਆਪਣੇ ਬਿੱਲ ਜਮ੍ਹਾਂ ਕਰਾਉਣਗੇ, ਉਨ੍ਹਾਂ ਵਿੱਚੋਂ ਮਹੀਨਾਵਾਰ ਡਰਾਅ ਕੱਢੇ ਕੇ ਇਨਾਮ ਦਿੱਤੇ ਜਾਣਗੇ।

174. ਸਾਡੀ ਸਰਕਾਰ ਨੇ ਵਿੱਤੀ ਸਾਲ 2022-23 ਦੌਰਾਨ ਪਿਛਲੀਆਂ ਸਰਕਾਰਾਂ ਦੁਆਰਾ ਲਏ ਗਏ ਕਰਜ਼ੇ 'ਤੇ ਮੂਲਧਨ 15,946 ਕਰੋੜ ਰੁਪਏ ਅਤੇ ਵਿਆਜ 20,100 ਕਰੋੜ ਰੁਪਏ ਵਾਪਸ ਕੀਤੇ। ਆਉਣ ਵਾਲੇ ਵਿੱਤੀ ਸਾਲ 2023-24 ਦੌਰਾਨ ਵੀ ਸਾਡੀ ਸਰਕਾਰ ਨੂੰ 16,626 ਕਰੋੜ ਰੁਪਏ ਮੂਲਧਨ ਅਤੇ 22,000

ਕਰੋੜ ਰੁਪਏ ਵਿਆਜ ਵਜੋਂ ਵੱਡੀ ਰਕਮ ਦਾ ਭੁਗਤਾਨ ਕਰਨਾ ਪਵੇਗਾ। ਵਿੱਤੀ ਸਾਲ 2023-24 ਲਈ ਜੀ.ਐਸ.ਡੀ.ਪੀ. ਲਈ ਪ੍ਰਭਾਵੀ ਬਕਾਇਆ ਕਰਜ਼ਾ 46.81% ਹੋਣ ਦਾ ਅਨੁਮਾਨ ਹੈ।

## ਸਿੱਟਾ

ਮਾਣਯੋਗ ਸਪੀਕਰ ਸਾਹਿਬ,

175. ਸਹੀ ਨੀਅਤ, ਨੇਕ ਸੋਚ ਅਤੇ ਜਨਤਕ ਜੀਵਨ ਵਿੱਚ ਸਾਫ਼-ਸੁਥਰਾ ਅਕਸ ਕਾਇਮ ਰੱਖਣ ਦਾ ਹੌਂਸਲਾ ਰਾਜਨੀਤੀ ਅਤੇ ਦੇਸ਼ ਨੂੰ ਬਦਲਣ ਦੀ ਤਾਕਤ ਰੱਖਦਾ ਹੈ। ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਇਹ ਗੁਣ ਅਤੇ ਉਤਸ਼ਾਹ, ਸਾਡੇ ਰਾਸ਼ਟਰੀ ਕਨਵੀਨਰ ਅਤੇ ਦਿੱਲੀ ਦੇ ਮਾਣਯੋਗ ਮੁੱਖ ਮੰਤਰੀ ਜੀ ਤੋਂ ਮਿਲਦੇ ਹਨ। ਮੈਂ ਆਪਣੀ ਪਾਰਟੀ ਦੇ ਸਮੂਹ ਮੈਂਬਰਾਂ ਦੀ ਤਰਫੋਂ ਪੰਜ ਦਰਿਆਵਾਂ ਦੀ ਇਸ ਮਹਾਨ ਧਰਤੀ ਦੀ ਗੁਆਚੀ ਸ਼ਾਨ ਨੂੰ ਵਾਪਸ ਲਿਆਉਣ ਲਈ ਪੂਰੇ ਸਮਰਪਣ ਅਤੇ ਇਮਾਨਦਾਰੀ ਨਾਲ ਖਿਦਮਤ ਕਰਨ ਦਾ ਵਾਅਦਾ ਕਰਦਾ ਹਾਂ।

176. ਮੈਂ, ਸਾਡੀ ਉਮੀਦ ਦੀ ਕਿਰਨ ਸਰਦਾਰ ਭਗਵੰਤ ਸਿੰਘ ਮਾਨ ਜੀ ਨੂੰ ਬੇਮਿਸਾਲ ਰਹਿਨੁਮਾਈ ਪ੍ਰਦਾਨ ਕਰਨ ਲਈ ਉਨ੍ਹਾਂ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ। ਪੰਜਾਬ ਦੀ ਪੁਨਰ-ਸੁਰਜੀਤੀ ਲਈ ਉਨ੍ਹਾਂ ਦਾ ਜਨੂੰਨ ਸਾਨੂੰ ਪ੍ਰੇਰਿਤ ਕਰਦਾ ਹੈ ਅਤੇ ਜਨਤਕ ਹਿੱਤਾਂ ਲਈ ਸਰਵੋਤਮ ਫੈਸਲੇ ਲੈਣ ਲਈ ਸਾਡਾ ਮਾਰਗ ਦਰਸ਼ਨ ਕਰਦਾ ਹੈ।

177. ਅੰਤ ਵਿੱਚ, ਮੈਂ ਵਿੱਤ ਵਿਭਾਗ ਅਤੇ ਯੋਜਨਾ ਵਿਭਾਗ ਦੇ ਅਧਿਕਾਰੀਆਂ ਅਤੇ ਮਿਹਨਤੀ ਸਟਾਫ ਦੀ ਟੀਮ ਦੀ ਸ਼ਲਾਘਾ ਕਰਨ ਲਈ ਪ੍ਰੇਰਿਤ ਹਾਂ, ਜਿਨ੍ਹਾਂ ਨੇ ਇਸ ਜਟਿਲ ਕਾਰਜ ਨੂੰ ਪੂਰਾ ਕਰਨ ਲਈ ਸੰਜ਼ੀਦਗੀ ਨਾਲ ਦਿਨ-ਰਾਤ ਕੰਮ ਕੀਤਾ।

178. ਇਨ੍ਹਾਂ ਸ਼ਬਦਾਂ ਨਾਲ, ਮੈਂ ਇਸ ਅਜ਼ੀਮ ਸਦਨ ਦੇ ਸਨਮੁਖ ਵਿੱਤੀ ਸਾਲ 2023-24 ਦੀਆਂ ਬਜਟ ਤਜਵੀਜ਼ਾਂ ਪ੍ਰਵਾਨਗੀ ਲਈ ਪੇਸ਼ ਕਰਦਾ ਹਾਂ ਜੀ।

ਜੈ ਹਿੰਦ

**ਮਾਨਯੋਗ ਸਪੀਕਰ:** ਵਿੱਤ ਮੰਤਰੀ ਸਾਹਿਬ ਦਾ ਬਹੁਤ ਬਹੁਤ ਧੰਨਵਾਦ। ਕੱਲ੍ਹ ਬਜਟ ਦੇ ਭਾਸ਼ਣ ਤੇ ਬਹਿਸ ਹੋਵੇਗੀ। ਉਸ ਲਈ ਅੰਦਾਜ਼ਨ 7 ਘੰਟੇ ਦਾ ਸਮਾਂ ਰੱਖਿਆ ਗਿਆ ਹੈ। ਪਾਰਟੀ ਵਾਈਜ਼ ਸਮੇਂ ਦੀ ਵੰਡ ਕੀਤੀ ਗਈ ਹੈ। ਆਮ ਆਦਮੀ ਪਾਰਟੀ ਦੇ 92 ਮੈਂਬਰ ਹਨ ਅਤੇ ਉਨ੍ਹਾਂ ਦਾ ਸਮਾਂ 5 ਘੰਟੇ 30 ਮਿੰਟ ਹੋਵੇਗਾ। ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ 18 ਮੈਂਬਰ ਹਨ ਉਨ੍ਹਾਂ ਦਾ 01 ਘੰਟਾ 05 ਮਿੰਟ ਦਾ ਸਮਾਂ ਹੋਵੇਗਾ। ਸ਼੍ਰੋਮਣੀ ਅਕਾਲੀ ਦਲ ਦੇ ਤਿੰਨ ਮੈਂਬਰ ਹਨ ਅਤੇ ਉਨ੍ਹਾਂ ਲਈ 11 ਮਿੰਟ ਦਾ ਸਮਾਂ ਹੋਵੇਗਾ। ਭਾਰਤੀ ਜਨਤਾ ਪਾਰਟੀ ਦੇ ਦੋ ਮੈਂਬਰ ਹਨ ਉਨ੍ਹਾਂ ਨੂੰ 07 ਮਿੰਟ ਦਾ ਸਮਾਂ ਦਿੱਤਾ ਜਾਵੇਗਾ। ਬਹੁਜਨ ਸਮਾਜ ਪਾਰਟੀ ਦਾ ਇੱਕ ਮੈਂਬਰ ਹੈ ਅਤੇ ਉਨ੍ਹਾਂ ਨੂੰ ਸਾਢੇ ਤਿੰਨ ਮਿੰਟ ਦਾ ਸਮਾਂ ਦਿੱਤਾ ਜਾਵੇਗਾ। ਆਜ਼ਾਦ ਪਾਰਟੀ ਦਾ ਇੱਕ ਮੈਂਬਰ ਹੈ ਅਤੇ ਉਸ ਨੂੰ ਸਾਢੇ ਤਿੰਨ ਮਿੰਟ ਦਾ ਸਮਾਂ ਦਿੱਤਾ ਜਾਵੇਗਾ। ਮੈਂ ਕੱਲ੍ਹ ਤਵੱਕੋ ਕਰਦਾ ਹਾਂ ਕਿ ਸਾਡੇ ਜਿਹੜੇ ਸਾਥੀ ਸਨ ਜਿਹੜੇ ਇੱਥੋ ਚਲੇ ਗਏ ਅਤੇ ਜਿਹੜੇ ਸਾਥੀ ਇੱਥੇ ਬੈਠੇ ਹਨ ਉਹ ਕੱਲ੍ਹ ਪੂਰੀ ਤਿਆਰੀ ਕਰਕੇ ਆਓ। ਤੁਹਾਡੀ ਮਦਦ ਦੇ ਲਈ ਇੱਥੇ ਇੱਕ ਟ੍ਰੇਨਿੰਗ ਸੈਸ਼ਨ ਵੀ ਰੱਖਿਆ ਗਿਆ ਹੈ। ਉਹ ਵੀ ਅਟੈਂਡ ਕਰੋ। ਮੈਂ ਲੀਡਰ ਆਫ ਦਿ ਹਾਊਸ ਨੂੰ ਦੱਸਣਾ ਚਾਹੁੰਦਾ ਹਾਂ, ਤੁਸੀਂ ਪਿਛਲੀ ਵਾਰੀ ਇੱਥੇ ਨਹੀਂ ਸੀ। ਸਾਡਾ ਇੱਕ ਸਾਥੀ ਸਾਨੂੰ ਕਿਹਾ ਕਰਦਾ ਸੀ ਕਿ ਅੰਦਰ ਕੀ ਫਾਇਦਾ ਹੈ। ਬਾਹਰ ਖਬਰਾਂ ਲੱਗਦੀਆਂ ਹਨ। ਖਬਰਾਂ ਦਾ ਕੋਈ ਫਾਇਦਾ ਨਹੀਂ। ਇੱਥੇ ਬੈਠ ਕੇ ਡਿਸਕਸ਼ਨ ਕਰਨ ਦਾ ਫਾਇਦਾ ਜ਼ਿਆਦਾ ਹੈ।

**ਮੁੱਖ ਮੰਤਰੀ:** ਸਪੀਕਰ ਸਾਹਿਬ, ਮੈਂ ਚਾਹਾਂਗਾ ਕਿ ਤੁਸੀਂ ਹਾਊਸ ਦੇ ਕਸਟੋਡੀਅਨ ਹੋ। ਤੁਸੀਂ ਸਮੇਂ ਦੀ ਬਹੁਤ ਵਧੀਆ ਤਰੀਕੇ ਨਾਲ ਵੰਡ ਕੀਤੀ ਹੈ ਪਰ ਮੈਂ ਚਾਹਾਂਗਾ ਕਿ ਤੁਸੀਂ ਇੱਕ ਐਪਰੀਸੀਏਸ਼ਨ ਕਰ ਦੇਵੋ ਕਿ ਜਿਨ੍ਹਾਂ ਜਿਨ੍ਹਾਂ ਪਾਰਟੀਆਂ ਦੇ ਮੈਂਬਰਾਂ ਨੇ ਰੈਗੂਲਰਲੀ ਹਾਊਸ ਨੂੰ ਅਟੈਂਡ ਕੀਤਾ ਹੈ ਉਨ੍ਹਾਂ ਦੇ ਸਮੇਂ ਵਿੱਚ ਵਾਧਾ ਕਰ ਦੇਵੋ। ਜਿਹੜੇ ਵਾਰ ਵਾਰ ਡਿਸਟਰਬ ਕਰਦੇ ਹਨ, ਉਹ ਤਾਂ ਪਤਾ ਨਹੀਂ ਆਉਣਗੇ ਜਾਂ ਨਹੀਂ ਪਰ ਜਿਹੜੇ ਇੱਥੇ ਬੈਠੇ ਰਹੇ ਹਨ (ਸ਼੍ਰੋਮਣੀ ਅਕਾਲੀ ਦਲ ਦੇ ਹਾਜ਼ਰ ਮੈਂਬਰ, ਬਹੁਜਨ ਸਮਾਜ ਪਾਰਟੀ ਦੇ ਮੈਂਬਰ, ਭਾਰਤੀ ਜਨਤਾ ਪਾਰਟੀ ਦੇ ਹਾਜ਼ਰ ਦੋਵੇਂ ਮੈਂਬਰ ਵੱਲ ਇਸ਼ਾਰਾ ਕਰਦੇ ਹੋਏ) ਭਾਵੇਂ ਉਹ ਜਿਹੜੀ ਮਰਜ਼ੀ ਪਾਰਟੀ ਦੇ ਹਨ, ਉਨ੍ਹਾਂ ਦੇ ਸਮੇਂ ਵਿੱਚ ਵਾਧਾ ਕਰ ਦਿੱਤਾ ਜਾਵੇ। (ਥੰਪਿੰਗ) ਉਨ੍ਹਾਂ ਨੂੰ ਖੁੱਲ੍ਹ ਕੇ ਬੋਲਣ ਦਾ ਮੌਕਾ ਮਿਲੇ। ਉਨ੍ਹਾਂ ਨੇ ਸਬਰ ਤੇ ਸੰਤੋਖ ਦਿਖਾਇਆ ਹੈ। ਸਬਰ ਦਾ ਫਲ ਮਿੱਠਾ ਹੋਣਾ ਚਾਹੀਦਾ ਹੈ।

**ਮਾਨਯੋਗ ਸਪੀਕਰ:** ਚੇਅਰ ਇਸ ਗੱਲ ਤੇ ਵਿਚਾਰ ਕਰੇਗੀ। ਸੁੱਖੀ ਜੀ ਕੁਝ ਕਹਿਣਾ ਚਾਹੁੰਦੇ ਹਨ।

**ਡਾਕਟਰ ਸੁਖਵਿੰਦਰ ਕੁਮਾਰ ਸੁੱਖੀ (ਬੰਗਾ, ਐਸ.ਸੀ.):** ਮੈਂ ਸੀ.ਐਮ. ਸਾਹਿਬ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਕਿਹਾ ਕਿ ਅਸੀਂ ਤੁਹਾਨੂੰ ਐਕਸਟਰਾ ਟਾਈਮ ਦੇਵਾਂਗੇ ਕਿਉਂਕਿ ਜੇਕਰ ਇੱਥੇ ਬੋਲਣ ਦਾ ਮੌਕਾ

ਮਿਲੇਗਾ ਤਾਂ ਹੀ ਪੰਜਾਬ ਦੇ ਲੋਕਾਂ ਦੀ ਗੱਲ ਇੱਥੇ ਰੱਖ ਸਕਾਂਗੇ। ਜਦੋਂ ਵੀ ਐਫ.ਐਮ. ਸਾਹਿਬ ਆਪਣਾ ਬਜਟ ਪੜ੍ਹ ਰਹੇ ਸੀ ਇਸ ਵਿੱਚ ਪੁਆਇੰਟ ਆਫ ਆਰਡਰ ਤਾਂ ਬਣਦਾ ਸੀ। ਉਹ ਤੁਹਾਨੂੰ ਦੇ ਦੇਣਾ ਚਾਹੀਦਾ ਸੀ। ਧੰਨਵਾਦ ਜੀ।

**ਮਾਨਯੋਗ ਸਪੀਕਰ:** ਤੁਹਾਡੀ ਗੱਲ ਬਿਲਕੁਲ ਠੀਕ ਹੈ। ਪੁਆਇੰਟ ਆਫ ਆਰਡਰ ਤੁਹਾਨੂੰ ਵੀ ਦੇਣਾ ਪੈਣਾ ਸੀ। ਫਿਰ ਕਿਸੇ ਹੋਰ ਮੈਂਬਰ ਨੂੰ ਵੀ ਪੁਆਇੰਟ ਆਫ ਆਰਡਰ ਦੇਣਾ ਪੈਣਾ ਸੀ। ਫਿਰ ਬਜਟ ਪੂਰਾ ਨਹੀਂ ਹੋਣਾ ਸੀ। ਡਾਕਟਰ ਸਾਹਿਬ, ਇਸੇ ਲਈ ਹੀ ਡਿਸਕਸ਼ਨ ਰੱਖੀ ਜਾਂਦੀ ਹੈ ਕਿ ਤੁਸੀਂ ਆਪਣੇ ਸਾਰੇ ਪੁਆਇੰਟ ਇਕੱਠੇ ਕਰਕੇ ਹਾਊਸ ਵਿੱਚ ਪੇਸ਼ ਕਰੋ। ਜਿਹੜੇ ਮਾਨਯੋਗ ਮੈਂਬਰ ਨੇ ਪੁਆਇੰਟ ਆਫ ਆਰਡਰ ਮੰਗਿਆ ਸੀ, ਮੈਂ ਉਨ੍ਹਾਂ ਨੂੰ ਕਹਿ ਦਿੱਤਾ ਸੀ ਕਿ ਡਿਸਕਸ਼ਨ ਵਿੱਚ ਤੁਹਾਡੇ ਪੰਜ ਮਿੰਟ ਇਸ ਪੁਆਇੰਟ ਆਫ ਆਰਡਰ ਤੇ ਤੁਹਾਡੇ ਬਾਕੀ ਟਾਈਮ ਨਾਲੋਂ ਵੱਖਰੇ ਦਿੱਤੇ ਜਾਣਗੇ।

ਹੁਣ ਸਦਨ ਮਿਤੀ 11 ਮਾਰਚ, 2023 ਨੂੰ 10.00 ਵਜੇ ਸਵੇਰ ਤੱਕ ਸਥੱਗਿਤ ਹੁੰਦਾ ਹੈ।

**(*01.30 ਵਜੇ ਬਾਅਦ ਦੁਪਹਿਰ)** **(*ਇਸ ਉਪਰੰਤ ਸਦਨ ਸ਼ਨਿੱਚਰਵਾਰ, ਮਿਤੀ 11 ਮਾਰਚ, 2023 ਦੇ 10.00 ਵਜੇ ਪੂਰਵ ਦੁਪਹਿਰ ਤੱਕ ਸਥਗਿਤ ਹੋ ਗਿਆ।)**